Voice of Social Concerns

Pro-People Arts Project Media Group


# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-3, ਮਾਰਚ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300



ਪ੍ਰੋ. ਰਣਧੀਰ ਸਿੰਘ ਦੀ ਸਮੁੱਚੀ ਵਿਦਵਤਾ ਦੇ ਅੰਗ ਸੰਗ ਦੁਨੀਆਂ ਦੇ ਚੋਟੀ ਦੇ ਵਿਦਵਾਨ ਇਕ ਨਿੱਖੜਵਾਂ ਹਿੱਸਾ ਰਹੇ ਹਨ। ਜਿਹਨਾਂ ਵਿਚ ਮੰਥਲੀ ਰਿਵਿਊ ਦੇ ਸੰਪਾਦਕ ਪਾਲਮ ਸਵੀਜੀ ਅਤੇ ਹੈਰੀ ਮੈਕਡਾਫ ਕਿਸੇ ਤਰ੍ਹਾਂ ਪ੍ਰਸਿੱਧ ਵਿਦਵਾਨ ਵਿਕਟਰ ਕੈਰੀਨਨ, ਬਾਲਟਲ ਔਲੀਮਨ, ਇਸ਼ਤਵਾਨ ਮਿਸਾਰੋਜ, ਇਲਨ ਮਿਕਸਨ ਵੂਡ, ਇਰਕ ਹਾਵਸਵੋਮ, ਡੇਵਿਡ ਹਾਰਵੇ ਅਤੇ ਕ੍ਰਿਸ ਹਰਮਨ ਵਿਚਾਰਾਂ ਅਤੇ ਪੱਤਰ ਵਿਹਾਰ ਰਾਹੀਂ ਉਹਨਾਂ ਦਾ ਅਟੁੱਟ ਅੰਗ ਰਹੇ ਹਨ। ਪਰੰਤੂ ਇਥੇ ਉਹਨਾਂ ਦੀ ਸ਼ਖਸੀਅਤ ਦੇ ਕੁਝ ਪੱਖਾਂ ਨੂੰ ਉਭਾਰਦੇ ਹੋਏ ਉਹਨਾਂ ਦੇ ਵਿਦਿਆਰਥੀ ਜੀਵਨ ਦੇ ਅਧਿਆਪਕਾਂ ਦੇ ਉਹਨਾਂ ਪ੍ਰਤੀ ਵਿਚਾਰਾਂ ਨੂੰ ਉਹਨਾਂ ਦੇ ਮੂਲ ਪੱਤਰਾਂ ਵਿਚੋਂ ਇਕ ਸ਼ਰਧਾਂਜਲੀ ਵਜੋਂ ਪੇਸ਼ ਕਰ ਰਹੇ ਹਨ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਇਸ ਸ਼ਖਸੀਅਤ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

– ਸੰਪਾਦਕ



ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਵਾਲੇ ਇਨਸਾਨ ਦੁਨੀਆ ਨੂੰ ਇਕ ਨਵੀਂ ਕਿਸਮ ਦੀ ਰੌਸ਼ਨੀ ਪ੍ਰਦਾਨ ਕਰਦੇ ਹਨ। ਮੈਂ ਜਿਸ ਵੀ ਸਮੇਂ ਜਿਸ ਵੀ ਥਾਂ ਜਿਸ ਵੀ ਵਿਚਾਰ ਵਿਚ ਹੋਵਾਂ। ਮੈਂ ਆਪਣੀ ਵਿਲੱਖਣਤਾ ਦਾ ਅਹਿਸਾਸ ਕਰਵਾ ਦਿੰਦਾ ਹਾਂ। ਹਾਲਾਂਕਿ ਬਹੁਤ ਵਾਰੀ ਮੈਨੂੰ ਸਮੇਂ ਦੇ ਹੁਕਮਰਾਨ ਆਪਣੀਆਂ ਲਾਲਸਾਵਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ ਪਰ ਮੇਰੀ ਵਿਚਾਰਧਾਰਾ ਵਿਚ ਅਜਿਹੇ ਗੁਣ ਸਮੋਏ ਹੋਏ ਹਨ ਜਿਹੜੇ ਹਮੇਸ਼ਾ ਇਕ ਬਦਲਦੀ ਤਲਾਸ਼ ਵਿਚ ਰਹਿੰਦੇ ਹਨ। ਜਿਨ੍ਹਾਂ ਵਿਚ ਇਕ ਅਜਿਹੇ ਸਮਾਜ ਦਾ ਸੁਪਨਾ ਸਮੋਇਆ ਹੁੰਦਾ ਹੈ ਜਿਸ ਦੇ ਸਿਰ 'ਤੇ ਧਰਤੀ ਨੇ ਕਈ ਖਿੱਤਿਆਂ ਵਿਚ ਮਨੁੱਖ ਕੇਂਦਰਤ ਸਵਰਗ ਉਸਾਰੇ ਗਏ। ਸਾਂਝੀਵਾਲਤਾ ਵਾਲੇ ਸਮਾਜਾਂ ਦੀ ਸਿਰਜਣਾ ਕੀਤੀ ਗਈ ਅਤੇ ਕਿਰਤ ਕਰਨ ਵਾਲੇ ਲੋਕਾਂ ਨੂੰ ਆਪਣੀ ਕਿਰਤ ਦਾ ਮਾਲਕ ਬਣਾਉਣ ਵਿਚ ਯੋਗਦਾਨ ਪਾਇਆ। ਕਈ ਵਾਰੀ ਮੈਨੂੰ ਜਾਪਦਾ ਹੈ ਕਿ ਮੈਂ ਜਿਸ ਖਿੱਤੇ ਵਿਚ ਪੈਦਾ ਹੋਇਆ ਜਿਸ ਜ਼ਮੀਨ ਦਾ ਮੈਂ ਵਾਰਿਸ ਹਾਂ ਉਸ ਜ਼ਮੀਨ 'ਤੇ ਅਜੇ ਉਹ ਵੱਡੇ ਤੇ ਮੁੱਲਵਾਨ ਸ਼ਾਨਦਾਰ ਬੂਟੇ ਸਥਾਪਤ ਨਹੀਂ ਹੋਏ, ਜਿਨ੍ਹਾਂ ਨੇ ਲੋਕਾਂ ਨੂੰ ਆਪਣੀ ਛਾਂ ਹੇਠਾਂ ਇਕੱਤਰਤ ਕਰਨਾ ਸੀ ਅਤੇ ਇਕ ਅਜਿਹੀ ਛਾਂ ਜਿਥੇ ਕਦੀ ਵੀ ਸੋਕੇ ਦੀ ਗੱਲ ਨਾ ਹੁੰਦੀ। ਖੁਸ਼ੀਆਂ ਅਤੇ ਜੀਵਨ ਦੀਆਂ ਸਿਫਤੀ ਤਬਦੀਲੀਆਂ ਦੀ ਗੱਲ ਹੁੰਦੀ। ਮੈਂ ਫਿਰ ਵੀ ਉਸ ਦਿਸ਼ਾ ਵਿਚ ਚਲਣ ਵਾਲੇ ਹਰ ਕਦਮ ਨੂੰ ਆਪਣਾ ਕਦਮ ਸਮਝਦਾ ਹਾਂ। ਹਰ ਉਹ ਦਿਸ਼ਾ ਜੋ ਮੇਰੇ ਸੁਪਨੇ ਨੂੰ ਸਾਕਾਰ ਕਰਨ ਵਿਚ ਲੱਗੀ ਹੋਈ ਹੈ ਕਿ ਸਾਡੀ ਜੰਗ ਉਸ ਸਮੇਂ ਤੱਕ ਜਾਰੀ ਰਹੇਗੀ ਜਦ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ।

**- ਹਰਬੰਸ ਸਿੰਘ**



5

ਬੌਧਿਕ ਅਤੇ ਸਮਾਜਿਕ ਸਰੋਕਾਰਾਂ ਦੀ ਤਬਦੀਲੀ ਦੇ ਵਾਹਕ ਸਨ ਪ੍ਰੋ. ਰਣਧੀਰ ਸਿੰਘ



18

ਡਾਕਟਰੀ ਦਾ ਪਵਿੱਤਰ ਪੇਸ਼ਾ ਤੇ ਡਰ ਦਾ ਧੰਦਾ



25

ਸੰਘ ਪਰਿਵਾਰ ਵਿਰੁੱਧ ਲੰਮੇ ਦਾਈਏ ਵਾਲੀ ਲੜਾਈ ਛਿੜ ਗਈ



31

ਦਲਿਤਾਂ ਨਾਲ ਧੱਕੇਸ਼ਾਹੀ ਕਦੋਂ ਬੰਦ ਹੋਵੇਗੀ ?

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca




Ravinder Singh Basra
416.845.6232

ਪ੍ਰੋ. ਰਣਧੀਰ ਸਿੰਘ ਨਾਲ ਇਕ ਮੁਲਾਕਾਤ

# ਹਰ ਸਦੀ ਹੋਵੇਗੀ, ਸੰਘਰਸ਼ ਦੀ ਸਦੀ : ਪ੍ਰੋ. ਰਣਧੀਰ ਸਿੰਘ

[ਪ੍ਰਸਿੱਧ ਮਾਰਕਸੀ ਵਿਦਵਾਨ, ਅਧਿਆਪਕ, ਮਾਰਕਸਵਾਦ ਦੇ ਵਿਆਖਿਆਕਾਰ ਪ੍ਰੋ. ਰਣਧੀਰ ਸਿੰਘ [1922–2016] ਆਪਣਾ ਸਫ਼ਰ ਪੂਰਾ ਕਰ ਗਏ। ਜਵਾਨੀ 'ਚ ਕਮਿਊਨਿਜ਼ਮ ਦੇ ਸੁਪਨੇ ਨੂੰ ਦਿਲੋਂ ਦਿਮਾਗ 'ਚ ਸੰਜੋਨ ਵਾਲੇ ਕਾਮਰੇਡ ਰਣਧੀਰ ਸਿੰਘ ਨੇ ਸਾਂਝੀ ਪਾਰਟੀ 'ਚ ਕੁਲਵਕਤੀ ਜ਼ਿੰਮੇਵਾਰੀਆਂ ਵੀ ਨਿਭਾਈਆਂ, ਅਧਿਆਪਨ ਦੀ ਜ਼ਿੰਮੇਵਾਰੀ ਵੀ ਨਿਭਾਈ–ਪਰ ਸਭ ਤੋਂ ਅਹਿਮ ਕੰਮ ਉਨ੍ਹਾਂ ਦਾ ਮਾਰਕਸਵਾਦੀ ਸਿਧਾਂਤ ਦੀ ਵਿਆਖਿਆ ਅਤੇ ਰਾਖੀ ਕਰਨ ਦਾ ਰਿਹਾ। ਉਹ ਵੀ ਉਸ ਦੌਰ ਵਿਚ ਜਦੋਂ ਮਾਰਕਸਵਾਦ ਉਤੇ ਚੁਫੇਰਿਓਂ ਬਰਜੂਆ ਟੁਕੜਬੋਚ ਸਿਧਾਂਤਕਾਰਾਂ ਵਲੋਂ ਹਮਲੇ ਹੋ ਰਹੇ ਸਨ ਅਤੇ ਅੰਦਰੋਂ ਸਿਧਾਂਤਕ ਕਮਜ਼ੋਰੀਆਂ ਦਾ ਘੁਣ ਵੀ ਪਣਪ ਰਿਹਾ ਸੀ। ਪ੍ਰੋ. ਕਾਮਰੇਡ ਵਿਰਾਸਤ ਨੇ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ 'ਇਤਿਹਾਸ ਦਾ ਅੰਤ' ਕਹਿਣ ਵਾਲਿਆਂ ਦੇ ਮੂੰਹ ਉਤੇ ਸਿਧਾਂਤਕ ਥੱਪੜ ਮਾਰਦਿਆਂ ਕਿਹਾ ਕਿ, 'ਇਤਿਹਾਸ ਦਾ ਅੰਤ ਕਦੇ ਨਹੀਂ ਹੁੰਦਾ ਇਹ ਹਮੇਸ਼ਾ ਗਤੀ 'ਚ ਰਹਿੰਦੀ ਹੈ। ਵਰਗ ਸੰਘਰਸ਼ ਨਾ ਕਦੇ ਰੁਕਿਆ ਹੈ ਨਾ ਰੁਕੇਗਾ ਇਹ ਧੀਮਾ ਪੈ ਸਕਦਾ ਹੈ ਪਰ ਫੇਰ ਦ੍ਰਿੜ੍ਹਤਾ, ਬੇਬਕਤਾ ਨਾਲ ਅੱਗੇ ਵਧੇਗਾ। ਪੂੰਜੀਵਾਦ ਦੀ ਮੌਤ ਅਟੱਲ ਹੈ ਅਤੇ ਉਹ ਵੀ ਮਜ਼ਦੂਰ ਜਮਾਤ ਹੱਥੋਂ। ਕਮਿਊਨਿਸਟ ਪਾਰਟੀਆਂ ਤੋਂ ਗਲਤੀਆਂ ਹੋ ਸਕਦੀਆਂ ਹਨ ਅਤੇ ਉਨ੍ਹਾਂ ਤੋਂ ਸਿੱਖ ਕੇ ਉਹ ਹੋਰ ਅਮੀਰ ਅਤੇ ਮਜ਼ਬੂਤ ਵੀ ਹੋਣਗੀਆਂ। ਇਸ ਲਈ ਬੁਨਿਆਦੀ ਕੁੰਜੀ ਹੈ ਸਿਧਾਂਤ ਉਤੇ ਪਹਿਰੇਦਾਰੀ ਬਣਾਈ ਰੱਖਣ ਦੀ। ਹਥਲੀ ਮੁਲਾਕਾਤ 2008 ਵਿਚ ਹਿੰਦੀ ਦੇ ਸਾਹਿਤਕਾਰ ਵੈਭਵ ਸਿੰਘ ਨੇ ਕੀਤੀ ਸੀ ਜਿਸ ਨੂੰ ਪ੍ਰੋ. ਰਣਧੀਰ ਸਿੰਘ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਪੰਜਾਬੀ ਪਾਠਕਾਂ ਦੇ ਨਾਲ ਸਾਂਝੀ ਕਰ ਰਹੇ ਹਾਂ–ਅਨੁਵਾਦ ਪੇਸ਼ : ਨਰਭਿੰਦਰ]



ਨਰਭਿੰਦਰ
93544-30211

**ਵੈਭਵ : ਹੁਣੇ ਹੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਜਿਓਤੀ ਬਾਸੂ ਨੇ ਕਿਹਾ ਸੀ ਕਿ 'ਸਮਾਜਵਾਦ ਹੁਣ ਦੂਰ ਦਾ ਸੁਪਨਾ ਹੈ ਅਤੇ ਸਾਨੂੰ ਪੂੰਜੀਵਾਦ ਨੂੰ ਹੀ ਹਾਲ ਦੀ ਘੜੀ ਸਵੀਕਾਰ ਕਰਨਾ ਪਵੇਗਾ।' ਭਾਰਤ ਦੇ ਖੱਬੇ ਪੱਖੀ ਅੰਦੋਲਨ ਦੇ ਸੰਦਰਭ ਵਿਚ ਇਸ ਨਿਰਾਸ਼ਾਜਨਕ ਬਿਆਨ ਨੂੰ, ਸਾਨੂੰ ਕਿਸ ਰੂਪ ਵਿਚ ਲੈਣਾ ਚਾਹੀਦਾ ਹੈ ? ਜੇ ਅਸੀਂ ਪੂੰਜੀਵਾਦ ਨੂੰ ਹੀ ਸਵੀਕਾਰ ਕਰਨਾ ਹੈ, ਤਾਂ ਕਿਉਂ ਨਾ ਕਮਿਊਨਿਸਟ ਪਾਰਟੀਆਂ ਭੰਗ ਕਰ ਦੇਈਏ ਅਤੇ ਘਰ ਬਹਿ ਜਾਈਏ ?**

**ਰਣਧੀਰ ਸਿੰਘ :** ਮੇਰੀ ਇਹ ਧਾਰਨਾ ਹੈ ਕਿ ਲੋਕਾਈ ਜੇ ਖੱਬੇ ਪੱਖੀਆਂ ਨਾਲ ਹੈ ਤਾਂ ਇਸ ਤਰ੍ਹਾਂ ਦੇ ਬਿਆਨ ਕੋਈ ਵੀ ਦੇਵੇ, ਉਹ ਭਾਵੇਂ ਵੱਡੇ ਨੇਤਾ ਹੀ ਕਿਉਂ ਨਾ ਹੋਣ, ਤਾਂ ਵੀ ਖੱਬੇਪੱਖੀ ਅੰਦੋਲਨ ਨੂੰ ਕੋਈ ਖਾਸ ਨੁਕਸਾਨ ਨਹੀਂ ਹੋਵੇਗਾ। ਹਾਂ, ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਮਾਰਕਸਵਾਦੀ ਕਮਿਊਨਿਸਟ



ਪਾਰਟੀ ਜਿਸ ਤਰ੍ਹਾਂ ਦੀਆਂ ਨੀਤੀਆਂ ਅਪਣਾ ਰਹੀ ਹੈ ਉਸ ਨਾਲ ਉਸ ਵਿਚ ਦੁਫੇੜ ਅਤੇ ਟਕਰਾਅ ਆਉਣੀ ਸੁਭਾਵਿਕ ਹੈ। ਇਹ ਮਾਰਕਸਵਾਦੀ ਪਾਰਟੀ ਦੇ ਅੰਦਰ ਵਿਚਾਰਧਾਰਾ ਦੇ ਪੱਧਰ ਉਤੇ ਉਭਰਦੀ ਦਿਸ਼ਾਹੀਣਤਾ ਅਤੇ ਸੰਕਟ ਦਾ ਵੀ ਸੂਚਕ ਹੈ। ਇਹ ਨੂੰ ਵਿਚਾਰਧਾਰਾ ਦੀ ਮਜ਼ਬੂਤੀ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਹੋਰ ਕੋਈ ਰਾਹ ਹੀ ਨਹੀਂ ਹੈ। ਜੇ ਸਾਡੇ ਕੋਲ ਲੋਕਾਂ ਦੀਆਂ ਆਸਾਵਾਂ (ਇੱਛਾਵਾਂ) ਸਮਝਣ ਦੀ ਸਮਰੱਥਾ ਹੈ ਅਤੇ ਜੁਝਾਰੂ ਸੰਘਰਸ਼ ਵਿਚ ਜਾਣ ਦੀ ਤਿਆਰੀ ਹੈ ਤਾਂ ਇਸ ਹਾਲਤ ਵਿਚੋਂ ਨਿਕਲਿਆ ਜਾ ਸਕਦਾ ਹੈ ਜਿਸ ਨਾਲ ਰੋਜ਼–ਬ–ਰੋਜ਼ ਪੂੰਜੀਵਾਦ ਦੇ ਅੱਗੇ ਆਤਮ ਸਮਰਪਣ ਕਰਨ ਦੀਆਂ ਗੱਲਾਂ ਕਰਨ ਦੀ ਮਜ਼ਬੂਰੀ 'ਚੋਂ ਵੀ ਨਿਕਲਿਆ ਜਾ ਸਕਦਾ ਹੈ। ਜੋਤੀ ਬਾਸੂ ਦੇ ਬਿਆਨ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਦੇ ਪੱਧਰ ਉਤੇ ਇਹ ਹਾਲਤ,ਇਹ ਵੀ ਦਰਸਾਉਂਦੀ ਹੈ ਕਿ ਇਸ ਦੌਰ ਵਿਚ ਵਿਚਾਰਕ ਧਾਂਕ ਜਾਂ ਆਭਾ (ਸਰਕਾਰੀ) ਕਿੰਨੀ ਮਜ਼ਬੂਤ ਅਤੇ ਅਟੁੱਟ ਹੁੰਦੀ ਜਾ ਰਹੀ ਹੈ ਅਤੇ ਹਰ ਪਾਸਿਉਂ ਭਾਵੇਂ ਜਥੇਬੰਦਕ ਖੱਬੇ ਪੱਖੀ ਅੰਦੋਲਨ ਹੋਵੇ ਜਾਂ ਹੋਰ ਅੰਦੋਲਨ, ਉਨ੍ਹਾਂ ਨੂੰ ਲਗਾਤਾਰ ਹਰ ਪਾਸਿਉਂ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਬੁੱਧੀਜੀਵੀਆਂ ਦੀ ਜਮਾਤ ਹਮਲਿਆਂ ਦੇ ਮੋਰਚੇ ਉਤੇ ਸਭ ਤੋਂ ਅੱਗੇ ਤਾਇਨਾਤ ਹੈ। ਬੌਧਿਕ ਜਗਤ ਵਿਚ ਵੀ ਪੂੰਜੀਵਾਦ ਨੂੰ ਹਰ ਵਿਚਾਰਕ ਚੁਣੌਤੀ ਅਤੇ ਖਤਰੇ ਤੋਂ ਪੂਰੀ ਤਰ੍ਹਾਂ ਮੁਕਤ ਅਤੇ ਸਰਵਵਿਆਪਕ ਬਣਾਇਆ ਜਾ ਸਕਦਾ ਹੈ ਪਰ ਲੱਖ ਟਕਿਆਂ ਦਾ ਇਕੋ ਹੀ ਸਵਾਲ ਇਹ ਹੈ ਕਿ ਜੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਵਿਚ ਟਕਰਾਅ ਆਉਂਦਾ ਹੈ ਤਾਂ ਉਹਨੂੰ ਭਰੇਗਾ ਕੌਣ ? ਉਹ ਸਮਾਂ ਸੀ ਜਦੋਂ ਸਾਡਾ ਮੁਲੰਕਣ ਸੀ। ਜਿਵੇਂ ਜਿਵੇਂ ਦੇਸ਼ ਵਿਚ ਕਾਂਗਰਸ ਕਮਜ਼ੋਰ ਹੋਵੇਗੀ, ਖੱਬੇ ਪੱਖੀ ਤਾਕਤਾਂ ਨੂੰ ਉਹਦਾ ਫਾਇਦਾ ਮਿਲੇਗਾ ਅਤੇ ਖਾਲੀ ਜਗ੍ਹਾ ਨੂੰ ਉਹੋ ਹੀ ਭਰਨਗੇ। ਪਰ ਅਜਿਹਾ ਨਹੀਂ ਹੋ ਸਕਿਆ ਅਤੇ ਭਾਰਤੀ ਜਨਤਾ ਪਾਰਟੀ ਦੇ ਰੂਪ ਵਿਚ ਜ਼ਿਆਦਾ ਭੜਕਾਊ ਸੱਜੇ ਪੱਖੀ ਤਾਕਤਾਂ ਨੇ ਕਾਂਗਰਸ ਵਲੋਂ ਖਾਲੀ ਕੀਤੀ ਗਈ ਥਾਂ ਉਤੇ ਕਬਜ਼ਾ ਜਮ੍ਹਾਂ ਲਿਆ। ਇਸ ਲਈ ਅਸੀਂ ਜੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਆਲੋਚਨਾ ਕਰਨੀ ਚਾਹੁੰਦੇ ਹਾਂ ਤਾਂ ਉਹਦਾ 'ਕੰਕਰੀਟ' ਠੋਸ ਬਦਲ ਤਿਆਰ ਕਰਨ ਉਤੇ ਵੀ ਜ਼ਿਆਦਾ ਧਿਆਨ ਦੇਣਾ ਪਵੇਗਾ।

**ਵੈਭਵ : ਕੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਦਾ ਬਿਆਨ ਅਜਿਹੇ ਦੌਰ ਵਿਚ ਜ਼ਿਆਦਾ ਖ਼ਤਰਨਾਕ ਨਹੀਂ ਜਦੋਂ ਸੋਵੀਅਤ ਸੰਘ ਦੇ ਢਹਿ-ਢੇਰੀ ਹੋਣ ਤੋਂ ਪਿਛੋਂ ਖੱਬੇ ਅੰਦੋਲਨ ਦੁਨੀਆ ਭਰ ਵਿਚ ਆਏ ਝਟਕਿਆਂ ਤੋਂ ਪਿਛੋਂ ਮੁੜ ਸੰਭਲਣ ਲੱਗਾ ਹੈ ਅਤੇ ਪੂੰਜੀਵਾਦ ਦੀ ਵੱਧਦੀ ਮੁੱਲ ਹੀਣਤਾ ਅਤੇ ਨਿਰੰਕੁਸ਼ਤਾ ਦਾ ਸਾਹਮਣਾ ਕਰਨ ਦੇ ਲਈ ਲੋਕਾਂ ਦੇ ਮਨਾਂ ਵਿਚ ਸਮਾਜਵਾਦ ਦੀ ਖਿੱਚ ਤੇ ਸੁਪਨਾ ਫਿਰ ਪੈਦਾ ਹੋ ਰਿਹਾ ਹੈ ?**

**ਰਣਧੀਰ ਸਿੰਘ :** ਤੁਸੀਂ ਸੋਵੀਅਤ ਸੰਘ ਦੀ ਗੱਲ ਕੀਤੀ ਹੈ ਤਾਂ ਮੈਂ ਤੁਹਾਡੇ ਸਵਾਲ






**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Guelph,
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Brampton, Ontario)**
647-924-9087

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਦਾ ਜਵਾਬ ਦੇਣ ਤੋਂ ਪਹਿਲਾਂ ਥੋੜ੍ਹਾ ਇਤਿਹਾਸ ਵਿਚ ਜਾਣਾ ਚਾਹੁੰਦਾ ਹਾਂ। ਸੋਵੀਅਤ ਸੰਘ ਜਦੋਂ ਢਹਿ-ਢੇਰੀ ਹੋਇਆ ਤਾਂ ਇਸ ਇਤਿਹਾਸਕ ਤ੍ਰਾਸਦੀ ਨੂੰ ਲੋਕਾਂ ਨੇ ਦੋ ਤਰ੍ਹਾਂ ਨਾਲ ਲਿਆ। ਕੁਝ ਲੋਕਾਂ ਨੇ ਕਿਹਾ ਕਿ 'ਸਮਾਜਵਾਦ ਦਾ ਸਭ ਤੋਂ ਮਜ਼ਬੂਤ ਕਿਲ੍ਹਾ ਢਹਿ ਗਿਆ ਹੈ ਅਤੇ ਹੁਣ ਦੁਨੀਆ ਭਰ ਦੇ ਕਮਿਊਨਿਸਟ ਅੰਦੋਲਨ ਨੂੰ ਨਵੀਆਂ ਚੁਣੌਤੀਆਂ 'ਚੋਂ ਲੰਘਣਾ ਪਵੇਗਾ। ਪਰ ਕੁਝ ਅਜਿਹੇ ਵੀ ਸਨ ਜਿਨ੍ਹਾਂ ਦੀ ਧਾਰਨਾ ਸੀ ਕਿ ਸੋਵੀਅਤ ਸੰਘ ਵਿਚ ਸਮਾਜਵਾਦ ਸੀ ਹੀ ਨਹੀਂ। ਇਸ ਲਈ ਉਹਦਾ ਟੁਟਣਾ ਸਮਾਜਵਾਦ ਦੀ ਹਾਰ ਨਹੀਂ ਸਗੋਂ ਸਮਾਜਵਾਦ ਦੇ ਇਕ ਤਜਰਬੇ ਦੀ ਅਸਫ਼ਲਤਾ ਹੈ। ਮੇਰੀ ਧਾਰਨਾ ਹੈ ਕਿ ਸੋਵੀਅਤ ਸੰਘ ਵਿਚ ਸਮਾਜਵਾਦ ਦੇ ਤਜਰਬੇ ਦੇ ਅਸਫ਼ਲ ਹੋਣ ਨਾਲ ਸੱਚ ਮੁੱਚ ਹੀ ਕਮਿਊਨਿਸਟ ਅੰਦੋਲਨ ਨੂੰ ਤਕੜਾ ਝਟਕਾ ਲੱਗਾ ਹੈ ਅਤੇ ਜਿਥੇ ਉਹ ਕਿਸੇ ਵੀ ਰੂਪ ਵਿਚ ਸੋਵੀਅਤ ਸੰਘ ਤੋਂ ਪ੍ਰਭਾਵਿਤ ਨਹੀਂ ਸਨ, ਉਥੋਂਦੇ ਅੰਦੋਲਨਾਂ ਨੂੰ ਵੀ ਗਹਿਰਾ ਧੱਕਾ ਲੱਗਾ ਹੈ ਪਰ ਇਹ ਵੀ ਸੱਚ ਹੈ ਕਿ ਰੂਸ ਦੀ ਘਟਨਾ ਨਾਲ ਸਮਾਜਵਾਦ ਦਾ ਭਵਿੱਖ ਹਮੇਸ਼ਾ ਲਈ ਤਾਂ ਖਤਮ ਨਹੀਂ ਹੋ ਗਿਆ, ਕਿਉਂਕਿ ਸਮਾਜਵਾਦ ਦਾ ਜਨਮ ਪੂੰਜੀਵਾਦ ਦੇ ਨਾਲ ਹੋਇਆ ਸੀ। ਜਦੋਂ ਪੂੰਜੀਵਾਦ ਸਾਰੀਆਂ ਅਸਫ਼ਲਤਾਵਾਂ ਦੇ ਬਾਵਜੂਦ ਅਜੇ ਵੀ ਖਲੋਤਾ ਹੈ ਅਤੇ ਆਪਣੇ ਆਪ ਨੂੰ ਤਾਕਤਵਰ ਬਣਾ ਰਿਹਾ ਹੈ ਤਾਂ ਸਮਾਜਵਾਦ ਅਜਿਹਾ ਕਿਉਂ ਨਹੀਂ ਕਰ ਸਕਦਾ। ਉਂਝ ਵੀ ਸਮਾਜਵਾਦ ਦੀ ਅਸਫ਼ਲਤਾ ਇਕ ਮਾਨਵੀ ਨਾਕਾਮੀ ਦੇ ਵਾਂਙੂੰ ਹੁੰਦੀ ਹੈ ਜਦੋਂ ਕਿ ਪੂੰਜੀਵਾਦ ਜਦੋਂ ਫੇਲ੍ਹ ਹੁੰਦਾ ਹੈ ਤਾਂ ਉਹ ਉਹਦੇ ਬੁਨਿਆਦੀ ਲੌਜਿਕ (ਤਰਕ) ਦੀ ਨਾਕਾਮੀ ਹੁੰਦੀ ਹੈ ਜਿਨ੍ਹਾਂ ਨੂੰ ਪੂੰਜੀਵਾਦ ਸਤਾ (ਪੀੜਤ) ਰਿਹਾ ਹੈ, ਉਹ ਸਾਰੇ ਲੋਕ ਕਮਿਊਨਿਸਟ ਦੇ ਨਾਲ ਆ ਸਕਦੇ ਹਨ। ਸ਼ਰਤ ਇਹ ਕਿ ਇਸ ਦਿਸ਼ਾ ਵਿਚ ਲਗਾਤਾਰ ਵਿਚਾਰਕ ਅਤੇ ਰਾਜਨੀਤਕ ਤਿਆਰੀਆਂ ਕੀਤੀਆਂ ਜਾਂਦੀਆਂ ਰਹਿਣ। ਹਰਬਰਟ ਮਾਰਕਿਊਜ਼ ਨੇ ਕਿਹਾ ਸੀ ਕਿ ਕੋਈ ਵੀ ਬਦਲ ਕਿਸੇ ਖਾਸ ਦੌਰ ਵਿਚ ਅਨਥਿੰਕੇਬਲ (ਸੋਚ ਤੋਂ ਪਰ੍ਹਾਂ) ਭਾਵੇਂ ਹੀ ਹੋਵੇ, ਪਰ ਉਹ ਨਾ-ਮੁਮਕਿਨ ਹੋਵੇ ਅਜਿਹਾ ਜ਼ਰੂਰੀ ਨਹੀਂ ਹੈ। ਜਿਹੜਾ ਨਾਕਾਮ ਹੋਇਆ ਉਹ ਸਮਾਜਵਾਦ ਨਹੀਂ ਸੀ, ਸਗੋਂ ਸਮਾਜਵਾਦ ਦੀ ਦਿਸ਼ਾ ਵਿਚ ਪਹਿਲੀ ਵਾਰ ਕੀਤੀ ਗਈ ਗੰਭੀਰ ਕੋਸ਼ਿਸ਼ ਨਾਕਾਮ ਹੋਈ ਹੈ। ਸੋਵੀਅਤ ਸੰਘ ਦੇ ਖਿੰਡਨ ਪਿਛੋਂ ਇੰਗਲੈਂਡ ਵਿਚੋਂ ਨਿਕਲਣ ਵਾਲੇ ਇਕ ਠੁੱਕ ਵਾਲੇ ਪਰਚੇ ਨਿਊ ਲੈਫਟ ਰਿਵਿਊ ਵਿਚ ਕਿਹਾ ਗਿਆ ਸੀ ਕਿ ਹੁਣ ਵਿਚਾਰਧਾਰਾ ਦਾ ਯੁੱਗ ਖਤਮ ਹੋ ਗਿਆ ਹੈ ਅਤੇ ਵਿਗਿਆਨ ਹੀ ਸਾਡਾ ਭਵਿੱਖ ਹੈ ਪਰ ਇਕ ਹੋਰ ਪਰਦੇ ਮੰਨਥਲੀ ਰਿਵਿਊ ਵਿਚ ਕਿਹਾ ਗਿਆ ਸੀ ਕਿ 'ਸਮਾਜ ਵਿਚੋਂ ਵਿਚਾਰਧਾਰਾ ਕਦੇ ਖਤਮ ਨਹੀਂ ਹੋ ਸਕਦੀ।' ਖੱਬੇ ਪੱਖੀ ਅੰਦੋਲਨ ਵਿਚ ਵੀ ਉਤਰਾਅ-ਚੜ੍ਹਾਅ ਆਉਂਦੇ ਰਹਿਣਗੇ ਅਤੇ ਇਹ ਪ੍ਰਕਿਰਿਆ ਵਿਚ ਸਮਾਜਵਾਦ ਵੀ ਲਗਾਤਾਰ ਇਕ ਵਿਚਾਰਧਾਰਾ ਦੇ ਰੂਪ ਵਿਚ ਦੁਨੀਆ ਦੇ ਵੱਡੇ ਹਿੱਸੇ ਵਿਚ ਜਾਰੀ ਰਹੇਗਾ। ਸਮਾਜਵਾਦ ਸਿਰਫ਼ ਇਕ ਆਰਥਿਕ ਵਿਚਾਰਧਾਰਾ ਨਹੀਂ ਹੈ। ਕੋਈ ਸਮਾਜ ਕਿਸੇ ਵੀ ਵਿਚਾਰਧਾਰਾ ਨੂੰ ਅਪਣਾ ਕੇ ਆਪਣਾ ਢਿੱਡ ਭਰ ਸਕਦਾ ਹੈ ਪਰ ਸਮਾਜਵਾਦ ਮਨੁੱਖ ਦੀ ਗਰਿਮਾ (ਗੌਰਵ) ਦਾ ਵੀ ਆਦਰ ਕਰਦਾ ਹੈ ਅਤੇ ਮਨੁੱਖੀ ਮੁੱਲਾਂ/ਕਦਰਾਂ ਕੀਮਤਾਂ ਦੀ ਰਾਖੀ ਕਰਦਾ ਹੈ। ਉਹ ਮਨੁੱਖ ਤੋਂ ਪਸ਼ੂਆਂ ਵਾਂਗੂੰ ਕਿਰਤ ਨਹੀਂ ਕਰਵਾਉਂਦਾ ਸਗੋਂ ਉਹਦੀ ਕਿਰਤ ਨੂੰ ਵੀ ਮਨੁੱਖੀ ਨਜ਼ਰੀਏ ਨਾਲ ਅੰਗਦਾ ਹੈ ਅਤੇ ਕਿਰਤ ਦਾ ਸਹੀ ਇਸਤੇਮਾਲ ਵੀ ਕਰਦਾ ਹੈ। 1997 ਵਿਚ ਅਮਰੀਕਾ ਦੇ ਇਕ ਪਰਚੇ ਨਿਊਯਾਰਕ ਨੇ ਵੀ ਕਿਹਾ ਸੀ ਕਿ ਆਉਣ ਵਾਲੇ ਵਕਤ ਵਿਚ ਵੀ ਮਾਰਕਸ ਹੀ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਚਾਰਕ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਰਹੇਗਾ।

**ਵੈਭਵ : ਲੰਮਾਂ ਸਮਾਂ ਬੁਰਜੂਆ ਪ੍ਰਬੰਧ ਵਿਚ ਕੰਮ ਕਰਨ ਵਾਲੀਆਂ ਪਾਰਟੀਆਂ ਆਖਿਰ ਕਿਉਂ ਇਨਕਲਾਬੀ ਊਰਜਾ ਗੁਆ ਬਹਿੰਦੀਆਂ ਹਨ?**

**ਰਣਧੀਰ ਸਿੰਘ** : ਸਾਫ਼ ਹੈ ਕਿ ਅਜਿਹੀ ਲਾਚਾਰੀ ਖਤਰਨਾਕ ਹੈ ਕਿਉਂਕਿ ਪੂੰਜੀਵਾਦ ਦਾ ਵਿਰੋਧ ਹੀ ਸਮਾਜਵਾਦ ਦੀ ਪਹਿਲੀ ਸ਼ਰਤ ਹੈ। ਸਮਾਜਵਾਦ ਲਈ ਲੜਨ ਵਾਲੀਆਂ ਪਾਰਟੀਆਂ ਜੇ ਵਿਚਾਰਧਾਰਾ ਦੇ ਖੇਤਰ ਵਿਚ ਸਮਝੌਤਾ ਕਰ ਲੈਣ ਤਾਂ ਉਨ੍ਹਾਂ ਦੇ ਅਪ੍ਰਸੰਗਿਕ ਹੋ ਜਾਣ ਦਾ ਖਤਰਾ ਵਧੇਰੇ ਰਹਿੰਦਾ ਹੈ। ਇਸ ਲਈ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਮਝੌਤੇ ਦੀ ਭਾਸ਼ਾ ਬੋਲਣ ਲੱਗੇ ਤਾਂ ਇਸ ਨਾਲ ਫਾਇਦਾ ਤਾਂ ਕੀ ਨੁਕਸਾਨ ਜ਼ਿਆਦਾ ਉਠਾਉਣਾ ਪਵੇਗਾ ਉਹਨੂੰ। ਪਰ ਜੇ ਅਸੀਂ ਸਿਰਫ਼ ਮਾਰਕਸਵਾਦੀ ਕਮਿਊਨਿਸਟ ਪਾਰਟੀ ਨਾਲ ਹੀ ਲੜਦੇ ਰਹਾਂਗੇ ਤਾਂ ਲੋਕ ਪੁੱਛਣਗੇ ਕਿ ਮਾਰਕਸੀ ਕਮਿਊਨਿਸਟ ਪਾਰਟੀ ਦਾ ਬਦਲ ਕੀ ਹੈ? ਮਾਮਲਾ ਐਨਾ ਸਰਲ ਨਹੀਂ ਹੈ ਕਿ ਰਾਤੋ ਰਾਤ ਕੋਈ ਜ਼ਿਆਦਾ ਰੈਡੀਕਨ ਲੈਫਟ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਥਾਂ ਲੈ ਲਵੇਗਾ ਅਤੇ ਸਭ ਕੁਝ ਠੀਕ ਹੋ ਜਾਵੇਗਾ। ਸਾਰੇ ਸੰਘਰਸ਼ ਠੀਕ ਰਾਹ ਉਤੇ ਆ ਜਾਣਗੇ। ਭਾਰਤ ਵਰਗੇ ਵਿਸ਼ਾਲ ਮੁਲਕ ਵਿਚ ਐਨੀ ਵਿਭਿੰਨਤਾ ਹੈ ਕਿ ਇਥੇ ਹਰ ਰਾਜ ਵਿਚ ਅਲੱਗ ਅਲੱਗ ਨੀਤੀ ਅਪਣਾਉਣੀ ਹੁੰਦੀ ਹੈ ਅਤੇ ਕਿਹੋ ਜਿਹਾ ਵੀ ਰੈਡੀਕਲਇਜ਼ਮ ਹੋਵੇ, ਸਥਾਨਕ ਹਾਲਤਾਂ ਨਾਲ ਤਾਲਮੇਲ ਕਰਕੇ ਚਲਣਾ ਸਾਰਿਆਂ ਦੀ ਮਜ਼ਬੂਰੀ ਰਹਿੰਦੀ ਹੈ ਪਰ ਇਹ ਕਹਿਣ ਦਾ ਮਤਲਬ ਇਹ ਨਹੀਂ ਹੈ ਕਿ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਕ (ਦੀਨਤਾ) ਗਰੀਬੀ ਨੂੰ ਅਸੀਂ ਜਸਟੀਫਾਈ (ਜਾਇਜ਼) ਕਰੀਏ, ਜਾਇਜ਼ ਠਹਿਰਾਈਏ। ਮਾਰਕਸੀ ਪਾਰਟੀ ਨੂੰ ਅੱਜ ਇਤਿਹਾਸ ਦੇ ਇਸ ਦੌਰ ਵਿਚ ਖਲੋ ਕੇ ਸੋਚਣਾ ਪਵੇਗਾ ਕਿ ਉਹ ਕਮਿਊਨਿਜ਼ਮ ਦੇ ਨਾਲ ਖਲੋਣਗੇ ਜਾਂ ਦੋ ਚਾਰ ਰਾਜਾਂ ਵਿਚ ਸਰਕਾਰਾਂ ਬਣਾ ਕੇ ਸਿਰਫ਼ ਦਬਾਅ ਸਮੂਹ (ਪ੍ਰੈਸ਼ਰ ਗਰੁੱਪ) ਦੇ ਰੂਪ ਵਿਚ ਭਾਰਤ ਦੇ ਲੋਕਤੰਤਰ ਵਿਚ ਆਪਣੀ ਬਚੀ ਖੁੱਚੀ ਜਗ੍ਹਾ ਬਚਾਉਣ ਦੀ ਕੋਸ਼ਿਸ਼ ਕਰੇਗੀ। ਇਹ ਬਚੀ ਖੁਚੀ ਜਗ੍ਹਾ ਵੀ ਕਦੋਂ ਤੱਕ ਬਚੇਗੀ, ਜੇ ਨੀਤੀਆਂ ਦੇ ਪੱਧਰ ਉਤੇ ਉਹ ਬਦਲਵੀਂ ਤਾਕਤ ਨਹੀਂ ਬਣੇਗੀ। ਇਹ ਵੀ ਹੋ ਰਿਹਾ ਹੈ ਕਿ ਲੰਮੇ ਸਮੇਂ ਤੋਂ ਲੋਕਤੰਤਰ ਦੇ ਬੁਰਜੂਆ ਫਰੇਮਵਰਕ ਵਿਚ ਕਮਿਊਨਿਸਟ ਪਾਰਟੀਆਂ ਕਾਂਗਰਸ ਵਰਗੇ ਅਰਧ ਫਾਸ਼ਸਿਸਟ, ਅਰਧ ਲੋਕਤੰਤਰਿਕ ਦਲ ਨੂੰ ਇਹ ਕਹਿੰਦੀਆਂ ਆ ਰਹੀਆਂ ਹਨ ਕਿ ਤੁਸੀਂ ਇਹ ਨਹੀਂ ਕੀਤਾ, ਉਹ ਨਹੀਂ ਕੀਤਾ। ਇਹਦਾ ਨਤੀਜਾ ਇਹ ਹੋਇਆ ਹੈ ਕਿ ਕਮਿਊਨਿਸਟ ਪਾਰਟੀਆਂ ਨੇ ਇਨ੍ਹਾਂ ਲਗਾਤਾਰ ਦੁਹਰਾਈਆਂ ਜਾ ਰਹੀਆਂ ਸ਼ਿਕਾਇਤਾਂ ਨਾਲ ਆਤਮ ਸਾਤ ਕਰ ਲਿਆ ਹੈ ਅਤੇ ਹੁਣ ਬੁਰਜੂਆ ਲੋਕਤੰਤਰ ਦੇ ਹਨਨ ਨਾਲ ਜੁੜੀਆਂ ਇਹੋ ਸ਼ਿਕਾਇਤਾਂ ਹੁਣ ਉਨ੍ਹਾਂ ਦੇ ਚਰਿਤਰ ਦਾ ਅੰਗ ਬਣ ਗਈਆਂ ਹਨ। ਸੋਚਣਾ ਤਾਂ ਇਹ ਵੀ ਹੋਵੇਗਾ ਕਿ ਮਜ਼ਦੂਰ ਕਿਸਾਨ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸੱਤਾ ਵਾਲੇ ਰਾਜਾਂ ਵਿਚ ਜਾਣ ਅਤੇ ਉਥੇ ਵੀ ਉਨ੍ਹਾਂ ਨੂੰ ਅਫ਼ਸਰਾਂ ਬਾਬੂਆਂ ਦੀ ਤਾਕਤ ਦੀ ਆਕੜ ਅਤੇ ਘੁਮੰਡ ਦਾ ਸਾਹਮਣਾ ਕਰਨਾ ਪਵੇ ਤਾਂ ਅਜਿਹਾ ਤੰਤਰ ਖੱਬੇ ਪੱਖੀ ਕਿਥੋਂ ਲਿਆਉਣਗੇ। ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਕੀ ਪੱਛਮੀ ਬੰਗਾਲ ਅਤੇ ਕੇਰਲਾ ਦੀ ਵਿਦਿਅਕ ਨੀਤੀ ਅਤੇ ਪੱਧਤੀ ਨੂੰ ਢੰਗ ਨਾਲ ਧਰਮ ਨਿਰਪੱਖ ਅਤੇ ਵਿਗਿਆਨਕ ਬਣਾਉਣ ਦੀ ਕੋਸ਼ਿਸ਼ ਕੀਤੀ? ਵਿਦਿਆ ਤਾਂ ਆਖਰਕਾਰ ਰਾਜ ਦੇ ਹੀ ਅਧਿਕਾਰ ਦਾ ਵਿਸ਼ਾ ਹੈ। ਕੀ ਉਥੇ ਇਸ ਸਬੰਧੀ ਪੜ੍ਹਾਇਆ ਜਾਂਦਾ ਹੈ ਕਿ ਕਿਹੜੀਆਂ ਹਾਲਤਾਂ ਵਿਚ ਧਰਮ ਪੈਦਾ ਹੋਇਆ ਅਤੇ ਇਸ ਦਾ ਵਿਕਾਸ ਹੋਇਆ ਅਤੇ ਕਿਵੇਂ ਈਸ਼ਵਰ (ਪ੍ਰਮਾਤਮਾ), ਧਰਮ ਆਦਿ ਸਭ ਮਨੁੱਖ ਦੀ ਰਚਨਾ ਸਨ? ਕਿਵੇਂ ਨਵੇਂ ਧਰਮ ਪਨਪਦੇ ਹਨ ਅਤੇ ਪੁਰਾਣੇ ਆਪਣਾ ਰੂਪ ਬਦਲਦੇ ਹਨ? ਇਹ ਕੰਮ ਕਰਨ ਦੇ ਲਈ ਕਿਸੇ ਵੀ ਪਾਰਟੀ ਦੇ ਕੋਲ ਵਿਚਾਰਕ ਪ੍ਰਤੀਬੱਧਤਾ ਹੋਣੀ ਚਾਹੀਦੀਹੈ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਕੋਲ ਇਹ ਨਹੀਂ ਹੈ ਤਾਂ ਇਹਦਾ ਮਤਲਬ ਇਹੋ ਹੈ ਕਿ ਉਹ ਵਿਚਾਰਕ-ਸਿਧਾਂਤਕ ਗਰੀਬੀ ਦੀ ਪੂਰੀ ਤਰ੍ਹਾਂ ਨਾਲ ਗ੍ਰਿਫ਼ਤ ਵਿਚ ਹੈ। ਸਹੀ ਸੋਚ ਦੀ ਘਾਟ ਹੈ ਪਰ ਹੁਣ ਮੈਂ ਪ੍ਰਕਾਸ਼ ਕਾਰਤ ਜਾਂ ਸੀਤਾ ਰਾਮ ਯੈਚੁਰੀ ਦੇ ਸਬੰਧ ਵਿਚ ਕਹਾਂ ਕਿ ਉਨ੍ਹਾਂ ਨੂੰ ਮਾਰਕਸਵਾਦ ਦੇ ਸਬੰਧ ਵਿਚ ਘੱਟ ਪਤਾ ਹੈ ਤਾਂ ਗੱਲ ਬਣਦੀ ਨਹੀਂ ਭਾਵ ਦਰੁਸਤ ਨਹੀਂ ਪਰ ਐਨਾ ਤਾਂ ਕੋਈ ਵੀ ਵੇਖ ਸਕਦਾਹੈ ਕਿ 30 ਸਾਲ ਦੀ ਲੰਬੀ ਹਕੂਮਤ ਦੇ ਬਾਵਜੂਦ ਮਾਰਕਸਵਾਦੀ ਕਮਿਊਨਿਸਟ ਪਾਰਟੀ ਪੱਛਮੀ ਬੰਗਾਲ ਵਿਚ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਦੀ ਦਿਸ਼ਾ ਵਿਚ ਠੋਸ ਪ੍ਰਾਪਤੀਆਂ ਨਹੀਂ ਹਾਸਲ ਕਰ ਸਕੀ। 30 ਸਾਲਾਂ ਵਿਚ ਇਹ ਦੇਸ਼ ਦੀ ਬੁਰਜੂਆ ਪ੍ਰਬੰਧ ਨੂੰ ਤਾਂ ਨਹੀਂ ਬਦਲ ਸਕੀ, ਹਾਂ ਇਸ ਦੌਰਾਨ ਉਹ ਆਪਣੀ ਇਨਕਲਾਬੀ ਪ੍ਰਤੀਬੱਧਤਾ ਜ਼ਰੂਰ ਗੁਆਉਂਦੀ ਚਲੀ ਗਈ। ਹੁਣ ਜਦੋਂ ਵੀ ਟੀ.ਵੀ. ਚੈਨਲਾਂ ਜਾਂ ਅਖ਼ਬਾਰ ਪੱਛਮੀ ਬੰਗਾਲ ਦੇ ਪਛੜੇਪਣ ਨੂੰ ਲੈ ਕੇ ਰਾਜ ਸਰਕਾਰ ਦੀ ਖਿਚਾਈ ਕਰਦੇ ਹਨ ਜਾਂ ਸਵਾਲ ਉਠਾਉਂਦੇ ਹਨ ਤਾਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੂਸਰੀਆਂ ਮੱਧਵਰਗੀ ਪਾਰਟੀਆਂ ਦੀ ਹੋੜ ਵਿਚ ਨਵਉਦਾਰਵਾਦੀ ਢਾਂਚੇ ਨੂੰ ਅਪਣਾਉਣ ਦੀਆਂ ਕਸਮਾਂ ਖਾਣ ਲੱਗਦੀ ਹੈ।

**ਵੈਭਵ : ਪੂੰਜੀਵਾਦ ਆਪਣੇ ਆਪ ਨੂੰ ਹਮਲਾਵਰ ਢੰਗ ਨਾਲ ਸਹੀ ਸਾਬਤ ਕਰਦਾ ਹੈ ਅਤੇ ਵੱਡੀ ਪੱਧਰ ਉਤੇ ਝੂਠ ਦਾ ਸਹਾਰਾ ਲੈਂਦਾ ਹੈ। ਵਿਚਾਰਧਾਰਾ ਦੇ ਪ੍ਰਸਾਰ ਦੀ ਇਸ ਜੰਗ ਵਿਚ ਖੱਬੇਪੱਖੀ ਪਾਰਟੀਆਂ ਦੇ ਸਾਹਮਣੇ ਨਵੀਆਂ ਚੁਣੌਤੀਆਂ ਕੀ ਹਨ?**

**ਰਣਧੀਰ ਸਿੰਘ** : ਪਿਛਲੇ ਕਰੀਬ 28 ਸਾਲਾਂ ਤੋਂ ਪੂੰਜੀਵਾਦ ਦੇ ਹਰ ਤਰ੍ਹਾਂ ਦੇ ਪੈਰੋਕਾਰ, ਭਾਵੇਂ ਉਹ ਛੋਟੇ ਛੋਟੇ ਪਾਰਟੀ ਕਾਰਕੁੰਨ ਹੋਣ ਜਾਂ ਫਿਰ ਪੜ੍ਹੇ ਲਿਖੇ ਹੋਣ ਦਾ ਦੰਭ ਪਾਲਣ ਵਾਲੇ ਬੁੱਧੀਜੀਵੀ ਸਾਰੇ ਇਕ ਹੀ ਗੱਲ ਦੀ ਰਟ ਲਾ ਰਹੇ ਹਨ ਉਹ ਇਹ ਹੈ ਕਿ ਸੋਵੀਅਤ ਸੰਘ ਢਹਿ ਢੇਰੀ ਹੋ ਚੁੱਕਾ ਹੈ, ਭਾਵ ਭੋਗ ਪੈ ਚੁੱਕਾ ਹੈ ਅਤੇ ਉਸ ਰੂਪ ਵਿਚ ਮਾਰਕਸਵਾਦ ਦਾ ਵੀ ਬਤੌਰ ਇਕ ਵਿਚਾਰਧਾਰਾ ਪੂਰੀ ਤਰ੍ਹਾਂ ਨਾਲ ਭੋਗ (ਢਹਿ-ਢੇਰੀ) ਪੈ ਗਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹਿੰਦੋਸਤਾਨ ਦਾ ਹਰ ਨੌਜਵਾਨ ਇਸ ਲਈ ਇਨਕਲਾਬੀ ਬਣਿਆ ਸੀ ਕਿਉਂਕਿ ਰੂਸ ਇਕ ਕਮਿਊਨਿਸਟ ਮੁਲਕ ਸੀ। ਆਪਣੇ ਅਨੁਭਵ ਤੋਂ ਤਾਂ ਮੈਂ ਘੱਟੋ-ਘੱਟ ਅਜਿਹਾ ਨਹੀਂ ਮੰਨਦਾ। ਅਸੀਂ ਲੋਕ ਭਾਰਤ ਦੀਆਂ ਸਮੱਸਿਆਵਾਂ ਸੁਲਝਾਉਣ, ਇਥੋਂ ਦੇ ਸੰਘਰਸ਼ਾਂ ਵਿਚ ਹਿੱਸਾ ਲੈਣ ਦੇ ਲਈ ਮਾਰਕਸਵਾਦੀ ਬਣੇ ਸਾਂ। ਹਾਂ ਸੋਚ ਦੇ ਪੱਧਰ ਉਤੇ ਕਦੀ ਕਦੀ ਮੈਨੂੰ ਲੱਗਦਾ ਹੈ ਕਿ ਅਸੀਂ ਕਿਸੇ ਗਹਿਰੀ ਦੁਬਿਧਾ ਵਿਚ ਫਸਦੇ ਜਾ ਰਹੇ ਹਾਂ। ਹੋਰ ਸਾਰੇ ਸਰੋਤ ਜੁਟਾਏ ਜਾ ਸਕਦੇ ਹਨ। ਜੇ ਅਸੀਂ ਵਿਚਾਰ ਦੇ ਪੱਧਰ ਉਤੇ ਸਰੋਤਾਂ ਨੂੰ ਲਗਾਤਾਰ ਪੁਨਰ ਜੀਵਤ ਕਰਦੇ ਜਾਈਏ ਤਾਂ ਦੂਸਰੇ ਪਾਸੇ ਤੁਸੀਂ ਵੇਖੋਗੇ ਕਿ ਪੂੰਜੀਵਾਦ ਐਨਾ ਤਾਕਤਵਰ ਹੋ ਗਿਆ ਹੈ ਕਿ ਇਹ ਨੂੰ ਹੁਣ ਇਕ ਨਾਂ ਨਾਲ ਪਹਿਚਾਨਣਾ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹਦੇ ਕਈ ਨਾ ਹਨ, ਜਿਵੇਂ ਵਿਸ਼ਵੀਕਰਨ, ਨਵਉਦਾਰਵਾਦ, ਢਾਂਚਾਗਤ, ਸਮਾਂਯੋਜਨ, ਨਵੀਂ ਆਰਥਿਕ ਨੀਤੀ, ਆਰਥਿਕ ਸੁਧਾਰਵਾਦ ਆਦਿ। ਪੂੰਜੀਵਾਦੀਆਂ ਦੀ ਸਭ ਤੋਂ ਵੱਡੀ ਚਲਾਕ ਇਹ ਵੀ ਹੈ ਕਿ ਮਾਰਕਸਵਾਦ ਦਾ ਸ਼ਬਦ ਉਨ੍ਹਾਂ ਦੀ ਜ਼ੁਬਾਨ ਉਤੇ ਉਦੋਂ ਹੀ ਆਉਂਦਾ ਹੈ ਜਦੋਂ ਉਨ੍ਹਾਂ ਨੂੰ ਉਹਨੂੰ ਵਲਗਰਾਈਜ਼ (ਉਜਡ ਰੂਪ 'ਚ ਪੇਸ਼ ਕਰਨਾ) ਕਰਨਾ ਹੁੰਦਾ ਹੈ। ਪਰ ਸਵਾਲ ਪੂੰਜੀਵਾਦ ਦੀ ਸਰਦਾਰੀ (ਦਾ ਅੰਤ ਨਹੀਂ ਹੋ ਸਕਦਾ) ਸਵੀਕਾਰ ਕਰਨ ਦਾ ਨਹੀਂ ਸਗੋਂ ਔਖੀਆਂ ਹਾਲਤਾਂ ਵਿਚ ਵੀ ਸੰਘਰਸ਼ ਚਲਾਉਂਦਿਆਂ ਹੋਇਆਂ ਇਹਦਾ ਹਮੇਸ਼ਾ ਦੇ ਲਈ ਅੰਤ ਕਰਨ ਦਾ ਹੈ। ਮਾਰਕਸ ਨੇ ਵੀ ਕਿਹਾ ਹੈ ਕਮਿਊਨਿਜ਼ਮ ਆਪਣੇ ਆਪ ਆਵੇਗਾ ਇਹ ਜ਼ਰੂਰੀ ਨਹੀਂ ਹੈ। ਸਗੋਂ ਇਹਦੇ ਲਈ ਸਾਨੂੰ ਸੰਘਰਸ਼ ਕਰਨਾ ਪਵੇਗਾ। ਇਸ ਸੰਘਰਸ਼ ਨੂੰ ਅੱਗੇ ਵਧਾਉਣ ਦੀ ਹੀ ਇਕ ਕੜੀ ਇਹ ਵੀ ਹੈ ਕਿ ਅਸੀਂ ਚੀਜ਼ਾਂ ਨੂੰ ਉਹਦੇ ਸਹੀ ਨਾਮ ਨਾਲ ਹੀ ਸੱਦੀਏ। ਮਸਲਨ ਕੋਈ ਜੇ ਕਹੇ ਕਿ ਆਰਥਿਕ ਸੁਧਾਰ ਤਾਂ ਅਸੀਂ ਕਹਿ ਸਕੀਏ ਕਿ ਇਹ ਪੂੰਜੀਵਾਦੀ ਵਿਕਾਸ ਨੂੰ ਵੀ ਮਾਨਤਾ ਦੇਣੀ ਹੈ।

**ਵੈਭਵ : ਆਖਿਰ ਅਜਿਹਾ ਕੀ ਹੈ ਕਿ ਖੱਬੇਪੱਖੀ ਬੁੱਧੀਜੀਵੀ ਵੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਦੀ ਹਾਲਤ ਵਿਚ ਆਪਣੇ ਆਪ ਨੂੰ ਤਿਆਰ ਨਹੀਂ ਕਰਦੇ? ਕਿਉਂ ਉਹ ਖੱਬੇਪੱਖੀਆਂ ਨੂੰ ਸਿਰਫ਼ ਚੋਣ ਛੱਲ ਕਪਟ ਦੇ ਰੂਪ ਵਿਚ ਸੀਮਤ ਕਰਨ ਦੇ ਹਮਾਇਤੀ ਬਣਦੇ ਗਏ?**

**ਰਣਧੀਰ ਸਿੰਘ** : ਮੈਨੂੰ ਲੱਗਦਾ ਹੈ ਕਿ ਰਾਜਨੀਤਕ ਲੋਕਤੰਤਰ ਜਿਨ੍ਹਾਂ ਮੁਲਕਾਂ ਵਿਚ ਹੁੰਦਾ ਹੈ, ਉਥੇ ਹਾਕਮ ਵਰਗ ਵੀ ਮਜ਼ਦੂਰ ਜਮਾਤ ਦੀ ਹਮਾਇਤ ਹਾਸਲ ਕਰਨ ਲਈ ਉਨ੍ਹਾਂ ਨਾਲ ਤਰ੍ਹਾਂ ਤਰ੍ਹਾਂ ਦੇ ਧੋਖੇ ਕਰਦਾ ਹੈ। ਉਥੇ ਬੁੱਧੀਜੀਵੀਆਂ ਦਾ ਸਭ ਤੋਂ ਵੱਡਾ ਕੰਮ ਇਹ ਹੁੰਦਾ ਹੈ ਕਿ ਉਹ ਮਜ਼ਦੂਰ ਜਮਾਤ ਦੇ ਨਾਲ ਚਲਾਕੀ ਵਰਤਣ ਦੇ ਇਨ੍ਹਾਂ ਢੰਗਾਂ ਦਾ ਪਰਦਾਫਾਸ਼ ਕਰੇ ਅਤੇ ਸੰਸਥਾਵਾਂ, ਸੱਤਾ ਅਤੇ ਰਾਜਨੀਤੀ ਦੇ ਰਾਹੀਂ ਰੋਜ਼ਾਨਾ ਵੱਡੀ ਪੱਧਰ ਉਤੇ ਬੋਲੇ ਜਾ ਰਹੇ ਝੂਠ ਨੂੰ ਲੋਕਾਂ ਦੇ ਸਾਹਮਣੇ ਲਿਆਵੇ। ਖੱਬੇਪੱਖੀ ਬੁੱਧੀਜੀਵੀਆਂ ਵਲੋਂ ਆਪਣਾ ਫਰਜ਼ ਭੁਲਾਉਣ ਜਾਂ ਪੂੰਜੀਵਾਦੀ ਖੇਮੇ ਦਾ ਅੰਗ ਬਣ ਜਾਵੇ ਉਤੇ ਜਦੋਂ ਵੀ ਮੈਥੋਂ ਇਹ ਸਵਾਲ ਪੁੱਛਿਆ ਜਾਂਦਾ ਹੈ ਤਾਂ ਮੈਨੂੰ ਹੈਂਸ ਏਂਜੇਂਸਬਰਜਰ ਵਲੋਂ ਲਿਖੀ ਕਵਿਤਾ 'ਕਾਰਲ ਹੇਨਰਿਖ ਮਾਰਕਸ' ਦੀ ਯਾਦ ਆ ਜਾਂਦੀ ਹੈ, ਜਿਸ ਵਿਚ ਉਹ ਕਹਿੰਦੇ ਹਨ :

**ਮੈਂ ਵੇਖਿਆ ਤੁਹਾਡੇ ਨਾਲ ਹੁੰਦੇ ਹੋਏ ਧੋਖਾ**
**ਜਿਹੜਾ ਤੁਹਾਡੇ ਪੈਰੋਕਾਰਾਂ ਨੇ ਹੀ ਕੀਤਾ**
**ਸਿਰਫ਼ ਤੁਹਾਡੇ ਦੁਸ਼ਮਣ ਹੀ ਸਨ**
**ਜਿਹੜੇ ਨਹੀਂ ਬਦਲੇ।**

ਪਾਰਟੀ ਤੋਂ ਬੁੱਧੀਜੀਵੀਆਂ ਦੀ ਦੂਰੀ ਨੇ ਪਾਰਟੀ ਅਤੇ ਬੁੱਧੀਜੀਵੀਆਂ ਦੋਹਾਂ ਦਾ ਹੀ ਨੁਕਸਾਨ ਕੀਤਾ ਹੈ। ਪਾਰਟੀ ਦੇ ਬਿਨਾ ਸਥਾਨਕ ਸੰਘਰਸ਼ਾਂ ਵਿਚ ਹਿੱਸਾ ਲੈਣ ਦਾ ਵੀ ਬੁੱਧੀਜੀਵੀਆਂ ਦੀ ਜਮਾਤ ਵਿਚ ਫੈਸ਼ਨ ਆਇਆ ਜਿਹੜਾ ਹੁਣ ਸਹਿਜੇ ਸਹਿਜੇ ਧੀਮਾ ਪੈਂਦਾ ਜਾ ਰਿਹਾ ਹੈ। ਐਨ. ਜੀ. ਓ. ਨੇ ਵੀ ਖੱਬੇਪੱਖੀ ਬੁੱਧੀਜੀਵੀਆਂ ਦਾ ਫਾਇਦਾ ਉਠਾਇਆ ਹੈ ਅਤੇ ਉਨ੍ਹਾਂ ਦੇ ਮਨ ਵਿਚ ਐਨ. ਜੀ.ਓ. ਦੇ ਰਾਹੀਂ ਰੈਡੀਕਲ ਰਾਜਨੀਤੀ ਕਰਨ ਦਾ ਭਰਮ ਪਾਲਿਆ ਹੈ ਪਰ ਦੁਨੀਆ ਦੀਆਂ ਘਟਨਾਵਾਂ ਤੋਂ ਅਣਜਾਣ ਰਹਿ ਕੇ ਸਥਾਨਕ ਸੰਘਰਸ਼ਾਂ ਵਿਚ ਹਿੱਸਾ ਲੈਣਾ ਕੁਝ ਅਜਿਹਾ ਹੀ ਹੈ ਜਿਵੇਂ ਜਦੋਂ ਚਾਰੇ ਪਾਸਿਆਂ ਤੋਂ ਹੜ੍ਹ ਆਉਣ ਵਾਲੇ ਹੋਣ ਤਾਂ ਅਸੀਂ ਆਪਣੇ ਘਰਾਂ ਵਿਚ ਝਾੜੂ/ਬਹੁਕਰ ਲਾਉਣ ਵਿਚ ਮਗਨ ਰਹੀਏ। ਇਕ ਹੋਰ ਪ੍ਰਵਿਰਤੀ ਹੈ ਜਿਹੜੀ ਮੈਨੂੰ ਗਰਮ (ਤੱਤੇ) ਖੱਬੇ ਪੱਖੀਆਂ ਅਤੇ ਉਦਾਰ (ਦਾਇਆਵਾਨ) ਖੱਬੇ ਪੱਖੀਆਂ, ਦੋਹਾਂ ਵਿਚ ਇਕੋ ਜਿਹੀ ਵਿਖਾਈ ਦਿੰਦੀ ਹੈ। ਤੱਤੇ ਖੱਬੇ ਪੱਖੀ ਬੁੱਧੀਜੀਵੀਏ ਜਿਸ ਤਰ੍ਹਾਂ ਨਾਲ ਸੰਗਠਨ ਅਤੇ ਪਾਰਟੀ ਦੀ ਲੋੜ ਤੋਂ ਕਿਨਾਰਾ (ਜ਼ਰੂਰਤ ਨਾ ਸਮਝਣਾ) ਕਰਦੇ ਹਨ ਅਤੇ ਉਹਨੂੰ ਭ੍ਰਿਸ਼ਟ ਕਰਨ ਵਾਲੀ ਤਾਕਤ ਮੰਨਦੇ ਹਨ, ਉਸੇ ਤਰ੍ਹਾਂ ਰਾਜਨੀ ਕੋਠਾਰੀ ਵਰਗੇ ਉਦਾਰ (ਦਇਆਵਾਨ) ਖੱਬੇ ਪੱਖੀ ਵੀ ਪਾਰਟੀ

ਤੋਂ ਦੂਰ ਰਹਿ ਕੇ ਖੱਬੇਪੱਖੀ ਸਿਧਾਂਤਾਂ ਨੂੰ ਚੈਂਪੀਅਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੋਵੇਂ ਹੀ ਪਾਰਟੀਲੈਸ ਲੈਫਟ ਦੀ ਗੱਲ ਕਰਨ ਲਗਦੇ ਹਨ। ਜਦੋਂ ਰਾਜਨੀਤਕ ਅੰਦੋਲਨ ਧੀਮੇ ਪੈਂਦੇ ਹਨ ਤਾਂ ਵਿਦਵਾਨਾਂ ਵਿਚ ਵੀ ਕਨਫਿਊਜਨ (ਭਰਮ) ਪੈਦਾ ਹੁੰਦਾ ਹੈ ਅਤੇ ਉਹ ਐਧਰ ਉਧਰ ਭੱਜਣ ਲਗਦੇ ਹਨ ਪਰ ਕਮਿਊਨਿਸਟਾਂ ਦਾ ਟੀਚਾ ਤਾਂ ਰਾਜ ਉਤੇ ਕੰਟਰੋਲ ਕਰਨਾ ਹੀ ਰਹਿੰਦਾ ਹੈ ਅਤੇ ਇਹ ਕੰਮ ਵਿਅਕਤੀਆਂ ਦਾ ਛੋਟਾ ਸਮੂਹ ਨਹੀਂ ਸਗੋਂ ਪਾਰਟੀ ਹੀ ਕਰ ਸਕਦੀ ਹੈ।

**ਵੈਭਵ : ਭਾਰਤ ਵਿਚ ਖੱਬੇ ਪੱਖੀ, ਸੰਸਦੀ ਰਾਜਨੀਤੀ ਵਿਚ ਲਗਾਤਾਰ ਹਿੱਸਾ ਲੈਣ ਦੇ ਬਾਵਜੂਦ, ਆਪਣਾ ਵਿਸਥਾਰ ਨਹੀਂ ਕਰ ਸਕੇ। ਸਗੋਂ ਸੰਸਦੀ ਰਾਜਨੀਤੀ ਵਿਚ ਸੀਮਤ ਰਹਿ ਜਾਣ ਨਾਲ ਉਨ੍ਹਾਂ ਉਤੇ ਲੋਕਾਂ ਦੀ ਭਰੋਸਗੀ ਵੀ ਖਤਰੇ 'ਚ ਪੈ ਗਈ ਹੈ। ਭਾਵ ਵਿਸ਼ਵਾਸ ਗੁੰਮ ਹੋ ਗਿਆ ਹੈ। ਇਥੋਂ ਤੱਕ ਕਿ ਪੇਂਡੂ ਬੇਜ਼ਮੀਨੀ ਜਮਾਤ ਨੂੰ ਲੈ ਕੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਕੋਲ ਕੋਈ ਸਪਸ਼ਟ ਨੀਤੀ ਵੀ ਨਹੀਂ ਬਚੀ ਹੈ। ਇਝ ਲਗਦਾ ਹੈ ਕਿ ਉਨ੍ਹਾਂ ਕੋਲ ਚੁਣਾਵੀਂ ਰਾਜਨੀਤੀਆਂ ਤਾਂ ਹਨ ਪਰ ਵਿਚਾਰਧਾਰਾ ਦੀ ਪੂੰਜੀ ਦੇ ਹਿਸਾਬ ਨਾਲ ਉਹ ਬੇਹੱਦ ਗਰੀਬ ਭਾਵ ਕੰਗਾਲ ਹੋ ਗਏ ਹਨ?**

**ਰਣਧੀਰ ਸਿੰਘ** : ਸਮਾਜਵਾਦ ਦਾ ਜਨਮ ਪੂੰਜੀਵਾਦ ਦੇ ਵਿਰੁੱਧ ਹੋਇਆ ਸੀ ਅਤੇ ਮਾਰਕਸ ਨੇ ਇਹਦੀ ਜਿਹੜੇ ਠੋਸ ਤਰਕਾਂ ਅਤੇ ਵਿਗਿਆਨਕ ਹਮਲਿਆਂ [ਭਾਵ ਵਿਚਾਰਧਾਰਕ ਧਾਵਿਆਂ] ਨਾਲ ਆਲੋਚਨਾ ਕੀਤੀ ਸੀ, ਉਸ ਨੇ ਸਮਾਜਵਾਦ ਨੂੰ ਇਕ ਵਿਗਿਆਨਕ ਆਧਾਰ ਵੀ ਮੁਹੱਈਆ ਕੀਤਾ ਸੀ। ਮਾਰਕਸ ਦੇ ਸਮਿਆਂ ਵਿਚ ਵੀ ਕਈ ਤਰ੍ਹਾਂ ਦੇ ਸਮਾਜਵਾਦ ਪ੍ਰਚਲਿਤ ਸਨ। ਜਿਵੇਂ ਯੂਟੋਪੀਅਨ ਸਮਾਜਵਾਦ, ਟੱਟਪੂੰਜੀਆਂ ਸਮਾਜਵਾਦ, ਜਰਮਨ ਸਮਾਜਵਾਦ ਆਦਿ। ਮਾਰਕਸ ਦੀ ਕਿਰਤ ਕਮਿਊਨਿਸਟ ਮੈਨੀਫੈਸਟੋ ਵਿਚ ਵੀ ਇਨ੍ਹਾਂ ਵੱਖ-ਵੱਖ ਤਰ੍ਹਾਂ ਦੇ ਸਮਾਜਵਾਦਾਂ ਦੇ ਸਬੰਧ ਵਿਚ ਚਰਚਾ ਹੈ ਜਿਹੜੇ ਸਮੇਂ ਸਮੇਂ ਉਤੇ ਸਾਹਮਣੇ ਆਉਂਦੇ ਰਹੇ ਸਨ। ਭਾਰਤ ਵਿਚ ਵੀ ਵੱਖ-ਵੱਖ ਤਰ੍ਹਾਂ ਦੇ ਸਮਾਜਵਾਦ ਪ੍ਰਚਲਿਤ ਰਹੇ ਹਨ, ਪਰ ਕਮਿਊਨਿਸਟ ਪਾਰਟੀ ਦਾ ਕੰਮ ਹੈ ਕਿ ਉਹ ਸਮਾਜਵਾਦ ਨੂੰ ਬੁੱਧੀਜੀਵੀਆਂ ਦੇ ਮਨੋਂ ਮਸਤਿਕ ਤੱਕ ਇਹਨੂੰ ਕੇਂਦਰਤ ਰੱਖਣ ਦੀ ਥਾਂ ਲੋਕ ਸੰਘਰਸ਼ਾਂ ਦੇ ਵਿਕਾਸ ਦੇ ਲਈ ਇਹਨੂੰ ਵਿਹਾਰ ਵਿਚ ਲਿਆਵੇ ਸੰਸਦੀ ਰਾਜਨੀਤੀ ਤੱਕ ਸੀਮਤ ਕਮਿਊਨਿਸਟ ਪਾਰਟੀਆਂ ਜਾਂ ਤਾਂ ਮਾਰਕਸਵਾਦ ਨੂੰ ਠੀਕ ਢੰਗ ਨਾਲ ਸਮਝਦੀਆਂ ਨਹੀਂ ਹਨ ਜਾਂ ਇਹਦਾ ਲੁਬਾਦਾ ਬਣਾ ਕੇ ਭਾਵ ਬਰਕਰਾਰ ਰੱਖ ਕੇ ਇਹੀ ਅੰਤਰ ਵਸਤੂ ਨੂੰ ਕਤਲ ਕਰ ਸੁੱਟਦੀਆਂ ਹਨ। ਗੈਰ ਸੰਸਦੀ ਸੰਘਰਸ਼ ਹੀ ਕਮਿਊਨਿਸਟ ਪਾਰਟੀ ਦੀ ਅਸਲੀ ਪੂੰਜੀ ਹੁੰਦੇ ਹਨ ਅਤੇ ਇਨ੍ਹਾਂ ਸੰਘਰਸ਼ਾਂ ਵਿਚ ਜਿਹੜੀਆਂ ਪਾਰਟੀਆਂ ਜਿਨ੍ਹਾਂ ਹਿੱਸਾ ਲੈਂਦੀਆਂ ਹਨ, ਸੰਸਦ ਵਿਚ ਵੀ ਉਨ੍ਹਾਂ ਦੀ ਤਾਕਤ ਉਨ੍ਹੀਂ ਵਧਦੀ ਹੈ। ਇਕ ਅਜਿਹੇ ਮੁਲਕ ਵਿਚ ਜਿਥੇ ਅਜੇ ਇਨਕਲਾਬ ਦੀਆਂ ਸੰਭਾਵਨਾਵਾਂ ਘੱਟ ਹੋਣ, ਉਥੇ ਖੱਬੇ ਪੱਖੀ ਪਾਰਟੀਆਂ ਦੇ ਅੰਦਰ ਨੀਤੀਆਂ ਦੇ ਪੱਧਰ ਉਤੇ ਖੁੱਲ੍ਹਾਪਨ ਜ਼ਿਆਦਾ ਜ਼ਰੂਰੀ ਹੁੰਦਾ ਹੈ। ਕਿਉਂਕਿ ਸਹੀ ਰਾਹ ਕਿਸੇ ਦੇ ਕੋਲ ਨਹੀਂ ਹੁੰਦਾ। ਸਾਰੇ ਇਹ ਦੀ ਤਲਾਸ਼ ਵਿਚ ਹੁੰਦੇ ਹਨ। ਮਾਰਕਸ ਨੇ ਜਰਮਨ ਵਰਕਰ ਪਾਰਟੀ ਦੀ ਆਲੋਚਨਾ ਕਰਦਿਆਂ ਹੋਇਆਂ 'ਕਰੀਟੀਕ ਆਫ਼ ਗੋਥੇ ਪ੍ਰੋਗਰਾਮ' ਲਿਖਿਆ ਸੀ, ਜਿਹਨੂੰ ਏਂਗਲਜ਼ ਨੇ ਮਾਰਕਸ ਦੀ ਮੌਤ ਤੋਂ ਪਿਛੋਂ ਪ੍ਰਕਾਸ਼ਿਤ ਕਰਵਾਇਆ ਸੀ। ਉਸ ਵਿਚ ਤੁਸੀਂ ਵੇਖੋਗੇ ਕਿ ਕਿੰਨੀ ਜਬਰਦਸਤ ਪਾਲਿਮਿਕਸ (ਬਹਿਸ-ਮ-ਬਹਿਸ) ਦੇ ਨਾਲ ਮਾਰਕਸ ਨੇ ਆਪਣੀ ਹੀ ਪਾਰਟੀ ਉਤੇ ਖਿੱਚਪਾਊ (ਪਾਪੂਲਰ) ਨੀਤੀਆਂ ਅਪਣਾਉਣ, ਗਲਤ ਰਾਹ ਅਖ਼ਤਿਆਰ ਕਰਨ ਦੇ ਕਰਕੇ, ਤਿੱਖੀ ਆਲੋਚਨਾ ਕੀਤੀ ਹੈ। ਇਸ ਲਈ ਜੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਗਲਤ ਰਾਹ ਉਤੇ ਹੈ ਤਾਂ ਖੱਬੇ ਪੱਖੀ ਪਾਰਟੀਆਂ ਦੇ ਅੰਦਰੋਂ ਹੀ ਉਹ ਦਾ ਇਨਕਲਾਬੀ ਬਦਲ ਤਿਆਰ ਕਰਨਾ ਪਵੇਗਾ। ਆਮ ਲੋਕਾਈ ਵੀ ਤਹਿ ਕਰੇਗੀ ਕਿ ਉਹਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਹੀ ਵੈਨਗਾਰਡ (ਹਰਿਆਵਲ ਦਸਤਾ) ਪਾਰਟੀ ਕਿਹੜੀ ਹੈ।

ਇਸ ਲਈ ਕਮਿਊਨਿਸਟਾਂ ਦਾ ਟੀਚਾ ਹੋਣਾ ਚਾਹੀਦਾ ਹੈ ਰਾਜ ਉਤੇ ਕਬਜ਼ਾ ਅਤੇ ਫਿਰ ਉਸ ਰਾਜ ਦਾ ਇਨਕਲਾਬੀ ਰੂਪਾਂਤਰਨ। ਲੋਕ ਮੰਨਦੇ ਹਨ ਕਿ ਤਾਕਤ ਮਨੁੱਖ ਨੂੰ ਭ੍ਰਿਸ਼ਟ ਕਰਦੀ ਹੈ। ਜੇ ਇਨ੍ਹਾਂ ਸਿਆਣਿਆਂ ਦੀ ਗੱਲ ਨੂੰ ਮੰਨੀਏ ਤਾਂ ਕਦੀ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਗਰੀਬਾਂ ਨੂੰ ਤਾਕਤ ਦੀ ਲੋੜ ਰਹਿ ਜਾਂਦੀ ਹੈ। ਲੋਕਾਂ ਨੂੰ ਆਪੇ ਨਿਸ਼ਾਨੇ ਪ੍ਰਾਪਤ ਕਰਨ ਦੇ ਲਈ ਤਾਕਤ ਦੀ ਲੋੜ ਹੁੰਦੀ ਹੈ ਅਤੇ ਫਿਰ ਆਪਣੀ ਆਜ਼ਾਦੀ ਸੁਨਿਸ਼ਚਿਤ ਕਰਨ ਦੇ ਲਈ ਉਸ ਤਾਕਤ ਦੇ ਉਤੇ ਕੰਟਰੋਲ ਕਰਨ (ਲਗਾਮ ਲਾਉਣ) ਦੀ ਵੀ ਉਨ੍ਹਾਂ ਹੀ ਲੋੜ ਹੁੰਦੀ ਹੈ।

**ਵੈਭਵ : ਦੁਨੀਆ ਭਰ ਦੇ ਅਕਾਦਮਿਕ ਜਗਤ ਵਿਚ ਮਾਰਕਸਵਾਦ ਦੇ ਵਿਰੁੱਧ ਮਾਹੌਲ ਬਣਾਇਆ ਜਾ ਰਿਹਾ ਹੈ ਅਤੇ ਉਤਰ ਆਧੁਨਿਕਤਾ, ਸਬਾਲਟਰਨ ਸਿਧਾਂਤ ਜਾਂ ਸੰਰਚਨਾਵਾਦ ਆਦਿ ਨੂੰ ਮਾਰਕਸਵਾਦ ਦੇ ਮੁਕਾਬਲੇ ਖੜ੍ਹਾ ਕਰਕੇ ਭਰਮ ਅਤੇ ਭੰਬਲਭੂਸਾ ਫੈਲਾਇਆ ਜਾ ਰਿਹਾ ਹੈ। ਇਹ ਦਾ ਮੁਕਾਬਲਾ ਕਿਵੇਂ ਹੋ ਸਕਦਾ ਹੈ?**

**ਰਣਧੀਰ ਸਿੰਘ** : ਮੈਂ ਹਮੇਸ਼ਾ ਕਹਿੰਦਾ ਹਾਂ ਕਿ ਮਾਰਕਸਵਾਦ ਸਿਰਫ਼ ਇਕ ਸੰਕਲਪਨਾ ਜਾਂ ਸਿਧਾਂਤ ਨਹੀਂ ਹੈ ਜਿਵੇਂਕਿ ਰਾਜਨੀਤਕ ਵਿਗਿਆਨ ਦੇ ਹੋਰ ਸਿਧਾਂਤ ਹਨ। ਮਾਰਕਸਵਾਦ ਇਕ ਬਦਲਵਾਂ ਸਮਾਜ ਵਿਗਿਆਨ ਹੈ ਅਤੇ ਰਾਜਨੀਤਕ, ਸਮਾਜ ਸ਼ਾਸਤਰ, ਇਤਿਹਾਸ ਭਾਸ਼ਾ ਸਾਹਿਤ, ਅਰਥ ਸ਼ਾਸਤਰ ਸਾਰੇ ਇਹਦੇ ਦਾਇਰੇ ਵਿਚ ਆਉਂਦੇ ਹਨ। ਮਾਰਕਸਵਾਦ ਦੀ ਇਹ ਤਾਕਤ ਹੀ ਵਿਰੋਧੀਆਂ ਵਿਚ ਈਰਖਾ ਪੈਦਾ ਕਰਦੀ ਹੈ ਕਿਉਂਕਿ ਐਨਾ ਤਾਕਤਵਰ ਦ੍ਰਿਸ਼ਟੀਕੋਣ ਦੇਣ ਦੀ ਸਮਰੱਥਾ ਹੋਰ ਕਿਸੇ ਵਿਚਾਰਧਾਰਾ ਦੇ ਕੋਲ ਨਹੀਂ ਹੈ। ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਹੋਰ ਵਿਚਾਰਧਾਰਾਵਾਂ ਸੰਘਰਸ਼ਾਂ ਦੀ ਵਿਆਖਿਆ ਕਰ ਸਕਦੀਆਂ ਹਨ, ਸਮਾਜ ਦੀ ਵੀ ਬਰੀਕ ਵਿਵੇਚਨਾ ਪੇਸ਼ ਕਰ ਸਕਦੀਆਂ ਹਨ, ਪਰ ਮਾਰਕਸਵਾਦ ਉਨ੍ਹਾਂ ਸੰਘਰਸ਼ਾਂ ਨੂੰ ਨਾ ਸਿਰਫ਼ ਊਰਜਾ ਦਿੰਦਾ ਹੈ ਸਗੋਂ ਸਮਾਜਿਕ ਤਬਦੀਲੀ ਵਿਚ ਪ੍ਰੇਰਿਕ ਦੀ ਭੂਮਿਕਾ ਵੀ ਨਿਭਾਉਂਦਾ ਹੈ। ਮੈਂ ਪਹਿਲਾਂ ਵੀ ਕਹਿੰਦਾ ਸਾਂ ਅਤੇ ਅੱਜ ਵੀ ਕਹਿੰਦਾ ਹਾਂ ਕਿ ਜੇ ਕੋਈ ਮਾਰਕਸਵਾਦੀ ਹੈ ਤਾਂ ਉਸ ਵਿਚ ਦੂਰੋਂ ਹੀ ਕੋਈ ਖਾਸ ਖੁਸ਼ਬੂ ਆਉਣੀ ਚਾਹੀਦੀ ਹੈ। ਜਾਰਜ ਬਰਨਾਰਡ ਸ਼ਾਹ ਨੇ ਇਕ ਵਾਰੀ ਕਿਹਾ ਸੀ, "ਮਾਰਕਸਵਾਦ ਨੇ ਮੇਰੇ ਅੰਦਰ ਇਕ ਨਵੇਂ ਮਨੁੱਖ ਨੂੰ ਜਨਮਇਆ" ਮਾਰਕਸਵਾਦ ਮਨੁੱਖਤਾ ਦੇ ਸੁਪਨਿਆਂ ਨੂੰ ਜਿਉਂਦੇ ਰੱਖਣ ਦਾ ਇਕੋ ਇਕ ਹਥਿਆਰ ਹੈ। ਜ਼ਮੀਨੀ ਯਥਾਰਥ ਅਤੇ ਸੁਪਨੇ ਵਿਚ ਅਕਸਰ ਹੀ ਸੰਘਰਸ਼ ਹੁੰਦਾ ਹੈ। ਜ਼ਮੀਨੀ ਯਥਾਰਥ ਮਨੁੱਖ ਨੂੰ ਨਸ਼ਟ ਕਰ ਸਕਦਾ ਹੈ। ਜੇ ਉਸ ਅੰਦਰ ਸੁਪਨੇ ਵੇਖਣ ਦੀ ਸਮਰੱਥਾ ਨਹੀਂ ਹੈ। ਮਾਰਕਸਵਾਦ ਇਹੋ ਕੰਮ ਕਰਦਾ ਹੈ। ਉਹ ਸੁਪਨੇ ਨੂੰ ਜ਼ਮੀਨੀ ਯਥਾਰਥ ਨਾਲ ਜੋੜਦਾ ਹੈ। ਜਿਹੜੇ ਲੋਕ ਮਾਰਕਸਵਾਦ ਉਤੇ ਸ਼ੱਕ (ਸੰਦੇਹ) ਕਰਕੇ ਪੂੰਜੀਵਾਦ ਦੀ ਅਟੱਲ ਜਿੱਤ ਦਾ ਐਲਾਨ ਕਰਨ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਸ਼ਾਇਦ ਦਿਨ ਨਹੀਂ, ਪਤਾ ਕਿ ਖੁਦ ਪੂੰਜੀਵਾਦ ਵੀ ਇਤਿਹਾਸਕ ਉਥਲ ਪੁਥਲ ਦੀ ਉਪਜ ਹੈ। ਕਈ ਸਕਾਲਰਾਂ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਇਹਨੂੰ ਮੱਧ ਯੁੱਗ ਤੋਂ ਹੀ ਸੰਘਰਸ਼ ਕਰਨਾ ਪਿਆ, ਕਈਆਂ 'ਫਾਲਸ ਸਟਾਰਟ' 'ਚੋਂ ਇਹ ਲੰਘਿਆ ਅਤੇ ਕਿੰਨੀ ਵਾਰੀ ਜਗੀਰਦਾਰੀ ਨੇ ਇਹਨੂੰ ਮਜ਼ਬੂਰ ਕਰ ਦਿੱਤਾ, ਰੋਕ ਦਿੱਤਾ। ਆਖਿਰਕਾਰ 18 ਸਦੀ ਦੇ ਪਿਛਲੇਰੇ ਦਹਾਕਿਆਂ ਵਿਚ ਇਹਨੂੰ ਆਪਣੀਆਂ ਜੜ੍ਹਾਂ ਜਮਾਉਣ ਦਾ ਮੌਕਾ ਮਿਲਿਆ ਅਤੇ ਜਦੋਂ ਇਹਨੇ ਆਪਣੀ ਵਿਸ਼ਵੀ ਹਕੂਮਤ [ਸਾਮਰਾਜਵਾਦੀ ਪ੍ਰਬੰਧ] ਕਾਇਮ ਕਰਨ ਦੀ ਦਿਸ਼ਾ ਵਿਚ ਕੋਸ਼ਿਸ਼ਾਂ ਕੀਤੀਆਂ ਤਾਂ ਇਹਨੂੰ ਸਮਾਜਵਾਦ ਤੋਂ ਪਹਿਲੀ ਗੰਭੀਰ ਚੁਣੌਤੀ ਮਿਲੀ ਜਿਸ ਤਰ੍ਹਾਂ ਪੂੰਜੀਵਾਦ ਨੇ ਇਤਿਹਾਸ ਵਿਚ ਆਪਣੀ ਹੋਂਦ ਅਤੇ ਵਿਸਥਾਰ ਦੀਆਂ ਨਾਕਾਮ ਕੋਸ਼ਿਸ਼ ਕੀਤੀਆਂ ਹਨ, ਉਸੇ ਤਰ੍ਹਾਂ ਸਮਾਜਵਾਦ ਵੀ ਸੰਘਰਸ਼ 'ਚੋਂ ਲੰਘ ਰਿਹਾ ਹੈ। ਲੋਕਾਂ ਨੂੰ ਇਹਦੀ ਲੋੜ ਹੁਣ ਸਿਰਫ਼ ਬਰਾਬਰੀ ਅਤੇ ਆਪਣੀ ਸਮਰਥਾ ਦੇ ਵਿਕਾਸ ਦੇ ਲਈ ਨਹੀਂ ਸਗੋਂ ਜਿਉਂਦੇ ਰਹਿਣ ਲਈ ਵੀ ਹੈ ਕਿਉਂਕ ਪੂੰਜੀਵਾਦ ਦਾ ਵਿਕਾਸ ਮਾਡਲ ਸਿਰਫ਼ ਪਸ਼ੂ ਪੰਛੀਆਂ ਦੀਆਂ ਪ੍ਰਜਾਤੀਆਂ ਨੂੰ ਹੀ ਨਹੀਂ, ਸਗੋਂ ਪੂਰੀ ਮਾਨਵ ਜਾਤੀ ਨੂੰ ਵੀ ਨਸ਼ਟ ਕਰ ਲੈਣਾ ਹੈ।

**ਵੈਭਵ : ਪਰ ਸਭ ਤੋਂ ਮੁਸ਼ਕਿਲ ਚੁਣੌਤੀ ਇਹ ਵੀ ਹੈ ਕਿ ਪੂੰਜੀਵਾਦ ਜ਼ਿਆਦਾ ਨੌਕਰੀਆਂ ਪੈਦਾ ਕਰ ਰਿਹਾ ਹੈ ਹੋਰ ਤਾਂ ਹੋਰ ਤਕਨੀਕ ਉਤੇ ਉਹਦਾ ਪੂਰਾ ਕਬਜ਼ਾ ਹੈ। ਤੁਹਾਨੂੰ ਇਝ ਨਹੀਂ ਲੱਗ ਰਿਹਾ?**

**ਰਣਧੀਰ ਸਿੰਘ** : ਯਥਾਰਥ ਇਹ ਵੀ ਹੈ ਕਿ ਕੁੱਤੇ ਗਧੇ ਅਤੇ ਇਨਸਾਨ ਦੇ ਵਿਚਕਾਰ ਪੂੰਜੀਵਾਦ ਨੇ ਅੰਤਰ (ਫਰਕ) ਖਤਮ ਕਰ ਦਿੱਤਾ ਹੈ। ਅੱਜ ਜਿਸ ਤਰ੍ਹਾਂ ਦੀਆਂ ਨੌਕਰੀਆਂ ਇਸ ਪ੍ਰਬੰਧ ਵਿਚ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ; ਉਨ੍ਹਾਂ ਵਿਚੋਂ ਵੇਖੀਏ ਕਿ ਇਨਸਾਨ ਦੀ ਕਿਹੋ ਜੇਹੀ ਦੁਰਦਸ਼ਾ ਬਣਾ ਦਿੱਤੀ ਹੈ। ਇਸ ਲਈ ਸਵਾਲ ਸਿਰਫ਼ ਜ਼ਿਆਦਾ ਨੌਕਰੀਆਂ ਪੈਦਾ ਕਰਨ ਦਾ ਹੀ ਨਹੀਂ ਸਗੋਂ ਨੌਕਰੀਆਂ ਦੀ ਮਨੁੱਖੀ ਬੌਧਿਕ ਗੌਰਵਮਈ ਕੁਆਲਿਟੀ ਦਾ ਵੀ ਹੈ। ਬੈਂਕਾਂ, ਮੀਡੀਆ ਅਤੇ ਕਾਲ ਸੈਂਟਰਾਂ ਆਦਿ ਵਿਚ ਕਈ ਨੌਕਰੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਕੰਮ ਕਰਨ ਵਾਲਿਆਂ ਨੂੰ ਵੇਖਕੇ ਲੱਗਦਾ ਹੈ ਕਿ ਗੁਲਾਮ ਮਜ਼ਦੂਰਾਂ ਦੀ ਪ੍ਰਥਾ ਨੂੰ ਨਵੇਂ ਸਿਰਿਉਂ ਜਿਉਂਦਿਆਂ ਕੀਤਾ ਜਾ ਰਿਹਾ ਹੈ। ਪੂੰਜੀਵਾਦ ਨਾ ਸਿਰਫ਼ ਨੌਕਰੀਆਂ ਪੈਦਾ ਕਰ ਰਿਹਾ ਹੈ ਸਗੋਂ ਅਨਗਿਣਤ ਲੋਕਾਂ ਦੇ ਰੁਜ਼ਗਾਰ ਵੀ ਖੋਹ ਰਿਹਾ ਹੈ। ਕਿਸਾਨਾਂ ਦੀਆਂ ਐਡੇ ਵੱਡੇ ਪੱਧਰ ਉਤੇ ਆਤਮ ਹੱਤਿਆਵਾਂ ਕਿਸੇ ਯੁੱਗ ਵਿਚ ਨਹੀਂ ਹੋਈਆਂ। ਪੂੰਜੀਵਾਦ ਇਕੋ ਇਕ ਪ੍ਰਬੰਧ ਹੈ ਜਿਹੜਾ ਮਨੁੱਖ ਦੇ ਨਾ ਸਿਰਫ਼ ਕਿਰਤ ਦਾ ਸਗੋਂ ਉਹਦੀ ਸੰਪੂਰਨ ਚੇਤਨਾ ਦਾ ਵਸਤੂ ਕਰਨ ਕਰਦਾ ਹੈ, ਬਾਜ਼ਾਰੀਕਰਨ ਕਰਦਾ ਹੈ ਅਤੇ ਮਨੁੱਖ ਆਪਣੀ ਸਮੁੱਚੀ ਆਲੋਚਨਾਤਮਕ ਤਾਕਤ ਗਵਾ ਕੇ ਖ਼ੁਦ ਨੂੰ ਇਕ ਵਸਤੂ ਜਾਂ ਮਾਲ (ਕੋਮੋਡਿਟੀ) ਦੇ ਰੂਪ ਵਿਚ ਵੇਖਣ ਲਗਦਾ ਹੈ ਜਿਸ ਦੀ ਵਰਤੋਂ ਉਤਪਾਦਨ ਜਾਂ ਵਧੇਰੇ ਪੂੰਜੀ ਪੈਦਾ ਕਰਨ ਵਿਚ ਕੀਤੀ ਜਾ ਰਹੀ ਹੈ। ਮਨੁੱਖ ਕਲਾ ਸੰਗੀਤ ਨੂੰ ਸਲਾਹ ਸਕਦਾ ਹੈ। ਪ੍ਰੇਮ ਕਰ ਸਕਦਾ ਹੈ, ਇਤਿਹਾਸ, ਵਿਗਿਆਨ, ਕਵਿਤਾ, ਭਾਵਨਾ ਅਤੇ ਕਰੁਣਾ (ਵਿਰਲਾਪ) ਸਾਰੀਆਂ ਉਹਦੀਆਂ ਇੰਦਰੀਆਂ ਦਾ ਹਿੱਸਾ ਹਨ ਪਰ ਪੂੰਜੀਵਾਦ ਮਨੁੱਖ ਦੀਆਂ



ਇੰਦਰੀਆਂ ਵਿਚ ਜਜ਼ਬ ਵੱਖ-ਵੱਖ ਕਿਸਮਾਂ ਦੇ ਬੋਧ ਦੀ ਸਮਰੱਥਾ ਨੂੰ ਕੁੰਦ (ਸੰਗੋੜ) ਅਤੇ ਨਸ਼ਟ ਕਰਦਾ ਹੈ ਅਤੇ ਉਹਨੂੰ ਮਹਿਜ਼ ਉਤਪਾਦਨ ਦੀ ਮਸ਼ੀਨ ਜਾਂ ਉਪਭੋਗ ਕਰਨ ਵਾਲੇ ਰੋਬੋਟ ਵਿਚ ਬਦਲ ਸੁੱਟਦਾ ਹੈ। ਇਹਨੂੰ ਵੇਖੀਏ ਤਾਂ ਇਹ ਇੰਦਰੀਆਂ ਦਾ ਉਪਨਿਵੇਸ਼ੀਕਰਨ ਹੈ ਜਿਹੜਾ ਪੂੰਜੀਵਾਦ ਵਿਚ ਹੀ ਵਾਪਰ ਰਿਹਾ ਹੈ।

**ਵੈਭਵ : ਵਰਗ ਸੰਘਰਸ਼ ਦੇ ਸਿਧਾਂਤ ਉਤੇ ਸਵਾਲ ਖੜ੍ਹੇ ਕਰਕੇ ਫੂਕੋਯਾਮਾ ਨੇ ਇਤਿਹਾਸ ਦੇ ਅੰਤ ਦਾ ਐਲਾਨ ਕਰ ਦਿੱਤਾ। ਇਤਿਹਾਸ ਦਾ ਅੰਤ ਹੋਇਆ ਹੈ ਜਾਂ ਅੰਤ ਦੇ ਐਲਾਨਾਂ ਨੂੰ ਜਬਰਦਸਤੀ ਇਤਿਹਾਸ ਉਤੇ ਥੋਪਿਆ ਗਿਆ ਹੈ?**

**ਰਣਧੀਰ ਸਿੰਘ** : ਅਜੇ ਇਨਕਲਾਬ ਹੋਰ ਹੋਣਗੇ ਕਿਉਂਕਿ ਵਰਗਾਂ ਦੇ ਵਿਚਕਾਰ, ਲੁੱਟੇ ਜਾਂਦੇ ਅਤੇ ਹਾਕਮਾਂ ਦੇ ਵਿਚਾਰ ਅੰਤਰ ਵਿਰੋਧੀ ਸਿਰਫ਼ ਇਸ ਲਈ ਨਹੀਂ ਖਤਮ ਹੋ ਜਾਣਗੇ ਕਿਉਂਕਿ ਸੋਵੀਅਤ ਯੂਨੀਅਨ ਹੁਣ ਨਹੀਂ ਰਿਹਾ ਜਾਂ ਫੂਕੋਯਾਮਾ ਨੇ ਇਤਿਹਾਸ ਦੇ ਅੰਤ ਦਾ ਐਲਾਨ ਕਰ ਦਿੱਤਾ ਹੈ। ਹਰ ਸਦੀ ਦੇ ਲੋਕ ਆਪਣਾ ਸੰਘਰਸ਼ ਕਰਨਗੇ ਅਤੇ ਇਹੋ ਸੰਘਰਸ਼ ਮਾਰਕਸਵਾਦ ਨੂੰ ਜਿਉਂਦਿਆਂ ਰੱਖਣਗੇ। ਇਤਿਹਾਸ ਦਾ ਕਦੇ ਅੰਤ ਨਹੀਂ ਹੁੰਦਾ ਅਤੇ ਉਹ ਆਪਣੀਆਂ ਅਨਿਸ਼ਚਿਤ ਗਤੀਆਂ ਅਤੇ ਨਤੀਜਿਆਂ ਨਾਲ ਹਰ ਵਾਰ ਜੇਤੂਆਂ ਦੇ ਦੰਭ ਨੂੰ ਚਕਨਾਚੂਰ ਕਰ ਦਿੰਦਾ ਹੈ। ਕਮਿਊਨਿਸਟ ਮੈਨੀਫੈਸਟੋ ਵਿਚ ਮਰਕਸ ਨੇ ਲਿਖਿਆ ਸੀ ਕਿ ਵਰਗ ਸੰਘਰਸ਼ ਦੀ ਪ੍ਰਕਿਰਿਆ ਵਿਚ ਜਾਂ ਤਾਂ ਸਮਾਜ ਦਾ ਇਨਕਲਾਬੀ ਪੁਨਰ ਨਿਰਮਾਣ ਹੋਵੇਗਾ ਜਾਂ ਫਿਰ ਦੋਵੇਂ ਵਰਗ ਇਕ ਦੂਸਰੇ ਨੂੰ ਤਬਾਹ ਕਰ ਦੇਣਗੇ। ਅੱਜ ਦੇ ਹਾਲਤ ਵਿਚ ਸਮਾਜ ਦਾ ਇਨਕਲਾਬ ਪੁਨਰ ਨਿਰਮਾਣ ਤਾਂ ਨਹੀਂ ਹੋ ਰਿਹਾ ਪਰ ਇਕ ਵਰਗ ਦੇ ਰੂਪ ਵਿਚ ਪੂੰਜੀਪਤੀ ਵਰਗ ਨਾ ਸਿਰਫ਼ ਸਰਵਹਾਰਾ ਵਰਗ ਨੂੰ ਨਸ਼ਟ ਕਰ ਰਿਹਾ ਹੈ; ਸਗੋਂ ਵਾਤਾਵਰਣ, ਨੈਤਿਕਤਾ ਅਤੇ ਮਨੁੱਖੀ ਗੌਰਵ ਨੂੰ ਨਸ਼ਟ ਕਰਦਿਆਂ ਹੋਇਆਂ ਖ਼ੁਦ ਆਪਣੀ ਵੀ ਤਬਾਹੀ ਦਾ ਰਾਹ ਤਿਆਰ ਕਰ ਰਿਹਾ ਹੈ। ਰਾਸ਼ਟਰਾਂ (ਦੇਸ਼ਾਂ) ਦੇ ਵਿਚਕਾਰ ਕੁਦਰਤੀ ਸਰੋਤਾਂ ਉਤੇ ਕਬਜ਼ਾ ਕਰਨ ਦੀ ਹੋੜ ਲੱਗੀ ਹੋਈ ਹੈ। ਹਥਿਆਰਾਂ ਦਾ ਬਾਜ਼ਾਰ ਰੋਜ਼ ਵੱਧ ਰਿਹਾ ਹੈ, ਖੇਤਰੀ ਸੰਘਰਸ਼ਾਂ (ਖੇਤਰਵਾਦ ਝਗੜਿਆਂ) ਨੂੰ ਭੜਕਾਇਆ ਜਾ ਰਿਹਾ ਹੈ। ਊਰਜਾ ਸਰੋਤਾਂ ਉਤੇ ਕਬਜ਼ੇ ਲਈ ਜੰਗਾਂ ਲਾਈਆਂ ਜਾ ਰਹੀਆਂ ਹਨ। ਵਾਤਾਵਰਣ ਨੂੰ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ। ਇਹ ਤਬਾਹੀ ਦਾ ਹੀ ਰਾਹ ਹੈ ਜਿਹਨੂੰ ਪੂੰਜੀਵਾਦ ਆਪਣੇ ਫੌਰੀ ਫਾਇਦਿਆਂ ਲਈ ਸਮੁੱਚੀ ਮਾਨਵੀ ਸਭਿਅਤਾ ਨੂੰ ਤਬਾਹੀ ਵੱਲ ਖਿੱਚੀ ਲਈ ਜਾ ਰਿਹਾ ਹੈ। ਰੂਸ ਵਿਚ ਬੇਸ਼ੱਕ ਰਾਜਸੀ ਗਲਤੀਆਂ ਹੋਈਆਂ ਹੋਣ ਪਰ ਉਥੇ ਸਮਾਜਿਕ ਸਹੂਲਤਾਂ ਅਜਿਹੀਆਂ ਸਨ ਕਿ ਮਾਰਕਸਵਾਦ ਦੇ ਨਿੰਦਕ ਵੀ ਉਨ੍ਹਾਂ ਦੀ ਪ੍ਰਸੰਸਾ ਕੀਤੇ ਬਿਨਾ ਨਹੀਂ ਰਹਿ ਸਕਦੇ ਸਨ। ਜਿਵੇਂ ਉਥੋਂ ਦੇ ਲੋਕਾਂ ਨੂੰ ਇਹ ਨਹੀਂ ਪਤਾ ਸੀ ਕਿ ਮੈਡੀਕਲ ਬਿੱਲ ਕੀ ਹੁੰਦਾ ਹੈ। ਉਨ੍ਹਾਂ ਨੂੰ ਸਾਰੀਆਂ ਸਿਹਤ ਸਹੂਲਤਾਂ ਮੁਫ਼ਤ ਮਿਲਦੀਆਂ ਸਨ। ਇਸ ਲਈ ਮੈਨੂੰ ਲੱਗਦਾ ਹੈ ਕਿ ਸਾਨੂੰ ਸੋਵੀਅਤ ਸੰਘ ਦੀਆਂ ਪ੍ਰਾਪਤੀਆਂ ਦੀ ਵੀ ਲਗਾਤਾਰ ਚਰਚਾ ਕਰਨੀ ਚਾਹੀਦੀ ਹੈ। 1917 ਦੇ ਰੂਸੀ ਇਨਕਲਾਬ ਤੋਂ ਪਿਛੋਂ ਦੁਨੀਆ ਦੀ ਵਿਆਖਿਆ ਸਮਾਜਵਾਦ ਅਤੇ ਪੂੰਜੀਵਾਦ ਦੇ ਆਪਸੀ ਵਿਰੋਧੀ ਖੇਮਿਆਂ ਦੇ ਰੂਪ ਵਿਚ ਕੀਤੀ ਗਈ ਸੀ, ਪਰ ਦਰਅਸਲ ਇਹ ਕੌਮਾਂਤਰੀ ਪੱਧਰ ਉਤੇ ਜਾਰੀ ਵਰਗ ਸੰਘਰਸ਼ ਸੀ ਜਿਹੜਾ ਹੁਣ ਵੀ ਜਾਰੀ ਹੈ ਕਿਸੇ ਮੁਲਕ ਨੇ ਕਿਸ ਵਿਚਾਰਧਾਰਾ ਨੂੰ ਛੱਡਿਆ, ਕਿਹਨੂੰ ਅਪਨਾਇਆ, ਇਹ ਉਨ੍ਹਾਂ ਮਹੱਤਵਪੂਰਨ ਨਹੀਂ ਹੈ, ਜਿਨ੍ਹਾਂ ਵਰਗ ਸੰਘਰਸ਼ ਦਾ ਨਿਯਮ। ਫਰੇਡ ਹੈਲਿਡੇ ਨੇ ਹੁਣੇ ਹੀ ਆਪਣੇ ਇਕ ਅਧਿਐਨ ਵਿਚ ਦੱਸਿਆ ਹੈ ਕਿ ਕਿਸ ਤਰ੍ਹਾਂ ਤਾਕਤਵਰ ਅਤੇ ਧਨਾਢ ਸ਼ਾਹ (ਅਮੀਰਾਂ ਦੇ ਅਮੀਰ ਭਾਵ ਕੁਦਰਤੀ ਸਾਧਨਾਂ ਦੀ ਮਾਲਕੀ ਉਤੇ ਕਾਬਜ਼) ਲੋਕ ਉਸ ਗਹਿਰੀ ਨਫ਼ਰਤ ਨੂੰ ਸਮਝਣ ਵਿਚ ਅਸਮਰਥ ਹੁੰਦੇ ਹਨ ਜਿਹੜੀ ਲੁੱਟੇ ਜਾਂਦਿਆਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਪਲ ਰਹੀ ਹੁੰਦੀ ਹੈ। ਉਹ ਅਨਿਸ਼ਚਿਤ ਗਤੀਆਂ ਅਤੇ ਚਮਤਕਾਰਾਂ ਨਾਲ ਭਰੇ ਇਤਿਹਾਸ ਦੇ ਉਲਟ ਫੇਰ ਨੂੰ ਸਮਝਣ ਵਿਚ ਵੀ ਨਾਕਾਮ ਰਹਿੰਦੇ ਹਨ। ਸੋਵੀਅਤ ਸੰਘ ਵਰਗੇ ਦੇਸ਼ਾਂ ਨੇ ਜੇ ਮਾਰਕਸਵਾਦ ਨੂੰ ਛੱਡਿਆ ਤਾਂ ਇਹਦੀ ਮਾਰਕਸਵਾਦੀ ਵਿਆਖਿਆ ਦੀ ਵੀ ਸਖ਼ਤ ਜ਼ਰੂਰਤ ਹੈ। ਕਿਉਂਕਿ ਜੇ ਸਾਡੇ ਕੋਲ ਆਪਣੀਆਂ ਵਿਆਖਿਆਵਾਂ ਨਹੀਂ ਹੋਣਗੀਆਂ ਤਾਂ ਅਸੀਂ ਦੁਸ਼ਮਣਾਂ ਦੀ ਵਿਆਖਿਆ ਉਤੇ ਨਿਰਭਰ ਹੋਣ ਦੇ ਲਈ ਮਜ਼ਬੂਰ ਹੋ ਜਾਵਾਂਗੇ।

**ਨੋਟ : ਇਹ ਮੁਲਾਕਾਤ ਅਪ੍ਰੈਲ 2008 ਦੇ ਸਮਕਾਲੀਨ 'ਜਨਮਤ' ਵਿਚ ਛਪੀ ਸੀ।**

935-443-0211

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage consultant
Lic#M08007991

# ਬੌਧਿਕ ਅਤੇ ਸਮਾਜਿਕ ਸਰੋਕਾਰਾਂ ਦੀ ਤਬਦੀਲੀ ਦੇ ਵਾਹਕ ਸਨ ਪ੍ਰੋ. ਰਣਧੀਰ ਸਿੰਘ



**ਡਾ. ਕੁਲਦੀਪ ਸਿੰਘ**
**ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਆਪਣੇ ਸਮੁੱਚੇ ਜੀਵਨ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਪ੍ਰਤੀਬੱਧਤਾ ਨਾਲ ਜਿਊਣਾ ਹਰੇਕ ਦੇ ਵੱਸ ਦਾ ਰੋਗ ਨਹੀਂ ਹੁੰਦਾ। ਉਹ ਵੀ ਉਹਨਾਂ ਸਮਿਆਂ 'ਚ ਜਦੋਂ ਇਤਿਹਾਸ ਦੀ ਪ੍ਰਕਿਰਿਆ ਉਲਟ ਰੁੱਖ ਵਹਿ ਰਹੀ ਹੋਵੇ। ਉਨ੍ਹੀਵੀਂ ਸਦੀ 1850ਵਿਆਂ ਵਿਚ ਜਦੋਂ ਇਕ ਵੱਖਰੇ ਅੰਦਾਜ਼ ਵਿਚ ਵਿਕਸਿਤ ਹੋਣ ਦੀ ਪ੍ਰਕਿਰਿਆ ਵਿਚ ਚੱਲਣ ਲੱਗੀ ਤਾਂ ਜਿਸ ਤਰ੍ਹਾਂ ਗਲੀਲੀਓ ਨੇ ਵਿਗਿਆਨ ਦੇ ਖੇਤਰ ਵਿਚ ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਦੀ ਥਾਹ ਪਾਈ ਸੀ, ਉਸੇ ਤਰ੍ਹਾਂ ਸਰਮਾਏ ਦਾ ਰੂਪ ਜਦੋਂ ਅਜੇ ਪੁੰਗਰ ਹੀ ਰਿਹਾ ਸੀ ਉਸ ਦੀ ਦਸ਼ਾ ਅਤੇ ਦਿਸ਼ਾ ਕੀ ਰੁੱਖ ਅਖਤਿਆਰ ਕਰ ਸਕਦੀ ਹੈ, ਇਸ ਸਬੰਧੀ ਸਭ ਸੁਖ ਆਰਾਮ ਛੱਡ ਕੇ ਸਰਮਾਏ ਦੇ ਚੱਲਣ ਢੰਗਾਂ ਨੂੰ ਜਰਮਨ ਦੇ ਵਿਦਵਾਨ ਕਾਰਲ ਮਾਰਕਸ ਸਮਝਣ 'ਚ ਰੁਝ ਗਏ। ਉਹਨਾਂ ਨੇ ਸੰਸਾਰ ਪ੍ਰਸਿੱਧ ਲਿਖਤ 'ਦਾ ਕੈਪੀਟਲ' ਅਤੇ ਹੋਰ ਲਿਖਤਾਂ ਰਾਹੀਂ ਸਮਾਜ ਨੂੰ ਸਮਝਣ ਅਤੇ ਬਦਲਣ ਲਈ ਨਵਾਂ ਦ੍ਰਿਸ਼ਟੀਕੋਣ ਸਥਾਪਿਤ ਕੀਤਾ। ਕਾਰਲ ਮਾਰਕਸ ਦੇ ਵਿਚਾਰਾਂ ਨੇ ਸਮੁੱਚੀ ਵਿਦਵਤਾ ਦੀ ਧਾਰਾ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਬਲਕਿ ਇਕ ਵੱਖਰੇ ਰੂਪ ਵਿਚ ਵਿਦਵਤਾ ਉਸਾਰਨ ਦਾ ਕਾਰਜ ਵੀ ਕੀਤਾ।

ਵੀਹਵੀਂ ਸਦੀ ਸ਼ੁਰੂ ਹੁੰਦਿਆਂ ਹੀ ਦੁਨੀਆਂ ਵੱਡੀਆਂ ਤਬਦੀਲੀਆਂ ਦੇ ਦੌਰ ਵਿਚ ਪ੍ਰਵੇਸ਼ ਕਰ ਗਈ। ਇਕ ਪਾਸੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਤੇ ਇਸ ਦੇ ਦੌਰਾਨ ਹੀ ਨਵੇਂ ਵਿਚਾਰਾਂ ਅਤੇ ਮਾਡਲਾਂ ਦੀ ਪ੍ਰਕਿਰਿਆ ਦੀ ਸ਼ੁਰੂਆਤ ਸੋਵੀਅਤ ਯੂਨੀਅਨ ਦੀ ਸਥਾਪਤੀ ਨਾਲ ਹੋਈ। ਇਹ ਇਕ ਅਜਿਹਾ ਦੌਰ ਸੀ ਜਦੋਂ ਦੁਨੀਆਂ ਦਾ ਕੋਈ ਵੀ ਕੋਨਾ ਇਕ ਵੱਖਰੇ ਕਿਸਮ ਦੇ ਵਿਚਾਰਾਂ ਦੀ ਪੁੱਠ ਤੋਂ ਅਲੱਗ ਥਲੱਗ ਨਹੀਂ ਸੀ। ਦੁਨੀਆਂ ਦੇ ਹਰੇਕ ਹਿੱਸੇ 'ਚ ਆਪੋ ਆਪਣੇ ਢੰਗਾਂ ਨਾਲ ਸਮਾਜਿਕ ਤਬਦੀਲੀਆਂ ਅਤੇ ਆਜ਼ਾਦੀਆਂ ਦੀਆਂ ਲਹਿਰਾਂ ਇਕ ਵੱਖਰੇ ਜਲੌਅ ਵਿਚ ਚਲ ਰਹੀਆਂ ਸਨ। ਇਹਨਾਂ ਲਹਿਰਾਂ ਵਿਚ ਭਾਰਤ ਦੀ ਆਜਾਦੀ ਲਈ ਬੜਾ ਹੀ ਮਹੱਤਵਪੂਰਨ ਕੇਂਦਰ ਲਾਹੌਰ ਬਣਿਆ ਹੋਇਆ ਸੀ। ਜਿਸ ਵਿਚ ਇਕ ਵੱਖਰੇ ਕਿਸਮ ਦੇ ਵਿਚਾਰਾਂ ਦੀ ਪੁੱਠ ਇਕ ਵੱਖਰੇ ਰੂਪ ਵਿਚ ਵਿਕਸਿਤ ਹੋ ਰਹੀ ਸੀ। ਇਕ ਵੱਖਰੇ ਅੰਦਾਜ਼ ਵਿਚ ਆਜ਼ਾਦੀ ਦੇ ਵਿਚਾਰ ਨੂੰ ਅਰਥ ਦਿੱਤੇ ਜਾ ਰਹੇ ਸੀ। 23 ਮਾਰਚ, 1931 ਨੂੰ ਬਰਤਾਨਵੀ ਹਕੂਮਤ ਦੇ ਖਿਲਾਫ਼ ਆਜ਼ਾਦੀ ਦੀ ਜੰਗ ਤੋਂ ਲੈ ਕੇ ਬਦਲਵੇਂ ਸਮਾਜ ਤੱਕ ਦੇ ਸਫ਼ਰ ਦੀ ਸ਼ੁਰੂਆਤ ਭਗਤ ਸਿੰਘ ਦੀ ਸ਼ਹਾਦਤ ਨਾਲ ਹੋਈ। ਫਾਂਸੀ ਦੇਣ ਦੇ ਮੌਕੇ ਲਾਹੌਰ ਸ਼ਹਿਰ ਵਿਚ ਅਤੇ ਜੇਲ ਦੇ ਇਰਦ ਗਿਰਦ ਵੱਡੀ ਤਾਦਾਤ ਵਿਚ ਲੋਕ ਗਮਗੀਨ ਹੋਏ ਖੜ੍ਹੇ ਸਨ ਅਤੇ ਉਹਨਾਂ ਦੇ ਮਨਾਂ ਵਿਚ ਰੋਅ ਦਾ ਜਲੌਅ ਸੀ ਅਤੇ ਬਗਾਵਤ ਦੇ ਚਿੰਨ੍ਹ ਸਨ। ਇਕ ਪੰਜਵੀਂ ਕਲਾਸ ਵਿਚ ਪੜ੍ਹਨ ਵਾਲਾ ਛੋਟਾ ਜਿਹਾ ਕੋਮਲ ਮਨ ਵਾਲਾ ਬੱਚਾ ਜੋ ਆਪਣੇ ਸਕੂਲ ਜਾ ਰਿਹਾ ਸੀ, ਰਸਤੇ ਵਿਚ ਹੀ ਰੋਕ ਲਿਆ ਗਿਆ। ਪਤਾ ਨਹੀਂ ਉਸ ਰੋਕ ਨੇ ਉਸ ਛੋਟੇ ਜਿਹੇ ਬੱਚੇ ਦੇ ਮਨ ਤੇ ਕੀ ਅਸਰ ਪਾਇਆ ਕਿ ਉਹ ਵੀਹਵੀਂ ਸਦੀ ਦੇ ਸਮੁੱਚੇ ਉਤਰਾਵਾਂ ਚੜ੍ਹਾਵਾਂ ਨੂੰ ਗੰਭੀਰਤਾ ਨਾਲ ਲੈਣ ਲੱਗਾ ਅਤੇ ਇਕ ਵੱਖਰੇ ਅੰਦਾਜ ਵਿਚ ਭਾਰਤੀ ਲੋਕਾਂ ਲਈ ਇਕ ਨਵੇਂ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਵਾਲੀ ਬੌਧਿਕਤਾ ਨੂੰ ਆਪਣੀ ਜੀਵਨ ਜਾਚ ਦਾ ਅਟੁੱਟ ਹਿੱਸਾ ਬਣਾ ਬੈਠਾ। ਜਿਸ ਨੂੰ ਅੱਜ ਅਸੀਂ ਬਦਲਵੇਂ ਸਮਾਜ ਵਾਲੀ ਬੌਧਿਕ ਸ਼ਕਤੀ ਵਾਲੇ ਵਿਅਕਤਿਤਵ ਪ੍ਰੋਫ਼ੈਸਰ ਰਣਧੀਰ ਸਿੰਘ ਦੇ ਨਾਂ ਨਾਲ ਜਾਣਦੇ ਹਾਂ। ਜੋ 31 ਜਨਵਰੀ, 2016 ਨੂੰ ਇਕ ਵੱਡੇ ਕਾਫਲੇ ਤੋਂ ਵਿਛੜ ਗਏ ਹਨ।

ਪ੍ਰੋ. ਰਣਧੀਰ ਸਿੰਘ ਨੇ ਆਪਣੇ ਸਮੁੱਚੇ ਜੀਵਨ ਦੇ ਸਫਰ ਦੌਰਾਨ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਇਆ ਜਿਨ੍ਹਾਂ ਵਿਚਾਰਾਂ ਨੂੰ ਪਰਪੱਕ ਕਰਨ ਲਈ ਦੁਨੀਆਂ ਦੀਆਂ ਤਬਦੀਲੀਆਂ ਵਾਲੀਆਂ ਲਹਿਰਾਂ ਦੇ ਇਨਕਲਾਬੀਆਂ ਤੋਂ ਲੈ ਕੇ ਮਾਰਕਸਵਾਦੀ ਵਿਚਾਰਾਂ ਦੀ ਪਰੰਪਰਾ ਉਪਰ ਜੀਅ ਜਾਨ ਲਾ ਕੇ ਕਾਰਜ ਕੀਤਾ ਸੀ। ਪ੍ਰੋ. ਰਣਧੀਰ ਸਿੰਘ ਹੁਰਾਂ ਨੇ ਆਪਣੀ ਬੌਧਿਕ ਸ਼ਕਤੀ, ਸਮਰੱਥਾ ਅਤੇ ਸਮੇਂ ਨੂੰ ਹਮੇਸ਼ਾਂ ਸਮਾਜ ਦੇ ਗੰਭੀਰ ਮਸਲਿਆਂ ਨਾਲ ਜੋੜੀ ਰੱਖਿਆ ਅਤੇ ਹਰ ਮਸਲੇ ਨੂੰ ਵਿਚਾਰਾਂ ਦੀ ਪੱਧਰ ਤੇ ਇੰਜ ਨਜਿੱਠਿਆ ਜਿਸ ਤਰ੍ਹਾਂ ਕਿ ਵੱਡਾ ਕਾਰਜ ਹੀ ਉਹਨਾਂ ਉਪਰ ਆ ਪਿਆ ਹੋਵੇ। ਉਹਨਾਂ ਨੇ ਹਰ ਉਸ ਕੱਟੜਤਾ ਵਾਲੀ ਪ੍ਰਕਿਰਿਆ ਅਤੇ ਸਿਧਾਂਤ ਦਾ ਵਿਰੋਧ ਕੀਤਾ ਜਿਹੜਾ ਸਮਾਜਵਾਦ ਦੇ ਵੱਡੇ ਕਾਰਜ ਨੂੰ ਰੋਕਣ ਜਾਂ ਛੋਟਾ ਕਰਨ ਦਾ ਕਾਰਜ ਕਰਦਾ ਸੀ। ਇਸ ਵਿਰੋਧ ਕਾਰਨ ਹੀ ਉਹਨਾਂ ਨੇ ਆਪਣੇ ਸਮੁੱਚੇ ਜੀਵਨ ਸਫਰ ਦੌਰਾਨ ਵੱਖ-ਵੱਖ ਪੱਧਰ ਤੇ ਵਿਚਾਰਧਾਰਾ ਅਤੇ ਟੀਚਿਆਂ ਦੇ ਛੋਟੇ ਕਦਮਾਂ ਨੂੰ ਅਲਵਿਦਾ ਕਿਹਾ ਜਾਂ ਉਹਨਾਂ ਦੀ ਜੱਚ ਕੇ ਆਲੋਚਨਾ ਕੀਤੀ ਅਤੇ ਆਪਣੇ ਪ੍ਰਾਜੈਕਟ ਨੂੰ ਲਗਾਤਾਰ ਜਾਰੀ ਰੱਖਿਆ। ਉਹਨਾਂ ਨੇ ਆਪਣੇ ਸਮੁੱਚੇ ਅਧਿਆਪਨ ਕਾਰਜ ਨੂੰ ਇਕ ਵੱਖਰੇ ਅਧਿਆਪਕ ਦੇ ਤੌਰ ਤੇ ਵਿਦਿਆਰਥੀਆਂ ਵਿਚ ਮਕਬੂਲ ਕੀਤਾ। ਇਸ ਤੋਂ ਵੀ ਵੱਧ ਕੇ ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਰਾਜਨੀਤੀ ਦੇ ਖੇਤਰ ਵਿਚ ਅਗਾਂਹ ਵਧਣ ਲਈ ਪ੍ਰੇਰਿਆ ਹੀ ਨਹੀਂ ਬਲਕਿ ਉਹਨਾਂ ਲਈ ਇਕ ਅਜਿਹੀ ਵਿਚਾਰਧਾਰਕ ਸੋਝੀ ਵੀ ਪ੍ਰਦਾਨ ਕੀਤੀ ਜਿਸ ਨਾਲ ਉਹ ਜਿਸ ਵੀ ਖੇਤਰ ਵਿਚ ਜਾਣ ਰਾਜਨੀਤਿਕ ਸੋਚ ਉਹਨਾਂ ਦੀ ਜੀਵਨ ਜਾਚ ਦਾ ਅਟੁੱਟ ਅੰਗ ਬਣ ਜਾਵੇ। ਉਹਨਾਂ ਨੂੰ ਬੜਾ ਮਾਣ ਹੁੰਦਾ ਸੀ ਤੇ ਫਖਰ ਮਹਿਸੂਸ ਕਰਦੇ ਸੀ ਜਦੋਂ ਇਸ ਕਿਸਮ ਦੀ ਉਡਦੀ ਖਬਰ ਉਹਨਾਂ ਤੱਕ ਪਹੁੰਚਦੀ ਕਿ ਉਹਨਾਂ ਦੇ ਵਿਦਿਆਰਥੀ ਨੇ ਆਪਣੇ ਕਾਰਜ ਖੇਤਰ ਦੌਰਾਨ ਇਕ ਵੱਖਰੇ ਕਿਸਮ ਦੇ ਵਿਅਕਤੀਤਵ ਦਾ ਬਿੰਬ ਬਣਾ ਲਿਆ ਹੈ, ਤੁਹਾਡੇ ਵਿਚਾਰ ਉਹਨਾਂ ਦੇ ਕਾਰਜ ਖੇਤਰ ਦਾ ਅਟੁੱਟ ਅੰਗ ਬਣ ਗਏ ਹਨ।

ਵਿਚਾਰਾਂ ਦੀ ਸਥਾਪਤੀ ਪ੍ਰਤੀ ਉਹ ਬਹੁਤ ਹੀ ਸੰਵੇਦਨਸ਼ੀਲ ਸਨ। ਜਦੋਂ ਵੀ ਕਿਸੇ ਨੇ ਉਹਨਾਂ ਦੀ ਬੌਧਿਕ ਦਲੀਲ ਉਪਰ ਕਾਟ ਕਰਨ ਦੀ ਖੇਚਲ ਕੀਤੀ ਜਾਂ ਉਸ ਨੂੰ ਕਾਟ ਕੀਤਾ ਤਾਂ ਉਹਨਾਂ ਨੇ ਉਸ ਦਾ ਡੱਟ ਕੇ ਵਿਰੋਧ ਹੀ ਨਹੀਂ ਕੀਤਾ ਬਲਕਿ ਉਹਦੇ ਬਰਾਬਰ ਜਾਂ ਉਸ ਦੀ ਦਲੀਲ ਦੇ ਕਮਜ਼ੋਰ ਅਤੇ ਬੌਧਿਕ ਕੰਗਾਲੀਏਪਣ ਦੇ ਬਖੀਏ ਵੀ ਉਧੇੜ ਦਿੱਤੇ। ਇਸ ਦੀ ਸਭ ਤੋਂ ਵੱਡੀ ਉਦਾਹਰਨ ਬਰਤਾਨੀਆ ਦੇ ਪ੍ਰੋਲੀਟੀਕਲ ਥੀਊਰੀ ਦੇ ਮੰਨੇ ਜਾਂਦੇ ਵਿਦਵਾਨ ਮਾਈਕਲ ਓਕਸ਼ਾਟ ਵੱਲੋਂ ਦਿੱਲੀ ਯੂਨੀਵਰਸਿਟੀ ਵਿਚ ਪ੍ਰੋ. ਰਣਧੀਰ ਸਿੰਘ ਨੂੰ ਵਿਦਿਆਰਥੀਆਂ ਸਾਹਮਣੇ ਇਕ ਚੁਣੌਤੀ ਦਿੱਤੀ ਕਿ ਉਹਨਾਂ ਕੋਲ ਜੇ ਸਮਰੱਥਾ ਹੈ ਤਾਂ ਉਹ ਉਸ ਦੀਆਂ ਦਲੀਲਾਂ ਦੀ ਕਾਟ ਕਰਨ ਅਤੇ ਆਪਣੀਆਂ ਦਲੀਲਾਂ ਨੂੰ ਸਥਾਪਿਤ ਕਰਨ। ਇਸ ਦਾ ਜਵਾਬ ਉਹਨਾਂ ਨੇ ਆਪਣੀ ਬਹੁਤ ਹੀ ਪ੍ਰਸਿੱਧ ਪੁਸਤਕ 'ਰੀਜ਼ਨ, ਰੈਵੂਲੇਸ਼ਨ ਅਤੇ ਪੁਲੀਟੀਕਲ ਥਿਊਰੀ' ਲਿਖ ਕੇ ਦਿੱਤਾ। ਜਿਸ ਕਿਤਾਬ ਨੂੰ ਦੁਨੀਆਂ ਭਰ ਦੇ ਪੁਲੀਟੀਕਲ ਥਿਊਰੀ ਦੇ ਮਾਹਿਰਾਂ ਨੇ ਸਲਾਹਿਆ। ਇਸ ਉਪਰੰਤ ਉਹਨਾਂ ਦੇਸ਼ ਦੇ ਵਿਚ ਜਿਸ ਕਿਸਮ ਦੇ ਵੀ ਰਾਜਨੀਤੀ ਦੇ ਸਵਾਲ ਸਮੇਂ ਸਮੇਂ ਉਤੇ ਉਭਰਦੇ ਰਹੇ, ਉਹਨਾਂ ਦੀਆਂ ਵਿਚਾਰਧਾਰਕ ਕਮਜ਼ੋਰੀਆਂ ਅਤੇ ਉਹਨਾਂ ਮਸਲਿਆਂ ਦੇ ਖਿਲਾਫ ਲੜ ਰਹੇ ਹਿੱਸਿਆਂ ਦੀਆਂ ਵਿਚਾਰਧਾਰਕ ਸੀਮਾਵਾਂ ਅਤੇ ਇਕ ਬਦਲਵੀਂ ਰਾਜਨੀਤੀ ਦੇ ਸੰਦਰਭ ਵਿਚ ਬਦਲ ਦਾ ਸਵਾਲ ਬਾਖੂਬੀ ਨਾਲ ਪੇਸ਼ ਕੀਤਾ। ਜੋ 'ਫਾਈਵ ਲੈਕਚਰਜ਼ ਇਨ ਮਾਰਕਸੀਅਨ ਮੋਡ' ਦੇ ਰੂਪ ਵਿਚ ਪ੍ਰਕਾਸ਼ਤ ਕੀਤਾ।

ਵੀਹਵੀਂ ਸਦੀ ਦਾ ਨੌਵਾਂ ਦਹਾਕਾ ਬੇਹੱਦ ਵੱਡੀਆਂ ਤਬਦੀਲੀਆਂ ਅਤੇ ਮੋੜਾਂ ਦਾ ਦਹਾਕਾ ਹੋ ਗੁਜ਼ਰਿਆ। ਇਕ ਪਾਸੇ ਸਮੁੱਚੀ ਦੁਨੀਆਂ ਸਰਮਾਏ ਦੇ ਚੱਕਰਾਂ ਵੱਲ ਨੂੰ ਵਧਣ ਲੱਗੀ ਅਤੇ ਦੂਸਰੇ ਪਾਸੇ ਇਸ ਸਰਮਾਏ ਨੂੰ ਰੋਕਣ ਵਾਲੇ ਵੱਖ-ਵੱਖ ਢੰਗਾਂ ਦੇ ਆਪੋ ਆਪਣੇ ਕਿਸਮ ਦੇ ਸਮਾਜਵਾਦੀ ਮਾਡਲ ਵੀ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਏ। ਜਿਸ ਨਾਲ ਵੀਹਵੀਂ ਸਦੀ ਦਾ ਆਖਰੀ ਦਹਾਕਾ ਇਕ ਬਦਲਵੇਂ ਵਿਚਾਰਾਂ ਅਤੇ ਰਾਜਨੀਤੀ ਦੀ ਹਾਰ ਦੇ ਰੂਪ ਵਿਚ ਅੰਕਿਤ ਹੋ ਗਿਆ। ਦੁਨੀਆਂ ਭਰ ਦੇ ਅਖ਼ਬਾਰਾਂ ਅਤੇ



ਮੈਗਜੀਨਾਂ ਨੇ ਸਮਾਜਵਾਦੀ ਮਾਡਲਾਂ ਦੇ ਬੁਨਿਆਦੀ ਆਧਾਰ ਨੂੰ ਸਮੁੱਚੀ ਵਿਦਵਤਾ 'ਚੋਂ ਖਾਰਜ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਬਲਕਿ ਉਸ ਪਿੱਛੇ ਕਾਰਜਸ਼ੀਲ ਵਿਚਾਰਧਾਰਕ ਆਧਾਰ ਜਿਸ ਦੀਆਂ ਜੜ੍ਹਾਂ ਕਾਰਲ ਮਾਰਕਸ ਵਿਚ ਪਈਆਂ ਸਨ, ਸਰਮਾਏ ਦੀ ਸਥਾਪਤੀ ਲਈ ਕਾਰਜਸ਼ੀਲ 'ਵਿਦਵਾਨਾਂ' ਨੇ ਨਵੇਂ ਕਿਸਮ ਦੇ ਵਿਚਾਰਧਾਰਕ ਆਧਾਰਾਂ ਲਈ ਨਵੇਂ ਕਿਸਮ ਦੇ ਸਿਧਾਂਤ ਅਤੇ ਰਾਜਨੀਤੀ ਨੂੰ ਜਨਮ ਦਿੱਤਾ। ਇਹ ਇਕ ਅਜਿਹਾ ਦੌਰ ਬਣ ਗਿਆ ਸੀ ਜਦੋਂ ਦਹਾਕਿਆਂ ਤੋਂ ਬਦਲਵੀਂ ਰਾਜਨੀਤੀ ਦੀ ਵਕਾਲਤ ਕਰਨ ਵਾਲੇ ਹਿੱਸੇ ਵੀ ਆਪਣੇ ਆਪ ਨੂੰ ਵਿਚਾਰਧਾਰਕ ਤੌਰ ਤੇ ਕੰਗਾਲ ਹੋਏ ਮਹਿਸੂਸ ਕਰਨ ਲੱਗੇ। ਪਰੰਤੂ ਜਿਸ ਕਿਸਮ ਦੀ ਦਹਾਕਿਆਂ ਦੀ ਬੌਧਿਕ ਸਮਰੱਥਾ ਪ੍ਰੋ. ਰਣਧੀਰ ਸਿੰਘ ਕੋਲ ਸੀ, ਉਸ ਨੇ ਉਹਨਾਂ ਨੂੰ ਇਸ ਦੌਰ ਵਿਚ ਬੜੀ ਤਾਕਤ ਨਾਲ ਕਲਮ ਉਠਾਉਣ ਲਈ ਪ੍ਰੇਰਿਆ ਅਤੇ ਆਪਣੇ ਵਿਚਾਰਾਂ ਨੂੰ ਹੋਰ ਸਿਧਾਂਤਕ ਪੱਧਰ ਤੇ ਨਿਖਾਰ ਕੇ ਲੋਕਾਂ ਦੇ ਸਨਮੁਖ ਰੱਖਣ ਲਈ ਉਤਸ਼ਾਹਿਤ ਕੀਤਾ। ਹਾਲਾਂਕਿ ਇਹ ਅਜਿਹਾ ਦੌਰ ਸੀ ਜਦੋਂ ਕਿਸੇ ਪਾਸੇ ਵੀ ਕੋਈ ਚੰਗੀ ਹਵਾ ਨਹੀਂ ਸੀ ਆ ਰਹੀ ਬਲਕਿ ਹਰ ਪਾਸੇ ਨਿਰਾਸ਼ਤਾ ਦਾ ਦੌਰ ਹਰ ਖੇਤਰ ਨੂੰ ਆਪਣੇ ਕਲਾਵੇ ਵਿਚ ਲੈ ਰਿਹਾ ਸੀ। ਪ੍ਰੋ. ਰਣਧੀਰ ਸਿੰਘ ਨੇ ਵੱਡ ਅਕਾਰੀ ਪੁਸਤਕ 'ਕਰਾਇਸਿਸ ਇਨ ਸ਼ੋਸ਼ਲਿਜ਼ਮ-ਨੋਟਿਸ ਇਨ ਦਾ ਡਿਫੈਂਸ ਆਫ਼ ਕਮਿਟਮੈਂਟ' ਲਿਖੀ। ਇਸ ਪੁਸਤਕ ਦੇ ਮੁਢਲੇ ਅਧਿਆਇ ਕਿ ਕਿਸ ਤਰ੍ਹਾਂ



ਕਾਰਲ ਮਾਰਕਸ ਦੇ ਮਾਰਕਸਵਾਦ ਨੂੰ ਸਮਝਿਆ ਜਾਵੇ ਰਾਹੀਂ ਵੱਖ-ਵੱਖ ਵੰਨਗੀਆਂ ਦੇ ਵਿਚਾਰਧਾਰਕ ਸਕੂਲਾਂ ਜਿਹਨਾਂ ਵਿਚ ਨਵ-ਮਾਰਕਸਵਾਦ ਤੋਂ ਲੈ ਕੇ ਉਤਰਆਧੁਨਿਕਵਾਦ ਦੇ ਬਖੀਏ ਉਖੇੜ ਦਿੱਤੇ। ਇਹਨਾਂ ਦੇ ਵਿਚਾਰਧਾਰਕ ਆਧਾਰਾਂ ਅਤੇ ਉਹਨਾਂ ਵਿਚਲੇ ਖੱਪਿਆਂ ਨੂੰ ਉਭਾਰ ਕੇ ਸਾਹਮਣੇ ਰੱਖਿਆ ਕਿ ਕਿਸ ਤਰ੍ਹਾਂ ਇਹ ਨਵੀਆਂ ਵਿਚਾਰਧਾਰਾਵਾਂ ਸਰਮਾਏ ਦੇ ਚੱਲਣ ਢੰਗਾਂ ਦੀਆਂ ਛੋਟੀਆਂ ਮੋਟੀਆਂ ਦਿੱਕਤਾਂ ਅਤੇ ਤਬਦੀਲੀਆਂ ਨੂੰ ਹਲ ਕਰਨ ਜਾਂ ਉਹਨਾਂ 'ਚ ਕਿਸੇ ਨਾ ਕਿਸੇ ਪੱਧਰ ਦਾ ਛੋਟਾ ਮੋਟਾ ਤਬਦੀਲੀ ਦਾ ਵਿਚਾਰ ਸ਼ਾਮਿਲ ਕਰਨ ਤੱਕ ਹੀ ਸੀਮਿਤ ਹਨ। ਇਸ ਵੱਡ ਆਕਾਰੀ ਲਿਖਤ ਵਿਚ ਉਹਨਾਂ ਨੇ ਸਰਮਾਏ ਦੇ ਚੱਲਣ ਢੰਗਾਂ ਅਤੇ ਜਮਹੂਰੀਅਤਾਂ ਦੇ ਆਪਸੀ ਸਬੰਧਾਂ ਅਤੇ ਟਕਰਾਵਾਂ ਨੂੰ ਬਾਖੂਬੀ ਨਾਲ ਉਧੇੜ ਕੇ ਪੇਸ਼ ਕੀਤਾ ਹੈ। ਇਸ ਕਾਰਜ ਲਈ ਉਹਨਾਂ ਨੇ ਪ੍ਰਸਿੱਧ ਵਿਦਵਾਨ ਈਲਨ ਮਿਕਸਨ ਵੂਡ ਦਾ ਵਾਰ ਵਾਰ ਜ਼ਿਕਰ ਕੀਤਾ ਹੈ ਜੋ ਪ੍ਰੋ. ਰਣਧੀਰ ਸਿੰਘ ਤੋਂ ਚੌਦਾਂ ਦਿਨ ਪਹਿਲਾਂ ਅਲਵਿਦਾ ਕਹਿ ਗਈ ਹੈ। ਇਸ ਵੱਡ ਆਕਾਰੀ ਪੁਸਤਕ ਦੀ ਲਿਖਤ ਦੇ ਅੰਤਲੇ ਸਫੇ ਵੱਖ-ਵੱਖ ਇਲਾਕਿਆਂ, ਖੇਤਰਾਂ ਅਤੇ ਹਿੱਸਿਆਂ ਵਿਚ ਚਲਦੀਆਂ ਲਹਿਰਾਂ ਦਾ ਉਲੇਖ ਕਰਦੇ ਹਨ ਅਤੇ ਉਹਨਾਂ ਦੇ ਵਿਚਾਰਧਾਰਕ ਕਮਜੋਰ ਪੱਖਾਂ ਉਪਰ ਉਂਗਲੀ ਰੱਖਦੇ ਹਨ ਅਤੇ ਇਹਨਾਂ ਲਹਿਰਾਂ ਨੂੰ ਸਹੀ ਦਿਸ਼ਾ ਵੱਲ ਮੋੜਾਂ ਦੇਣ ਦੀ ਵਕਾਲਤ ਵੀ ਕਰਦੇ ਹਨ ਅਤੇ ਵਾਰ ਵਾਰ ਇਸ ਗੱਲ ਦਾ ਅਹਿਸਾਸ ਵੀ ਕਰਾਉਂਦੇ ਹਨ ਕਿ ਜੇ ਸਰਮਾਏ ਦੇ ਦੌਰ ਦਾ ਅਜਿਹਾ ਹੀ ਚੱਲਣ ਢੰਗ ਰਿਹਾ ਤਾਂ ਇਸ ਦੁਨੀਆਂ ਉਪਰ ਹਜ਼ਾਰਾਂ ਸਾਲਾਂ ਤੋਂ ਆਪਣੀਆਂ ਕਿਰਤਾਂ ਰਾਹੀਂ ਵਿਕਸਿਤ ਹੋਈ ਮਾਨਵਤਾ ਖਾਤਮੇ ਵੱਲ ਨੂੰ ਵੱਧ ਸਕਦੀ ਹੈ।

ਪ੍ਰੋ. ਰਣਧੀਰ ਸਿੰਘ ਜਿੱਥੇ ਵੱਡੇ ਸਵਾਲਾਂ ਨਾਲ ਆਪਣੇ ਆਪ ਨੂੰ ਜੋੜੀ ਰੱਖਦੇ ਸਨ, ਉਥੇ ਉਹਨਾਂ ਨੇ ਆਪਣੀ ਬੌਧਿਕ ਅਤੇ ਵਿਚਾਰਧਾਰਕ ਪ੍ਰਪੱਕਤਾ ਦਾ ਅਹਿਸਾਸ ਪ੍ਰਸਿੱਧ ਮਾਰਕਸਵਾਦੀ ਚਿੰਤਕਾਂ ਪਾਲ ਐਮ ਸਵੀਜੀ ਅਤੇ ਹੈਰੀ ਮੈਕਡਾਫ ਨੂੰ ਵੀ ਸੀ। ਪ੍ਰਸਿੱਧ ਵਿਦਵਾਨ ਵਿਕਟਰ ਕੈਰੀਨਨ ਲਗਾਤਾਰ ਉਹਨਾਂ ਦੇ ਪ੍ਰੇਰਨਾਮਈ ਆਗੂ ਅਤੇ ਦੋਸਤ ਬਣੇ ਰਹੇ। ਦੁਨੀਆਂ ਦੀਆਂ ਵਿਚਾਰਧਾਰਕ ਬਹਿਸਾਂ ਤੋਂ ਪ੍ਰੋ. ਰਣਧੀਰ ਸਿੰਘ ਉਕਾ ਹੀ ਦੂਰ ਨਹੀਂ ਸਨ। ਉਹ ਉਹਨਾਂ ਨੂੰ ਸਮਝਣ, ਉਹਨਾਂ 'ਚ ਆਪਣਾ ਬਣਦਾ ਯੋਗਦਾਨ ਪਾਉਣ ਦੇ ਬੇਹੱਦ ਸਮਰੱਥ ਸਨ। ਜਿਸ ਕਰਕੇ ਉਹਨਾਂ ਦੀ ਇਹ ਲਿਖਤ ਦੁਨੀਆਂ ਭਰ ਦੇ ਹਲਕਿਆਂ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਉਹਨਾਂ ਨੇ ਜਿੱਥੇ ਸਮਾਜਵਾਦ ਦੇ ਵਿਚਾਰਧਾਰਕ ਸੰਕਟਾਂ, ਖੱਪਿਆਂ ਅਤੇ ਉਸ ਵਿਚਲੇ ਕਮਜੋਰ ਪੱਖਾਂ ਉਪਰ ਉਂਗਲੀ ਉਠਾਈ ਉਥੇ ਉਹਨਾਂ ਨਿਡਰਤਾ ਅਤੇ ਦੁਸ਼ਮਨਾਨਾਂ ਢੰਗ ਨਾਲ ਸਰਮਾਏ ਦੇ ਚੱਲਣ ਢੰਗਾਂ ਉਪਰ ਵੀ ਆਪਣੀਆਂ ਬੌਧਿਕਤਾ ਸਥਾਪਿਤ ਕੀਤੀ। ਜਿਸ ਕਿਸਮ ਨਾਲ ਪ੍ਰੋ. ਰਣਧੀਰ ਸਿੰਘ ਨੇ ਵਿਚਾਰਧਾਰਕ ਪੱਧਰ ਤੇ ਕਾਰਜ ਕੀਤਾ ਹੈ, ਉਹਨਾਂ ਨੂੰ ਬੇਹੱਦ ਗੰਭੀਰਤਾ ਅਤੇ ਡੂੰਘਾਈ ਨਾਲ ਸਾਡੇ ਸਮਿਆਂ ਦੇ ਵਿਦਵਾਨਾਂ ਨੇ ਨੀਝ ਨਾਲ ਵਾਚਿਆ ਹੀ ਨਹੀਂ। ਵੱਖ-ਵੱਖ ਪੱਧਰ ਤੇ ਸਮਾਜ ਨੂੰ ਤਬਦੀਲ ਕਰਨ ਵਾਲੇ ਅਗਵਾਨੂਆਂ ਨੇ ਵੀ ਅਜੇ ਪ੍ਰੋ. ਰਣਧੀਰ ਸਿੰਘ ਦੀ ਵਿਚਾਰਧਾਰਕ ਤਾਕਤ ਨੂੰ ਜੱਚ ਕੇ ਨਾ ਤਾਂ ਸਮਝਿਆ ਹੈ ਅਤੇ ਨਾ ਹੀ ਆਪਣੀਆਂ ਲਹਿਰਾਂ ਲਈ ਉਹਨਾਂ ਦੀਆਂ ਵਿਚਾਰਧਾਰਕ ਧਾਰਨਾਵਾਂ ਤੋਂ ਸਬਕ ਕੱਢ ਕੇ ਅਜੋਕੇ ਸਮਿਆਂ ਦੇ ਮਸਲਿਆਂ ਨੂੰ ਨਜਿੱਠਣ ਲਈ ਤਾਕਤ ਹਾਸਲ ਕੀਤੀ ਹੈ। ਇੰਜ ਲੱਗਦਾ ਹੈ ਕਿ ਪ੍ਰੋ. ਰਣਧੀਰ ਸਿੰਘ ਆਪਣਾ ਕਾਰਜ ਕਰ ਗਏ ਅਜੇ ਉਹਨਾਂ ਦੇ ਕਾਰਜ ਨੂੰ ਅਮਲੀ ਰੂਪ ਦੇਣਾ ਅਤੇ ਉਸ ਲਈ ਇਕ ਵੱਡੀ ਵਿਦਵਤਾ ਵਾਲੀ ਸ਼ਕਤੀ ਦੇ ਵਿਕਸਿਤ ਹੋਣ ਦਾ ਕਾਰਜ ਸਾਡੇ ਸਾਰਿਆਂ ਦੇ ਸਨਮੁਖ ਪਿਆ ਹੈ। ਉਹਨਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੀ ਹੋ ਸਕਦੀ ਹੈ ਕਿ ਅਸੀਂ ਉਹਨਾਂ ਦੀ ਸਮੁੱਚੀ ਪ੍ਰਤੀਬੱਧਤਾ ਤੇ ਸੋਚ ਨੂੰ ਆਪਣੇ ਸੋਚਣ ਢੰਗ ਦਾ ਅਟੁੱਟ ਅੰਗ ਬਣਾਈਏ ਅਤੇ ਉਹਨਾਂ ਨੇ ਜਿਵੇਂ ਕਾਰਲ ਮਾਰਕਸ ਬਾਰੇ ਲਿਖਿਆ ਕਿ ਜਿਸ ਕਿਸਮ ਨਾਲ ਕਾਰਲ ਮਾਰਕਸ ਆਪਣੇ ਸਮਿਆਂ ਵਿਚ ਆਪਣੇ ਹਾਲਾਤਾਂ ਨੂੰ ਸਮਝਦਾ ਸੀ ਅਤੇ ਉਹਨਾਂ ਨੂੰ ਤਬਦੀਲ ਕਰਨ ਵਿਚ ਆਪਣੀ ਵਿਚਾਰਧਾਰਕ ਦੀ ਪੁੱਠ ਚਾੜ੍ਹਦਾ ਸੀ, ਉਸ ਤਰ੍ਹਾਂ ਅਸੀਂ ਅਜੋਕੇ ਸਮਿਆਂ ਨੂੰ ਸਮਝੀਏ ਅਤੇ ਇਕ ਬਦਲ ਲਈ ਵਿਚਾਰਧਾਰਕ ਆਧਾਰ ਵਾਸਤੇ ਪ੍ਰੋ. ਰਣਧੀਰ ਸਿੰਘ ਹੁਰਾਂ ਦੀਆਂ ਲਿਖਤਾਂ ਤੇ ਵਿਚਾਰਾਂ ਨੂੰ ਹਿੱਸਾ ਬਣਾਈਏ। ਜਿਹੜੇ ਜਿਸ ਵੀ ਖੇਤਰ ਵਿਚ ਹੋਣ ਚਾਹੇ ਉਹ ਸੰਘਰਸ਼ਸ਼ੀਲ ਹਿੱਸਿਆਂ ਦੀ ਅਗਵਾਈ ਕਰ ਰਹੇ ਹੋਣ, ਚਾਹੇ ਸੰਸਥਾਵਾਂ ਵਿਚ ਨਵੇਂ ਵਿਚਾਰਾਂ ਨੂੰ ਲਾਉਣ ਦਾ ਕਾਰਜ ਕਰ ਰਹੇ ਹੋਣ, ਚਾਹੇ ਉਹ ਭਾਰਤ ਦੇ ਗਰੀਬ ਲੋਕਾਂ ਨੂੰ ਜਿੱਲਣ ਚੋਂ ਕੱਢਣ ਲਈ ਇਕ ਬਦਲਵੇਂ ਸਮਾਜ ਦਾ ਸੁਪਨਾ ਸਾਕਾਰ ਕਰਨ ਲਈ ਕਾਰਜ ਕਰ ਰਹੇ ਹੋਣ। ਉਹਨਾ ਨੂੰ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਦੇ ਰੂਬਰੂ ਕਰਨਾ ਸਮੇਂ ਦੀ ਜ਼ਰੂਰਤ ਹੈ। ਇਹੀ ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੈ।

# 23 ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ ਲਈ ਉਨ੍ਹਾਂ ਦੀਆਂ ਲਿਖਤਾਂ ਨੂੰ ਡੂੰਘਾਈ ਨਾਲ ਪੜ੍ਹਨਾ ਬਹੁਤ ਜ਼ਰੂਰੀ

## ਕਈ ਦਹਾਕਿਆਂ ਤੋਂ ਪਿਛੋਂ ਉਨ੍ਹਾਂ ਦੀਆਂ ਲਿਖਤਾਂ 100 ਫੀਸਦੀ ਸੱਚ ਸਾਬਤ ਹੋ ਰਹੀਆਂ ਹਨ। - ਸੰਪਾਦਕ

**ਅਸੀਂ ਭਾਰਤੀ**

ਸਾਡੀ ਨਜ਼ਰ ਕਮਜ਼ੋਰ ਹੈ। ਸਾਡਾ ਦਿਮਾਗ ਮੰਦ ਹੋ ਗਿਆ ਹੈ। ਸਾਡਾ ਦਿਲ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ। ਅਸੀਂ ਦੁਨੀਆ ਦੀ ਸ਼ਾਂਤੀ ਦੀ ਹੀ ਫ਼ਿਕਰ ਕਰਨੀ ਹੈ, ਆਪਣੇ ਦੇਸ਼ ਵਾਸਤੇ ਅਸੀਂ ਕੁਝ ਨਹੀਂ ਕਰ ਸਕਦੇ ਤੇ ਕੁਝ ਨਹੀਂ ਕਰ ਰਹੇ। ਸਾਨੂੰ ਤਾਂ ਸਾਡੇ ਦਕਿਆਨੂਸੀ (ਪਿਛਾਂਹ ਖਿੱਚੂ) ਖਿਆਲਾਤ ਹੀ ਸਾਨੂੰ ਗਰਕ ਕਰੀ ਜਾਂਦੇ ਹਨ। ਅਸੀਂ ਰੱਬ ਤੇ ਸਵਰਗ ਦੇ ਰੰਡੀ-ਰੋਣ ਵਿਚ, ਆਤਮਾ ਪ੍ਰਮਾਤਮਾ ਦੇ ਸਿਆਪੇ ਵਿਚ ਫਸੇ ਰਹਿੰਦੇ ਹਾਂ। ਅਸੀਂ ਯੂਰਪ ਨੂੰ ਝੱਟ ਮਾਇਆਵਾਦੀ ਕਹਿ ਦਿੰਦੇ ਹਾਂ ਤੇ ਉਨ੍ਹਾਂ ਦੇ ਜੋ ਵੱਡੇ ਵੱਡੇ ਉਚੇ ਵਿਚਾਰ ਹਨ, ਉਨ੍ਹਾਂ ਵੱਲ ਧਿਆਨ ਨਹੀਂ ਦਿੰਦੇ। ਅਸੀਂ ਰੂਹਾਨੀਅਤ ਪਸੰਦ ਜੋ ਹੋਏ। ਅਸੀਂ ਵੱਡੇ ਤਿਆਗੀ ਜੋ ਹੋਏ....ਛੋਟੇ ਹੁੰਦੇ ਤੋਂ ਹੀ ਬੱਚਿਆਂ ਨੂੰ ਦੱਸਣਾ ਸ਼ੁਰੂ ਕਰ ਦਿੰਦੇ ਹਾਂ ਕਿ ਜੋ ਕੁਝ ਵੀ ਹੈ ਰੱਬ ਹੈ। ਆਦਮੀ ਤਾਂ ਕੁਝ ਵੀ ਨਹੀਂ, ਮਿੱਟੀ ਦਾ ਪੁਤਲਾ ਹੈ। ਇਸ ਵਿਚਾਰ ਦੇ ਦਿਲ 'ਚ ਘਰ ਕਰਦਿਆਂ ਹੀ ਆਦਮੀ ਵਿਚ ਆਤਮ-ਵਿਸ਼ਵਾਸ ਦਾ ਭਾਵ ਮਾਰਿਆ ਜਾਂਦਾ ਹੈ। ਉਹਨੂੰ ਲੱਗਣ ਲੱਗ ਪੈਂਦਾ ਹੈ ਕਿ ਉਹ ਬਹੁਤ ਕਮਜ਼ੋਰ ਹੈ। ਉਹ ਐਵੇਂ ਹੀ ਡਰਿਆ ਰਹਿੰਦਾ ਹੈ। ਜਿੰਨੀ ਦੇਰ ਇਹ ਡਰ ਮੌਜੂਦ ਹੈ, ਉਦੋਂ ਤੱਕ ਪੂਰਨ ਸੁੱਖ ਤੇ ਸ਼ਾਂਤੀ ਨਹੀਂ ਹੋ ਸਕਦੀ।

**-ਸ਼ਹੀਦ ਭਾਗਤ ਸਿੰਘ**

ਆਲੋਚਨਾ ਤੇ ਆਜ਼ਾਦ ਵਿਚਾਰ ਕਿਸੇ ਇਨਕਲਾਬੀ ਦੇ ਜ਼ਰੂਰੀ ਗੁਣ ਹਨ। ਨਿਰਾ ਵਿਸ਼ਵਾਸ ਤੇ ਅੰਧ ਵਿਸ਼ਵਾਸ ਖਤਰਨਾਕ ਹੁੰਦਾ ਹੈ ਤੇ ਬੰਦਾ ਪਿਛਾਂਹ-ਖਿੱਚੂ ਬਣ ਜਾਂਦਾ ਹੈ।

**- ਸ਼ਹੀਦ ਭਗਤ ਸਿੰਘ**

ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁੱਹਬਤ ਦੀ ਥਾਂ ਉਨ੍ਹਾਂ ਨੂੰ ਇਕ ਦੂਜੇ ਨਾਲ ਨਫ਼ਰਤ ਕਰਨੀ ਸਿਖਾਵੇ, ਅੰਧ ਵਿਸ਼ਵਾਸ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ 'ਚ ਰੁਕਾਵਟ ਬਣੇ, ਦਿਮਾਗ ਨੂੰ ਖੁੰਡੇ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ।

**- ਸ਼ਹੀਦ ਭਗਤ ਸਿੰਘ**

**ਅਸਲ ਧਰਮ**

ਭਾਰਤ ਦੀ ਧਰਤੀ ਮੇਰਾ ਸਵਰਗ ਹੈ, ਇਥੇ ਵਿਚਰਨ ਵਾਲਾ ਹਰ ਇਨਸਾਨ ਮੇਰਾ ਦੇਵਤਾ ਹੈ, ਭਗਵਾਨ ਹੈ। ਮੇਰੇ ਸਵਰਗ ਨੂੰ ਨਰਕ ਬਣਉਣ ਵਾਲਿਆਂ ਨੂੰ ਖਤਮ ਕਰਨ ਦਾ, ਜਮਾਤ ਰਹਿਤ ਸਮਾਜ ਉਸਾਰਨ ਦਾ ਹਰ ਯਤਨ ਮੇਰਾ ਧਰਮ ਹੈ।

**- ਸ਼ਹੀਦ ਭਗਤ ਸਿੰਘ**

**ਅਰਾਜਕਤਾਵਾਦੀ**

ਜਦੋਂ ਵੀ ਕੋਈ ਆਦਮੀ ਆਪਣੀ ਆਜ਼ਾਦੀ ਖਾਤਰ ਪਿਸਤੌਲ ਜਾਂ ਬੰਬ ਲੈ ਕੇ ਨਿਕਲਦਾ ਹੈ, ਤਦੇ ਹੀ ਸਾਰੇ ਹਾਕਮ ਤੇ ਉਨ੍ਹਾਂ ਦੇ ਪਿੱਠ ਅਨਾਰਕਿਸਟ, ਅਨਾਰਕਿਸਟ ਕਹਿ ਕੇ ਦੁਨੀਆ ਨੂੰ ਡਰਾ ਦਿੰਦੇ ਹਨ। ਉਸ ਨੂੰ ਇਕ ਬੜਾ ਖੂੰਖਾਰ ਆਦਮੀ ਸਮਝਿਆ ਜਾਂਦਾ ਹੈ, ਜਿਸ ਦੇ ਦਿਲ ਵਿਚ ਜ਼ਰਾ ਵੀ ਤਰਸ ਨਾ ਹੋਵੇ ਤੇ ਖ਼ੂਨ ਦਾ ਪਿਆਸਾ ਹੋਵੇ। ਹਾਲਾਂਕਿ ਅਨਾਰਕਿਸਟ ਸਭ ਤੋਂ ਵੱਧ ਦਰਦਮੰਦ ਦਿਲ ਵਾਲੇ, ਸਾਰੀ ਦੁਨੀਆ ਦਾ ਭਲਾ ਚਾਹੁਣ ਵਾਲੇ ਹੁੰਦੇ ਹਨ। ਉਨ੍ਹਾਂ ਦੇ ਵਿਚਾਰਾਂ ਨਾਲ ਭੇਦ ਰੱਖਦਿਆਂ ਹੋਇਆਂ ਵੀ ਉਨ੍ਹਾਂ ਦੀ ਗੰਭੀਰਤਾ, ਲੋਕ ਪਿਆਰ, ਤਿਆਗ ਤੇ ਸੱਚਾਈ ਆਦਿ ਉਪਰ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ... ਇਹ ਪਹਿਲਾਂ ਤੋਂ ਹੀ ਰੱਬ ਤੇ ਮਜ਼੍ਹਬ ਦੇ ਵਿਰੁੱਧ ਹਨ ਕਿਉਂਕਿ ਇਹ ਦਿਮਾਗੀ ਗੁਲਾਮੀ ਦੀ ਜੜ੍ਹ ਹਨ। ਇਹ ਸਰਕਾਰ ਦੇ ਵਿਰੁੱਧ ਹਨ ਕਿਉਂਕਿ ਉਹ ਭੌਤਿਕ ਗੁਲਾਮੀ ਦੀ ਜੜ੍ਹ ਹੈ। ਉਹ ਕਹਿੰਦੇ ਹਨ ਕਿ ਆਦਮੀ ਨੂੰ ਸੁਰਗ ਦਾ ਲਾਲਚ, ਨਰਕ ਦਾ ਡਰ ਜਾਂ ਕਾਨੂੰਨ ਦਾ ਡੰਡਾ ਦਿਖਾ ਕੇ ਨੇਕ ਕੰਮ ਕਰਨ ਦੀ ਪ੍ਰੇਰਨਾ ਦੇਣਾ ਗਲਤ ਹੈ, ਆਦਮੀ ਵਰਗੇ ਉਚੇ ਜੀਵ ਦੀ ਹੱਤਕ ਹੈ। ਉਹ ਤਿੰਨ ਗੱਲਾਂ ਨੂੰ ਦੁਨੀਆ ਦੇ ਤਖਤੇ ਤੋਂ ਮਿਟਾ ਦੇਣਾ ਚਾਹੁੰਦੇ ਹਨ-ਮਜ਼੍ਹਬ, ਸਟੇਟ ਤੇ ਨਿੱਜੀ ਜਾਇਦਾਦ। ...ਸ੍ਰੀ ਕ੍ਰਿਸ਼ਨ ਅਰਜਨ ਨੂੰ ਨਿਸ਼ਕਾਮ ਭਾਵ ਨਾਲ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਵੀ ਉਸਨੂੰ ਮਰਨ ਉਪਰੰਤ ਸੁਰਗ ਦਾ ਤੇ ਜਿੱਤ ਜਾਣ 'ਤੇ ਰਾਜ ਭਾਗ ਦਾ ਲਾਲਚ ਦੇਣੋਂ ਨਾ ਰਹੇ, ਪਰ ਅੱਜ ਅਸੀਂ ਅਨਾਰਕਿਸਟਾਂ ਦੀਆਂ ਕੁਰਬਾਨੀਆਂ ਦੇਖਦੇ ਹਾਂ ਤਾਂ ਚਿੱਤ ਵਿਚ ਆਉਂਦਾ ਹੈ ਕਿ ਉਨ੍ਹਾਂ ਦੇ ਪੈਰ ਚੁੰਮ ਲਈਏ। ਨਾ ਖੁਦਾ ਨੂੰ ਖ਼ੁਸ਼ ਕਰਨ ਦਾ ਲਾਲਚ ਹੈ, ਨਾ ਸਵਰਗ ਵਿਚ ਜਾ ਕੇ ਮੌਜਾਂ ਮਾਨਣ ਦਾ ਲੋਭ, ਨਾ ਅਗਲੇ ਜਨਮ ਵਿਚ ਸੁੱਖ ਮਿਲਣ ਦੀ ਆਸਾ। ਫਿਰ ਵੀ ਹੱਸਦਿਆਂ ਹੱਸਦਿਆਂ ਲੋਕਾਂ ਦੀ ਖਾਤਰ, ਸੱਚਾਈ ਦੀ ਖਾਤਰ ਜਾਨ ਵਾਰ ਦੇਣੀ ਕੀ ਕੋਈ ਛੋਟੀ ਜਿਹੀ ਗੱਲ ਹੈ?

**- ਸ਼ਹੀਦ ਭਗਤ ਸਿੰਘ**

ਅਹਿੰਸਾ ਸਾਰੇ ਜਨਤਕ ਅੰਦੋਲਨਾਂ ਦਾ ਲਾਜ਼ਮੀ ਸਿਧਾਂਤ ਹੋਣਾ ਚਾਹੀਦਾ ਹੈ।....ਹਿੰਸਾ ਦੀ ਵਰਤੋਂ ਤਦ ਹੀ ਦਰੁਤਸ ਹੈ, ਜਦੋਂ ਇਸ ਤੋਂ ਬਿਨਾ ਕਿਸੇ ਬੇਹੱਦ ਔਖੀ ਸਥਿਤੀ ਵਿਚੋਂ ਨਿਕਲਣ ਦਾ ਕੋਈ ਹੋਰ ਰਾਹ ਨਾ ਰਹਿ ਗਿਆ ਹੋਵੇ।.....ਜਦੋਂ ਤਾਕਤ ਦੀ ਵਰਤੋਂ ਕਿਸੇ ਮਹਾਨ ਉਦੇਸ਼ ਦੀ ਪੂਰਤੀ ਲਈ ਕੀਤੀ ਜਾਵੇ ਤਾਂ ਨੈਤਿਕ ਤੌਰ 'ਤੇ ਇਹ ਉਚਿਤ ਹੈ।

**- ਸ਼ਹੀਦ ਭਗਤ ਸਿੰਘ**

ਹਿੰਸਾ, ਅਹਿੰਸਾ ਅਤੇ ਇਨਕਲਾਬੀ

ਜਿਥੋਂ ਤੱਕ ਸ਼ਾਂਤੀਪੂਰਨ ਜਾਂ ਦੂਜੇ ਤਰੀਕੇ ਰਾਹੀਂ ਇਨਕਲਾਬੀ ਆਦਰਸ਼ਾਂ ਨੂੰ ਸਥਾਪਤ ਕਰਨ ਦਾ ਸਬੰਧ ਹੈ, ਅਸੀਂ ਐਲਾਨ ਕਰਦੇ ਹਾਂ-ਇਸ ਨੂੰ ਚੁਣਨ ਦੀ ਖੁੱਲ੍ਹ ਵਕਤ ਦੇ ਹਾਕਮਾਂ ਦੀ ਮਰਜ਼ੀ ਉਪਰ ਨਿਰਭਰ ਹੈ। ਇਨਕਲਾਬੀ ਆਪਣੇ ਮਨੁੱਖੀ ਪਿਆਰ ਦੇ ਗੁਣਾਂ ਕਰਕੇ ਮਨੁੱਖਦੇ ਪੁਜਾਰੀ ਹਨ, ਸਦੀਵੀ ਤੇ ਸੱਚੇ ਅਮਨ ਨੂੰ ਚਾਹੁੰਦੇ ਸਨ ਜਿਸ ਦੀਆਂ ਨੀਹਾਂ ਇਨਸਾਫ਼ ਤੇ ਬਰਾਬਰੀ ਤੇ ਟਿੱਕੀਆਂ ਹੋਣ। ਅਸੀਂ ਝੂਠੇ ਤੇ ਵਿਖਾਵੇ ਦੇ ਅਮਨ ਦੇ ਹਾਮੀ ਨਹੀਂ ਜੋ ਬੁਜਦਿਲੀ ਤੋਂ ਉਪਜਦਾ ਹੈ ਅਤੇ ਨੇਜਿਆਂ ਤੇ ਬੰਦੂਕਾਂ ਦੇ ਸਹਾਰੇ ਜਿਉਂਦਾ ਹੈ। ਜੇ ਇਨਕਲਾਬੀ ਬੰਬਾਂ ਤੇ ਪਿਸਤੌਲਾਂ ਦਾ ਸਹਾਰਾ ਲੈਂਦਾ ਹੈ ਤਾਂ ਇਹ ਐਡ ਦੀ ਲੋੜ ਵਿਚੋਂ ਹੁੰਦਾ ਹੈ ਅਤੇ ਆਖਰੀ ਦਾਅਵੇ ਦੇ ਤੌਰ 'ਤੇ। ਸਾਡਾ ਵਿਸ਼ਵਾਸ ਹੈ ਕਿ ਅਮਨ-ਕਾਨੂੰਨ ਮਨੁੱਖ ਵਾਸਤੇ ਹੁੰਦਾ ਹੈ ਨਾ ਕਿ ਮਨੁੱਖ ਅਮਨ-ਕਾਨੂੰਨ ਵਾਸਤੇ।

**ਸ਼ਹੀਦ ਭਗਤ ਸਿੰਘ ਤੇ ਪੰਜ ਸਾਥੀਆਂ ਦੇ ਇਕ ਪੱਤਰ ਵਿਚੋਂ**

**ਦੁਸ਼ਮਣ ਕੌਣ?**

ਸਮਾਜ ਦੇ ਦੁਸ਼ਮਣ ਵਿਅਕਤੀ, ਨਹੀਂ ਸਗੋਂ ਉਹ ਸੰਸਥਾਵਾਂ ਹੁੰਦੀਆਂ, ਜੋ ਲੁੱਟ ਦੇ ਤੰਤਰ ਨੂੰ ਬਣਾਈ ਰੱਖਣ ਤੇ ਚਲਾਈ ਰੱਖਣ ਵਿਚ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਹਿੱਸੇਦਾਰ ਹੁੰਦੀਆਂ ਹਨ।

**- ਸ਼ਹੀਦ ਭਗਤ ਸਿੰਘ**

ਮੈਨੂੰ ਕੋਈ ਸ਼ੱਕ ਨਹੀਂ ਕਿ ਭਾਰਤ ਇਕ ਦਿਨ ਜ਼ਰੂਰ ਹੋ ਜਾਵੇਗਾ, ਪਰ ਮੈਨੂੰ ਖਦਸ਼ਾ ਹੈ ਕਿ ਗੋਰੇ ਸਾਹਿਬਾਂ ਦੀ ਭੂਰੇ ਸਾਹਿਬ ਆ ਜਾਣਗੇ ਤੇ ਦੇਸ਼ ਦੇ ਲੋਕਾਂ, ਖਾਸ ਕਰਕੇ ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਤੇ ਖੇਤਾਂ ਵਿਚ ਕੰਮ ਕਰਦੇ ਕਿਸਾਨਾਂ ਕਾਮਿਆਂ ਦੀ ਲੁੱਟ ਬੰਦ ਨਹੀਂ ਹੋਵੇਗੀ।

**- ਸ਼ਹੀਦ ਭਗਤ ਸਿੰਘ**

**ਤਰਕਸ਼ੀਲਤਾ**

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਵੇਗਾ, ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਵੇਗਾ, ਪ੍ਰਚਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ਼ ਨੂੰ ਚੈਲਿੰਜ ਕਰਨਾ ਪਵੇਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ-ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਪੁਰਾਤਨ ਵਿਸ਼ਵਾਸਾਂ ਨੂੰ ਤਬਾਹ ਕਰਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨ ਦਾ ਹੋਵੇਗਾ।

**- ਸ਼ਹੀਦ ਭਗਤ ਸਿੰਘ**

ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਜਨਤਾ ਦੀ ਮਾਨਸਿਕ ਅਜ਼ਾਦੀ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਜਨਤਾ ਦੇ ਆਰਥਿਕ ਪੱਧਰ ਨੂੰ ਉਚਾ ਚੁੱਕਿਆ ਜਾਵੇ ਤੇ ਉਨ੍ਹਾਂ ਨੂੰ ਕਿਸਮਤਵਾਦ ਦੇ ਚੱਕਰ ਵਿਚੋਂ ਬਾਹਰ ਕੱਢਿਆ ਜਾਵੇ।

**- ਸ਼ਹੀਦ ਭਗਤ ਸਿੰਘ**

**ਦਿਮਾਗੀ ਗੁਲਾਮੀ**

.....ਸਾਨੂੰ ਸਾਫ਼ ਨਜ਼ਰ ਆਉਂਦਾ ਹੈ ਕਿ ਮਜ਼੍ਹਬ ਸਾਡੇ ਰਸਤੇ ਵਿਚ ਇਕ ਭਾਰੀ ਰੋੜਾ ਹੈ ਜਿਵੇਂ ਕਿ ਅਸੀਂ ਚਾਹੁੰਦੇ ਹਾਂ ਕਿ ਸਾਰੇ ਲੋਕ ਇਕੋ ਜਿਹੇ ਹਨ। ਇਨ੍ਹਾਂ ਵਿਚ ਸਰਮਾਏਦਾਰ ਦੇ ਉਚ-ਨੀਚ ਦੀ ਛੂਤ-ਅਛੂਤ ਦੀ ਕੋਈ ਵੰਡ ਨਾ ਰਹੇ, ਪਰ ਧਰਮ ਇਨ੍ਹਾਂ ਤਿੰਨ ਭੇਦਾਂ ਦੇ ਹੱਕ ਵਿਚ ਹੈ।.....ਜੇ ਇਸ ਮਜ਼੍ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸੌਂਹ ਖਾ ਲਈਏ ਤਾਂ ਚੁੱਪ ਕਰਕੇ ਘਰ ਬਹਿ ਜਾਣਾ ਚਾਹੀਦਾ ਹੈ।....ਗੁਰਦੁਆਰੇ ਜਾ ਕੇ ਜੋ ਸਿੱਖ ਰਾਜ ਕਰੇਗਾ ਖਾਲਸਾ ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ ਤਾਂ ਕੀ ਮਤਲਬ ਹੋਵੇਗਾ? ਹਿੰਦੂ ਸਮਝਦੇ ਹਨ ਕਿ ਵੇਦ ਭਗਵਾਨ ਵਿਚ ਪ੍ਰਮਾਤਮਾ ਨੇ ਇਸੇ ਤਰ੍ਹਾਂ ਲਿਖਿਆ ਹੈ ਤੇ ਸੱਚਾ ਹੈ। ਮੁਸਲਮਾਨ ਕਹਿੰਦੇ ਹਨ ਕਿ ਕੁਰਾਨ ਸ਼ਰੀਫ਼ ਵਿਚ ਖੁਦਾ ਨੇ ਇਉਂ ਲਿਖਿਆ ਹੈ ਤੇ ਇਹੋ ਹੀ ਸੱਚਾ ਹੈ। ਦੋਵੇਂ ਧਿਰਾਂ ਦਿਮਾਗ ਨੂੰ ਅਕਲ ਨੂੰ ਸੋਚਣ ਸਮਝਣ ਦੀ ਸ਼ਕਤੀ ਨੂੰ ਤਾਲਾ ਲਾ ਕੇ ਘਰ ਰੱਖ ਦਿੰਦੀਆਂ ਹਨ।

**- ਸ਼ਹੀਦ ਭਗਤ ਸਿੰਘ**

ਸਮਾਜਵਾਦ ਤੋਂ ਸਾਡਾ ਭਾਵ ਅਜਿਹੇ ਸਮਾਜ ਤੋਂ ਹੈ ਜੋ ਸੰਕਟਾਂ ਤੋਂ ਮੁਕਤ ਹੋਵੇਗਾ ਜਿਸ ਵਿਚ ਕਿਰਤੀਆਂ ਦੀ ਪ੍ਰਭੂਸਤਾ ਸਵੀਕਾਰ ਕੀਤੀ ਜਾਵੇਗੀ। ਵੱਖ-ਵੱਖ ਦੇਸ਼ ਇਕ ਸੰਘੀ ਢਾਂਚਾ ਅਪਣਾ ਕੇ ਮਾਨਵਜਾਤੀ ਨੂੰ ਪੂੰਜੀਵਾਦ ਦੀ ਜਕੜ ਅਤੇ ਸਾਮਰਾਜਵਾਦੀ ਯੁੱਧਾਂ ਦੀ ਪੀੜਾ ਅਤੇ ਤਬਾਹੀ ਤੋਂ ਮੁਕਤ ਕਰਵਾਉਣਗੇ।

**- ਸ਼ਹੀਦ ਭਗਤ ਸਿੰਘ**

ਹਵਾ ਮੇਂ ਰਹੇਗੀ ਮੇਰੇ ਖਿਆਲ ਕੀ ਬਿਜਲੀ
ਯਹ ਮੁਸ਼ਤ-ਏ-ਖਾਕ ਹੈ ਫਾਨੀ, ਰਹੇ ਨਾ ਰਹੇ।

**- ਸ਼ਹੀਦ ਭਗਤ ਸਿੰਘ**

**ਵਿਸ਼ਵਾਸ, ਧਰਵਾਸ ਤੇ ਸਵੈ-ਵਿਸ਼ਵਾਸ**

ਵਿਸ਼ਵਾਸ ਮੁਸ਼ਕਲਾਂ ਨੂੰ ਘੱਟ ਕਰ ਦਿੰਦਾ ਹੈ, ਇਥੋਂ ਤੱਕ ਕਿ ਉਨ੍ਹਾਂ ਨੂੰ ਖੁਸ਼ਗਵਾਰ ਬਣਾ ਦਿੰਦਾ ਹੈ। ਬੰਦਾ ਰੱਬ ਵਿਚੋਂ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭਦਾ ਸਕਦਾ ਹੈ। ਉਹਦੇ ਤੋਂ ਬਿਨਾ ਮਨੁੱਖ ਨੂੰ ਆਪਣੇ ਆਪ ਤੇ ਨਿਰਭਰ ਰਹਿਣਾ ਪੈਂਦਾ ਹੈ। ਝੱਖੜ ਝਾਂਜਿਆਂ ਤੇ ਤੂਫ਼ਾਨਾਂ ਵਿਚ ਸਾਬਤ ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ।.....ਸਵੈ ਵਿਸ਼ਵਾਸ ਨੂੰ ਸਦਾ ਅਹੰਕਾਰ ਸਮਝਿਆ ਜਾਂਦਾ ਹੈ। ਇਸ ਮਾੜੀ ਤੇ ਤਰਸਯੋਗ ਗੱਲ ਹੈ। ਤੁਸੀਂ ਪ੍ਰਚਲਤ ਵਿਸ਼ਵਾਸ ਦਾ ਵਿਰੋਧ ਕਰ ਕੇ ਵੇਖ ਲਓ, ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਸ਼ ਦੀ ਨੁਕਤਾਚੀਨੀ ਕਰਕੇ ਦੇਖ ਲਓ ਤਾਂ ਤੁਹਾਡੀ ਦਲੀਲ ਦਾ ਉਤਰ ਤੁਹਾਨੂੰ ਘਮੰਡੀ ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਨ ਮਾਨਸਿਕ ਖੜੋਤ ਹੈ।......ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵੱਲ ਨਹੀਂ ਲਿਜਾਂਦੀ। ਇਹ ਤਾਂ ਸਪਸ਼ਟ ਹੀ ਪਿਛਾਂਹਖਿੱਚੂ ਮਾਨਸਿਕਤਾ ਹੈ।.....ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿਚ ਜੇ ਮੈਂ ਆਸਤਿਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ, ਬੋਝ ਹੁਣ ਨਾਲੋਂ ਘੱਟ ਹੋਣਾ ਸੀ। ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਅਣਸੁਖਾਵੇਂ ਹੋ ਗਏ ਹਨ। ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋੜ੍ਹਾ ਜਿਹਾ ਰਹੱਸਵਾਦ ਇਸ ਹਾਲਾਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ।......ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ। ਜਦੋਂ ਬੰਦਾ ਆਪਣੇ ਪੈਰੀਂ ਹੋਣ ਦਾ ਯਤਨ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਵੇਗਾ ਤੇ ਹਰ ਮੁਸ਼ਕਿਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡਟ ਕੇ ਮੁਕਾਬਲਾ ਕਰਨਾ ਪਵੇਗਾ।

**- ਸ਼ਹੀਦ ਭਗਤ ਸਿੰਘ**

- ਸਰੀਰ ਅਤੇ ਆਤਮਾ ਦੋਵੇਂ ਹੀ ਨਾਸ਼ਵਾਨ ਹਨ ਦੋਵਾਂ ਨੂੰ ਇਕੱਠਿਆਂ ਕਰਨ ਤੇ ਵੀ ਕੋਈ ਸਦੀਵੀ ਹੋਂਦ ਜਨਮ ਨਹੀਂ ਲੈਂਦੀ।
- ਦੁੱਖ ਵੇਲੇ ਉਪਰਾਲੇ, ਸੁੱਖ ਵੇਲੇ ਸੰਭਾਲ ਅਤੇ ਹਰ ਵੇਲੇ ਅਧਿਐਨ ਕਰੋ।
- ਜੇ ਮਨੁੱਖਤਾ ਨੂੰ ਏਕਤਾ ਅਤੇ ਭਾਈਚਾਰੇ ਦੇ ਸੂਤਰ ਵਿਚ ਬੰਨ੍ਹਣਾ ਹੈ ਤਾਂ ਸਭ ਤੋਂ ਪਹਿਲਾਂ ਇਸ ਨੂੰ ਰੱਬ ਦੀ ਹੋਂਦ ਦੀ ਗੁਲਾਮੀ ਤੋਂ ਨਿਜਾਤ ਦਿਵਾਉਣੀ ਪਵੇਗਾ।

**ਸ਼ਹੀਦ ਭਗਤ ਸਿੰਘ**

**ਨੋਟ : ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਇਹ ਲਿਖਤਾਂ ਨੂੰ ਪੜ੍ਹਨ ਨਾਲ ਉਨ੍ਹਾਂ ਦੇ ਅਣਗੌਲੇ ਵਿਚਾਰਧਾਰਕ ਪੱਖ ਦੀ ਜਾਣਕਾਰੀ ਦੇਣ ਦੇ ਮਕਸਦ ਨਾਲ ਮੈਂ ਇਹ ਉਪਰਾਲਾ ਕੀਤਾ ਹੈ।**

ਪੇਸ਼ਕਸ਼ : ਮਾਸਟਰ ਭਜਨ ਕੈਲਗਰੀ
403-455-4220




# ਵਿਗਿਆਨਕ ਸੋਚ ਤੇ ਅੰਧ ਵਿਸ਼ਵਾਸ਼





**ਹਰਜੀਤ ਬੇਦੀ**

ਮਨੁੱਖ ਨੇ ਜਿੰਨੀ ਵੀ ਤਰੱਕੀ ਕੀਤੀ ਹੈ ਉਹ ਆਪਸੀ ਵਿਚਾਰਾਂ ਦੇ ਵਖਰੇਵੇਂ ਦੇ ਟਕਰਾ ਤੋਂ ਕੀਤੀ ਹੈ। ਦੋ ਅਲੱਗ ਅਲੱਗ ਤਰ੍ਹਾਂ ਦੇ ਵਿਚਾਰਾਂ ਦੇ ਭੇੜ ਚੋਂ ਠੀਕ ਵਿਚਾਰ ਨਿੱਖਰ ਕੇ ਸਾਹਮਣੇ ਆਉਂਦਾ ਹੈ। ਅਸੀਂ ਆਮ ਜੀਵਨ ਵਿੱਚ ਅਕਸਰ ਇਹ ਦੇਖਦੇ ਹਾਂ ਕਿ ਸੱਚ-ਝੂਠ, ਹਨੇਰਾ-ਚਾਨਣ, ਚੰਗਿਆਈ-ਬੁਰਾਈ ਇੱਕ ਦੂਜੇ ਦੇ ਵਿਰੋਧੀ ਹਨ ਤੇ ਇਹਨਾਂ ਵਿੱਚ ਟਕਰਾਅ ਲਗਾਤਾਰ ਚਲਦਾ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਆਪਣੇ ਜੀਵਣ ਵਿੱਚ ਦੋ ਢੰਗਾਂ ਨਾਲ ਵਿਚਰਦੇ ਹਨ। ਇੱਕ ਉਹ ਜੋ ਕਿਸੇ ਵੀ ਗੱਲ ਤੇ ਸੋਚ ਸਮਝ ਕੇ ਯਕੀਨ ਕਰਦੇ ਹਨ। ਅਜਿਹੇ ਲੋਕਾਂ ਨੂੰ ਅਸੀਂ ਵਿਗਿਆਨ ਸੋਚ ਦੇ ਧਾਰਨੀ ਕਹਿ ਸਕਦੇ ਹਾਂ। ਦੂਜੀ ਕਿਸਮ ਦੇ ਲੋਕ ਉਹ ਹਨ ਜਿਹੜੇ ਬਿਨਾਂ ਸੋਚ ਅਤੇ ਵਿਚਾਰ ਕੀਤਿਆਂ ਕਿਸੇ ਗੱਲ ਨੂੰ ਦੂਜਿਆਂ ਦੀ ਰੀਸੋ ਰੀਸੀ ਜਾਂ ਕਿਸੇ ਦੇ ਪਰਭਾਵ ਥੱਲੇ ਆ ਕੇ ਬਿਨਾਂ ਵਿਚਾਰ ਕੀਤਿਆਂ ਮੰਨ ਲੈਂਦੇ ਹਨ ਅਤੇ ਆਪਣੇ ਜੀਵਨ ਵਿੱਚ ਲਾਗੂ ਕਰ ਲੈਂਦੇ ਹਨ। ਅਜਿਹੇ ਲੋਕਾਂ ਨੂੰ ਅਸੀਂ ਅੰਧ-ਵਿਸ਼ਵਾਸ਼ੀ ਕਹਿ ਸਕਦੇ ਹਨ ।

ਅੰਧ ਵਿਸ਼ਵਾਸ਼ੀ ਕਦੇ ਵੀ ਕਿਸੇ ਨਵੇਂ ਵਿਚਾਰ ਨੂੰ ਅਪਨਾਉਣ ਲਈ ਪਹਿਲ ਨਹੀਂ ਕਰਦੇ। ਜਿਹਨਾਂ ਗੱਲਾਂ ਨੂੰ ਉਹ ਬਚਪਨ ਤੋਂ ਸੁਣਦੇ ਆਏ ਹੁੰਦੇ ਹਨ ਉਹਨਾਂ ਦੇ ਸੁਤੇ-ਸਿੱਧ ਹੀ ਮਗਰ ਲੱਗ ਜਾਂਦੇ ਹਨ ਅਤੇ ਆਪਣੇ ਦਿਮਾਗ ਦੀ ਵਰਤੋਂ ਕਰਨ ਵਿੱਚ ਉਹਨਾਂ ਦਾ ਹੱਥ ਕੁੱਝ ਤੰਗ ਹੀ ਹੁੰਦਾ ਹੈ। ਉਹ ਢੌਂਗੀਆਂ ਅਤੇ ਸਾਧਾਂ ਸੰਤਾ ਦੇ ਮਗਰ ਲੱਗ ਕੇ ਆਪਣਾ ਝੁੱਗਾ ਚੌੜ ਕਰਵਾ ਬਹਿੰਦੇ ਹਨ। ਇਸ ਤੋਂ ਕੁੱਝ ਸਿੱਖਣ ਦੀ ਥਾਂ ਉਹ ਇਸ ਨੂੰ ਰੱਬ ਦਾ ਭਾਣਾ ਜਾਂ ਆਪਣੀ ਕਿਸਮਤ ਦਾ ਕਸੂਰ ਮੰਨ ਲੈਂਦੇ ਹਨ। ਪਾਖੰਡੀਆਂ ਦਾ ਦਾਲ ਫੁਲਕਾ ਅਜਿਹੇ ਲੋਕਾਂ ਦੇ ਸਿਰ ਤੇ ਹੀ ਚਲਦਾ ਹੈ। ਪਾਖੰਡੀ ਲੋਕ ਨਿੱਤ ਨਵੇਂ ਨਵੇਂ ਢੰਗ ਵਰਤ ਕੇ ਅੰਧ-ਵਿਸ਼ਵਾਸ਼ੀ ਲੋਕਾਂ ਨੂੰ ਮੂਰਖ ਬਣਾ ਕੇ ਉਹਨਾਂ ਦੀ ਲੁੱਟ ਕਰਦੇ ਹਨ। ਪਰਖ ਅਤੇ ਪੜਤਾਲ ਵਿਗਿਆਨ ਦਾ ਧੁਰਾ ਹਨ ਇਸ ਲਈ ਪਰਖ ਤੇ ਪੜਤਾਲ ਕਰਨ ਬਾਅਦ ਹੀ ਕਿਸੇ ਵਿਚਾਰ ਨੂੰ ਅਪਣਾਉਣਾ ਹੀ ਵਿਗਿਆਨਕ ਸੋਚ ਦਾ ਧਾਰਨੀ ਹੋਣਾ ਹੈ। ਮਨੁੱਖ ਦੁਆਰਾ ਅਜੇ ਆਖਰੀ ਸੱਚ ਲਈ ਖੋਜ ਜਾਰੀ ਹੈ। ਇਸ ਲਈ ਸੱਚ ਤੱਕ ਪਹੁੰਚਣ ਨਵੇਂ ਵਿਚਾਰਾਂ ਨੂੰ ਪੜਤਾਲ ਤੋਂ ਬਾਦ ਜੇ ਜਚ ਜਾਣ ਤਾਂ ਅਪਣਾਅ ਲੈਣਾ ਜਰੂਰੀ ਹੈ। ਸਮੇਂ ਦੇ ਹਾਣ ਦਾ ਬਣਨ ਲਈ ਮਨੁੱਖਤਾ ਪੱਖੀ ਨਵੀਨ ਵਿਚਾਰਧਾਰਾ ਨੂੰ ਗ੍ਰਹਿਣ ਕਰਨਾ ਹੋਰ ਵੀ ਜ਼ਰੂਰੀ ਹੈ ।

ਅੰਧ-ਵਿਸ਼ਵਾਸੀ ਆਮ ਤੌਰ 'ਤੇ ਤਰਕ ਭਰਪੂਰ ਗੱਲਬਾਤ ਤੋਂ ਇਨਕਾਰੀ ਹੁੰਦੇ ਹਨ। ਅੰਧ-ਵਿਸ਼ਵਾਸ ਕਾਰਨ ਹੀ ਕਈ ਮਹਾਨ ਫਿਲਾਸਫਰਾਂ ਅਤੇ ਵਿਗਿਆਨੀਆਂ ਨੂੰ ਅਣਮਨੁੱਖੀ ਤਸੀਹੇ ਤੇ ਸਜ਼ਾਵਾਂ ਦੇ ਕੇ ਮਨੁੱਖੀ ਇਤਿਹਾਸ ਨੂੰ ਕਲੰਕਿਤ ਕੀਤਾ ਗਿਆ ਹੈ। ਸੁਕਰਾਤ ਜੋ ਕਿ ਯੂਨਾਨ ਦਾ ਮਹਾਨ ਲੋਕ-ਪੱਖੀ ਫਿਲਾਸਫਰ ਸੀ ਜੋ ਵਿਗਿਆਨਕ ਵਿਚਾਰਧਾਰਾ ਨੂੰ ਸਮਾਜ ਵਿੱਚ ਸਥਾਪਤ ਕਰਨਾ ਚਾਹੁੰਦਾ ਸੀ। ਉਸ ਨੂੰ ਇਸੇ ਲਈ ਜ਼ਹਿਰ ਦਾ ਪਿਆਲਾ ਪੀਣਾ ਪਿਆ ਸੀ ਕਿ ਉਸ ਦੇ ਵਿਚਾਰ ਕੱਟੜਪੰਥੀਆਂ ਨੂੰ ਰਾਸ ਨਹੀਂ ਸੀ ਆ ਰਹੇ। ਕਾਪਰਨੀਕਸ ਨੇ ਖੋਜ ਕੀਤੀ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਪਰ ਇਹ ਗੱਲ ਈਸਾਈ ਧਰਮ ਦੇ ਵਿਸ਼ਵਾਸ਼ ਅਤੇ



ਬਾਈਬਲ ਦੀਆਂ ਲਿਖਤਾਂ ਦੇ ਵਿਰੁੱਧ ਸੀ ਜਿਸ ਕਰਕੇ ਸੱਚ ਦੀ ਖੋਜ ਕਰਨ ਵਾਲੇ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਉਸ ਦੀਆਂ ਲਿਖਤਾਂ ਨੂੰ ਜ਼ਬਤ ਕਰ ਲਿਆ ਗਿਆ। ਆਪਣੀ ਖੋਜ ਦੇ ਹੱਕ ਵਿੱਚ ਉਹ ਹੋਰ ਸਬੂਤ ਇਕੱਠੇ ਕਰ ਹੀ ਰਿਹਾ ਸੀ ਕਿ ਛੇਤੀ ਹੀ ਉਸ ਦੀ ਮੌਤ ਹੋ ਗਈ। ਇਟਲੀ ਦੇ ਬਰੂਨੋ ਨੇ ਕਾਪਰਨੀਕਸ ਦੇ ਵਿਚਾਰਾਂ ਦਾ ਖੁੱਲ੍ਹ ਕੇ ਪਰਚਾਰ ਕੀਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਪਰ ਧਰਮ ਦੇ ਠੇਕੇਦਾਰ ਪਾਦਰੀਆਂ ਨੇ ਉਸਨੂੰ ਕੈਦ ਕਰ ਲਿਆ ਤੇ ਉਸ ਤੇ ਮੁਕੱਦਮਾ ਚਲਾ ਕੇ ਤਹਿਖਾਨੇ ਵਿੱਚ ਬੰਦ ਕਰ ਕੇ ਵਾਰ ਵਾਰ ਪੁੱਛ ਗਿੱਛ ਕੀਤੀ ਗਈ। ਆਪਣੇ ਬਿਆਨਾਂ ਤੇ ਪਛਤਾਵਾ ਕਰਨ ਲਈ ਕਿਹਾ ਗਿਆ ਪਰ ਉਹ ਡਰਿਆ ਨਹੀਂ। ਅਖੀਰ ਉਸ ਨੂੰ ਕਰਾਸ ਨਾਲ ਬੰਨ੍ਹ ਕੇ ਉਸ ਦੀ ਜੀਭ ਕੱਟ ਕੇ ਉਸ ਨੂੰ ਜਿੰਦਾ ਜਲਾ ਦਿੱਤਾ ਗਿਆ। ਗਲੈਲੀਓ ਨੇ ਵੀ ਕਾਪਰਨੀਕਸ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਤਾਂ ਉਸ ਤੇ ਮੁਕੱਦਮਾ ਚਲਾ ਕੇ ਉਸ ਨੂੰ ਤਸੀਹੇ ਦਿੱਤੇ ਗਏ ਤੇ ਉਸ ਨੂੰ ਆਪਣੀ ਗੱਲਤੀ ਮੰਨਣ ਨੂੰ ਕਿਹਾ ਗਿਆ । ਉਸ ਤੇ ਦਬਾਅ ਪਾ ਕੇ ਉਸਨੂੰ ਗੋਡਿਆਂ ਭਾਰ ਹੋ ਕੇ ਇਹ ਕਹਿਣ ਲਈ ਮਜਬੂਰ ਕੀਤਾ ਕਿ ਜੋ ਕੁੱਝ ਉਹ ਕਹਿੰਦਾ ਹੈ ਉਹ ਗਲਤ ਹੈ ਤੇ ਬਾਈਬਲ ਚ ਜੋ ਲਿਖਿਆ ਹੈ ਉਹ ਠੀਕ ਹੈ । ਆਪਣੀ ਜ਼ਮੀਰ ਦੀਆਂ ਲਾਹਨਤਾਂ ਸੁਣ ਕੇ ਉਸ ਨੇ ਦੁਬਾਰਾ ਉੱਠ ਕੇ ਕਹਿ ਦਿੱਤਾ, "ਮੇਰੇ ਕਹਿਣ ਨਾਲ ਧਰਤੀ ਰੁਕ ਨਹੀਂ ਸਕਦੀ। ਇਹ ਤਾਂ ਹੁਣ ਵੀ ਘੁੰਮ ਰਹੀ ਹੈ ਤੇ ਘੁੰਮਦੀ ਰਹੇਗੀ"। ਇਸ ਤੇ ਉਸ ਨੂੰ ਫਿਰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਤੇ ਜੇਲ੍ਹ ਵਿੱਚ ਹੀ ਉਸਦੀ ਮੌਤ ਹੋ ਗਈ।

ਅੰਧ ਵਿਸ਼ਵਾਸ਼ ਮਨੁੱਖਤਾ ਲਈ ਘਾਤਕ ਹੈ ਤੇ ਧਾਰਮਿਕ ਅੰਧ ਵਿਸ਼ਵਾਸ ਤਾਂ ਬਹੁਤ ਹੀ ਖਤਰਨਾਕ ਸਿੱਧ ਹੁੰਦਾ ਹੈ। ਵਿਗਿਆਨ ਦੇ ਨਿਯਮ ਹਰ ਧਰਮ, ਜਾਤ, ਦੇਸ਼, ਨਸਲ ਦੇ ਲੋਕਾਂ ਲਈ ਇੱਕੋ ਹਨ ਜਦ ਕਿ ਹਰ ਧਰਮ ਦੇ ਸੰਕਲਪ ਤੇ ਮੁਕਤੀ ਦੇ ਰਾਹ ਤੇ ਆਸਥਾਵਾਂ ਵੱਖੋ ਵੱਖਰੇ ਹਨ। ਦੁਨੀਆ ਵਿੱਚ ਹੋ ਰਹੇ ਝਗੜਿਆਂ ਦਾ ਇੱਕ ਵੱਡਾ ਕਾਰਣ ਵੱਖ-ਵੱਖ ਧਰਮਾਂ ਦਾ ਹੋਣਾ ਹੈ। ਧਰਮ ਕਿੰਤੂ ਪ੍ਰੰਤੂ ਕਰਨ ਦੀ ਆਗਿਆ ਨਹੀਂ ਦਿੰਦਾ ਇਸ ਲਈ ਇਹ ਅੱਗੋਂ ਸੋਚਣ ਦਾ ਰਾਹ ਬੰਦ ਕਰ ਦਿੰਦਾ ਹੈ ਤੇ ਮਨੁੱਖ ਦੀ ਮਾਨਸਿਕ ਤਰੱਕੀ ਰੁਕ ਜਾਂਦੀ ਹੈ ਅਤੇ ਉਹ ਲਕੀਰ ਦਾ ਫਕੀਰ ਬਣ ਕੇ ਰਹਿ ਜਾਂਦਾ ਹੈ। ਅੱਜ ਦੇ ਸਮਾਜ ਨੂੰ ਅਸੀਂ ਵਿਕਸਤ ਸਮਾਜ ਕਹਿੰਦੇ ਹਾਂ। ਇਸ ਨੇ ਬਹੁਤ ਸਾਰੇ ਖੇਤਰਾਂ ਵਿੱਚ ਮੱਲਾਂ ਮਾਰ ਲਈਆਂ ਹਨ ਪਰ ਬਹੁਤ ਸਾਰੇ ਲੋਕ ਮਾਨਸਿਕ ਤੌਰ 'ਤੇ ਕਾਫੀ ਹੱਦ ਤੱਕ ਪਛੜੇ ਹੋਏ ਹਨ ਤੇ ਸ਼ਾਤਰ ਲੋਕ ਇਸ ਦਾ ਲਾਭ ਉਠਾ ਕੇ ਉਹਨਾਂ ਦਾ ਸ਼ੋਸ਼ਣ ਕਰ ਰਹੇ ਹਨ। ਸਾਡੇ ਸਮਾਜ ਦਾ ਲਗਪਗ ਹਰ ਬੱਚਾ ਬਚਪਨ ਤੋਂ ਹੀ ਇਹ ਸੁਣਦਾ ਹੈ ਕਿ ਉਹ (ਰੱਬ) ਤਾਂ ਦੇਖਦਾ ਹੈ, ਉਸਦੀ ਨਿਗ੍ਹਾ ਤੋਂ ਕੋਈ ਨਹੀਂ ਬਚ ਸਕਦਾ। ਪਰ ਜੋ ਸਾਡੇ ਸਾਹਮਣੇ ਬੀਤ ਰਿਹਾ ਹੈ ਉਹ ਇਸ ਦੇ ਉਲਟ ਹੈ। ਧਾਰਮਿਕ ਸਥਾਨਾਂ ਤੇ ਹੋ ਰਹੇ ਕੁਕਰਮ, ਗੋਲਕਾਂ ਵਿੱਚੋਂ ਮਾਇਆ ਦੀ ਚੋਰੀ ਉਸਨੂੰ ਨਹੀਂ ਦਿਸ ਰਹੀ। ਇਹ ਤਾਂ ਸਿਰਫ ਲੋਕਾਂ ਨੂੰ ਡਰਾ ਕੇ ਰੱਖਣ ਦਾ ਹਥਿਆਰ ਹੈ। ਜੋ ਇਸ ਨੂੰ ਹਥਿਆਰ ਵਜੋਂ ਵਰਤ ਰਹੇ ਹਨ ਉਹਨਾਂ ਨੂੰ ਇਸ ਗੱਲ ਦੀ ਪੂਰੀ ਸਮਝ ਹੈ ਤੇ ਉਹ ਆਪ ਤਾਂ ਰੱਬ ਦੇ ਡਰ ਤੋਂ ਮੁਕਤ ਜਾਪਦੇ ਹਨ। ਉਹਨਾਂ ਨੇ ਸਿਰਫ ਦੂਜਿਆਂ ਦੇ ਮਨਾਂ ਵਿੱਚ ਇਹ ਡਰ ਪਾਕੇ ਉਹਨਾਂ ਨੂੰ ਲੁੱਟਣ ਲਈ ਬਣਾ ਰੱਖਿਆ ਹੈ। ਧਾਰਮਿਕ ਸਥਾਨਾਂ ਤੇ ਚੋਰੀਆਂ ਕਰਨ ਵਾਲਿਆਂ ਨੂੰ ਰੱਬ ਤਾਂ ਨਹੀਂ ਫੜ੍ਹ ਸਕਿਆ ਪਰ ਵਿਗਿਆਨੀਆਂ ਦੁਆਰਾ ਬਣਾਏ ਨਿਗਰਾਨ ਕੈਮਰੇ ਉਹਨਾਂ ਨੂੰ ਜ਼ਰੂਰ ਫੜ ਲੈਂਦੇ ਹਨ। ਅੰਧ-ਵਿਸ਼ਵਾਸ ਵਿਗਿਆਨਕ ਸੋਚ ਦਾ ਟਕਰਾਅ ਅੱਜ ਵੀ ਜਾਰੀ ਹੈ। ਇਸੇ ਲਈ ਅੰਧ ਵਿਸ਼ਵਾਸ਼ੀ ਲੋਕਾਂ ਵਲੋਂ ਤਰਕਸ਼ੀਲ ਵਿਚਾਰਧਾਰਾ ਰੱਖਣ ਵਾਲੇ ਵਿਦਵਾਨਾਂ ਦੇ ਕਤਲ ਹੋ ਰਹੇ ਹਨ। ਪਿਛਲੇ ਕੁੱਝ ਸਮੇਂ ਵਿੱਚ ਹੀ ਵਿਗਿਆਨਕ ਸੋਚ ਰੱਖਣ ਵਾਲੇ ਦਾਭੋਲਕਰ, ਕਲਬੁਰਗੀ ਅਤੇ ਗੋਬਿੰਦ ਪੰਸਾਰੇ ਵਰਗੇ ਵਿਦਵਾਨਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਪਰ ਸੱਚ ਕਦੇ ਮਰਦਾ ਨਹੀਂ। ਸੱਚ ਨੂੰ ਕੋਈ ਵੀ ਨਹੀਂ ਮਾਰ ਸਕਦਾ। ਸੱਚ ਤੇ ਪਰਦਾ ਪਾਉਣ ਵਾਲੇ ਤੇ ਲੋਕਾਂ ਨੂੰ ਅੰਧ ਵਿਸ਼ਵਾਸ਼ ਦੀ ਦਲਦਲ ਵਿੱਚ ਧੱਕਣ ਵਾਲੇ ਚਾਹੇ ਜਿੰਨੇ ਮਰਜੀ ਸ਼ਕਤੀਸ਼ਾਲੀ ਹੋਣ। ਚਾਹੇ ਉਹਨਾਂ ਕੋਲ ਜਿੰਨੇ ਮਰਜੀ ਸਾਧਨ ਹੋਣ ਪਰ ਅੰਤ ਵਿੱਚ ਜਿੱਤ ਵਿਗਿਆਨਕ ਸੋਚ ਦੀ ਹੀ ਹੋਵੇਗੀ ਅੰਧ ਵਿਸ਼ਵਾਸ਼ ਦੀ ਨਹੀਂ। ਅੰਧ ਵਿਸ਼ਵਾਸ਼ ਦੇ ਖਤਮ ਹੋਣ ਨਾਲ ਸਾਧਰਨ ਲੋਕਾਂ ਦੇ ਬਹੁਤ ਸਾਰੇ ਦੁੱਖ ਦੂਰ ਹੋਣ ਦੀ ਪੂਰੀ ਸੰਭਾਵਨਾ ਹੈ।

647-924-9087










ਕੌਮਾਂਤਰੀ ਮਾਂ ਬੋਲੀ ਦਿਵਸ

# ਹਾਕਸ ਕਲੱਬ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਇੱਕਜੁੱਟ ਹੋਏ



ਕੌਮਾਂਤਰੀ ਮਾਂ ਬੋਲੀ ਦਿਵਸ ਦੌਰਾਨ ਕਵਿਤਾਵਾਂ ਪੇਸ਼ ਕਰਨ ਵਾਲ਼ ਬੱਚੇ ਅਤੇ ਸੀਨੀਅਰ ਮੈਂਬਰ।



ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਦੇ ਮੈਂਬਰ ਅਤੇ ਸਮਾਗਮ ਵਿੱਚ ਹਾਜ਼ਰ ਸਰੋਤੇ।

ਕੈਲਗਰੀ, (ਸੁਖਬੀਰ ਗਰੇਵਾਲ) : 21 ਫਰਵਰੀ ਨੂੰ ਮਨਾਏ ਗਏ ਕੌਮਾਂਤਰੀ ਮਾਂ ਬੋਲੀ ਦਿਵਸ ਦੇ ਮੌਕੇ ਇੱਕ ਸਮਾਗਮ ਦੌਰਾਨ ਕੈਲਗਰੀ ਹਾਕਸ ਫੀਲਡ ਹਾਕੀ ਅਕਾਦਮੀ ਨੇ ਐਲਾਨ ਕੀਤਾ ਕਿ ਉਹ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਨਾਲ਼ ਮਿਲ ਕੇ ਕੈਲਗਰੀ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜਨ ਅਤੇ ਲਿਖਣ ਦੀ ਸਿਖਲਾਈ ਦੀਆਂ ਜਮਾਤਾਂ ਸ਼ੁਰੂ ਕਰੇਗੀ। ਕਲੱਬ ਵਲੋਂ ਜਾਰੀ ਜਾਣਕਾਰੀ ਅਨੁਸਾਰ ਪੰਜਾਬੀ ਸਿੱਖਣ ਦੀਆਂ ਜਮਾਤਾਂ ਅਪਰੈਲ ਮਹੀਨੇ ਤੋਂ ਸ਼ੁਰੂ ਹੋਣਗੀਆਂ ਅਤੇ ਇਹਨਾਂ ਜਮਾਤਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਬਾਅਦ ਵਿੱਚ ਜਾਰੀ ਕੀਤੀ ਜਾਵੇਗੀ। ਇੰਡੀਅਨ ਐਕਸ-ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਹਾਲ ਵਿੱਚ ਕੌਮਾਂਤਰੀ ਮਾਂ ਬੋਲੀ ਦਿਵਸ ਦੇ ਸੰਬੰਧ ਵਿੱਚ ਕਰਵਾਏ ਸਮਾਗਮ ਦੌਰਾਨ ਬੱਚਿਆਂ ਨੇ ਕਵਿਤਾਵਾਂ ਸੁਣਾ ਕੇ ਪੰਜਾਬੀ ਬੋਲੀ ਬਾਰੇ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ।

ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ ਅਤੇ ਜਸ ਲੰਮ੍ਹੇ ਦੀ ਅਗਵਾਈ ਪਿਛਲੇ ਕਈ ਦਿਨਾਂ ਤੋਂ ਚਲ ਰਹੀ ਪੰਜਾਬੀ ਕਵਿਤਾ ਉਚਾਰਣ ਵਰਕਸ਼ਾਪ ਵਿੱਚ 22 ਦੇ ਕਰੀਬ ਬੱਚੇ ਭਾਗ ਲੈ ਰਹੇ ਹਨ। ਕੈਲਗਰੀ ਸ਼ਹਿਰ ਵਿੱਚ ਇਸ ਤਰਾਂ ਦਾ ਉਪਰਾਲਾ ਪਹਿਲੀ ਵਾਰ ਕੀਤਾ ਗਿਆ ਹੈ। ਇਸ ਵਰਕਸ਼ਾਪ ਦੌਰਾਨ ਬੱਚਿਆਂ ਨੂੰ ਸਟੇਜ ਤੋਂ ਕਵਿਤਾ ਦੀ ਸਹੀ ਢੰਗ ਨਾਲ਼ ਪੇਸ਼ਕਾਰੀ ਦੇ ਨੁਕਤੇ ਸਿਖਾਏ ਜਾ ਰਹੇ ਹਨ। ਵਰਕਸ਼ਾਪ ਦੌਰਾਨ ਤਿਆਰ ਕੀਤੇ ਬੱਚੇ 12 ਮਾਰਚ ਨੂੰ ਪੰਜਾਬੀ ਲਿਖਾਰੀ ਸਭਾ ਵਲੋਂ ਕਰਵਾਏ ਜਾ ਪੰਜਾਬੀ ਕਵਿਤਾ ਮੁਕਾਬਲੇ ਵਿੱਚ ਭਾਗ ਲੈਣਗੇ।

ਐਕਸ-ਸਰਵਿਸਮੈਨ ਇੰਮੀਗਰਾਂਟ ਐਸੋਸੀਏਸ਼ਨ ਦੇ ਪ੍ਰਧਾਨ ਹਰਗੁਰਜੀਤ ਸਿੰਘ ਮਿਨਹਾਸ ਨੇ ਇਸ ਉਪਰਾਲੇ ਦੀ ਭਰਵੀਂ ਤਾਰੀਫ ਕੀਤੀ ਅਤੇ ਕਿਹਾ ਕਿ ਬੱਚਿਆਂ ਨੂੰ ਸਹੀ ਮਾਰਗ ਤੇ ਤੋਰਨ ਦੇ ਇਸ ਉਪਰਾਲਾ ਬਹੁਤ ਹੀ ਚੰਗਾ ਹੈ। ਬੱਚਿਆਂ ਦੁਆਰਾ ਪੇਸ਼ ਕਵਿਤਾਵਾਂ ਬਾਰੇ ਸ੍ਰੀ ਮਿਨਹਾਸ ਨੇ ਕਿਹਾ ਕਿ ਉਹ ਸੁਣ ਬਹੁਤ ਹੀ ਭਾਵੁਕ ਹੋਏ ਹਨ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਗਿੱਲ ਨੇ ਦੁਨੀਆਂ ਭਰ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਬਾਰੇ ਬਹੁਤ ਹੀ ਵੱਡਮੁੱਲੀ ਜਾਣਕਾਰੀ ਦਿੰਦਿਆਂ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਕੈਨੇਡਾ ਵਿੱਚ ਪੰਜਾਬੀ ਬੋਲਣ ਬਾਰੇ ਉਹਨਾਂ ਕਿਹਾ ਕਿ ਬੋਲਣ ਦੇ ਪੱਖੋਂ ਕੈਨੇਡਾ ਵਿੱਚ ਇਸ ਦਾ ਤੀਜਾ ਸਥਾਨ ਹੈ। ਉਹਨਾਂ ਕਿਹਾ ਕਿ ਪੱਛਮੀ ਮੁਲਕਾਂ ਵਿੱਚ ਰਹਿੰਦਿਆਂ ਭਾਵੇਂ ਅੰਗਰੇਜ਼ੀ ਪਹਿਲੀ ਲੋੜ ਹੈ ਪਰ ਸਾਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਦਾ ਝੰਡਾ ਵੀ ਬੁਲੰਦ ਰੱਖਣਾ ਚਾਹੀਦਾ ਹੈ।

ਰੇਡੀਓ ਰੈੱਡ ਐਫ. ਐਮ. ਦੇ ਸਮਾਚਾਰ ਨਿਰਦੇਸ਼ਕ ਰਿਸ਼ੀ ਨਾਗਰ ਨੇ ਆਪਣੀ ਨਿੱਜੀ ਜ਼ਿੰਦਗੀ ਵਿੱਚ ਪੰਜਾਬੀ ਭਾਸ਼ਾ ਨਾਲ਼ ਸੰਬੰਧਿਤ ਵਾਪਰੀਆਂ ਰੌਚਿਕ ਘਟਨਾਵਾਂ ਦਾ ਜ਼ਿਕਰ ਕੀਤਾ। ਸਭ ਤੋਂ ਦਿਲਚਸਪ ਇਹ ਸੀ ਕਿ ਉਹ ਕੈਨੇਡਾ ਵਿੱਚ ਆ ਕੇ ਵੀ ਉਹਨਾਂ ਦੇ ਕਈ ਦਸਤਾਵੇਜ਼ਾਂ ਉਪਰ ਦਸਤਖ਼ਤ ਪੰਜਾਬੀ ਵਿੱਚ ਹਨ। ਆਪਣੇ ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਪੰਜਾਬੀ ਮੀਡੀਆ ਦੇ ਪ੍ਰਸਾਰ ਕਾਰਨ ਪੰਜਾਬੀ ਭਾਸ਼ਾ ਜਾਨਣ ਵਾਲ਼ਿਆਂ ਲਈ ਨੌਕਰੀ ਦੇ ਨਵੇਂ ਵਸੀਲੇ ਪੈਦਾ ਹੋ ਰਹੇ ਹਨ। ਉਹਨਾਂ ਅੱਜ ਦੇ ਉਦਮ ਲਈ ਬੱਚਿਆਂ ਨੂੰ ਵਧਾਈ ਦਿੰਦਿਆਂ ਮਾਪਿਆਂ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਇਸ ਉਦਮ ਵਿੱਚ ਹੋਰ ਵੀ ਜੋੜਨ ਦਾ ਉਪਰਾਲਾ ਕਰਨ। ਇਸ ਮੌਕੇ ਬੱਚਿਆਂ ਵਿੱਚੋਂ ਤਾਨੀਆ ਲਹਿਲ, ਗੁਰਵੀਰ ਸਿੰਘ, ਕੀਰਤ ਕੌਰ, ਰੀਆ ਆਸੀ, ਸੁਖਕਰਨ ਬਰਾੜ, ਸਹਿਜ ਪੰਧੇਰ, ਪੁਨੀਤ ਢੱਡਾ, ਗੁਰਸੀਰਤ ਕੌਰ, ਪੁਨੀਤ ਧਾਲੀਵਾਲ, ਗੁਰਵਰਦਾਨ ਸਿੰਘ ਟਿਵਾਣਾ, ਗੁਰਇਕਬਾਲ ਸਿੰਘ, ਪ੍ਰਭਲੀਨ ਗਰੇਵਾਲ, ਤਰਨਪ੍ਰੀਤ ਬਰਾੜ, ਹਰਸ਼ਲ ਸ਼ਰਮਾ, ਸਾਹਿਬ ਪੰਧੇਰ, ਮਨਰਿਆ ਸੇਖੋਂ, ਚੰਨਪ੍ਰੀਤ ਕੌਰ, ਅਮਰੀਤ ਕੌਰ ਗਿੱਲ, ਕਰਨਵੀਰ ਸਿੰਘ, ਹਰਸ਼ਵੀਰ ਸਿੰਘ, ਸਿਮਰਨ ਕੌਰ, ਕੋਮਲ ਧਾਲੀਵਾਲ ਨੇ ਬਾਲ ਕਵਿਤਾਵਾਂ ਪੇਸ਼ ਕੀਤੀਆਂ। ਮਾਪਿਆਂ ਵਿੱਚੋਂ ਗੁਰਦੀਪ ਸਿੰਘ ਧਾਲੀਵਾਲ, ਜਸ ਲੰਮ੍ਹੇ ਅਤੇ ਅਮਿਤਾ ਸ਼ਰਮਾ ਨੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਹਾਕਸ ਫੀਲਡ ਹਾਕੀ ਕਲੱਬ ਦੇ ਸਮੂਹ ਮੈਂਬਰ ਵੀ ਹਾਜ਼ਰ ਸਨ। ਬੱਚਿਆਂ ਨੂੰ ਪੰਜਾਬੀ ਲਿਖਣ ਅਤੇ ਪੜ੍ਹਨ ਵਿੱਚ ਮਾਹਿਰ ਬਣਾਉਣ ਦੇ ਚਾਹਵਾਨ ਮਾਪੇ ਸੁਖਬੀਰ ਗਰੇਵਾਲ ਨੂੰ ਫੋਨ ਨੰਬਰ 403-402-0770 ਤੇ ਸਪੰਰਕ ਕਰ ਸਕਦੇ ਹਨ।

## 7ਵਾਂ ਸਾਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ 4 ਸਤੰਬਰ ਨੂੰ

ਕੈਲਗਰੀ : ਹਰ ਸਾਲ ਦੀ ਤਰ੍ਹਾਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 7ਵਾਂ ਸਾਲਾਨਾ ਤਰਕਸ਼ੀਲ ਸਭਿਅਚਾਰਕ ਨਾਟਕ ਸਮਾਗਮ 4 ਸਤੰਬਰ ਦਿਨ ਐਤਵਾਰ ਦੁਪਹਿਰ 2:30 ਵਜੇ ਤੋਂ 6 ਵਜੇ ਤੱਕ ਯੂਨੀਵਰਸਿਟੀ ਥੀਏਟਰ ਕੈਲਗਰੀ ਵਿਖੇ ਕਰਵਾਇਆ ਜਾਵੇਗਾ। ਦਰਸ਼ਕਾਂ ਨੂੰ ਬੇਨਤੀ ਹੈ ਕਿ ਤਾਰੀਖ ਨੋਟ ਕਰਕੇ ਆਪਣੇ ਕੈਲੰਡਰ ਵਿੱਚ ਪਾ ਲਉ। ਇਸ ਸਮਾਗਮ ਵਿੱਚ ਲੋਕ ਪੱਖੀ ਤੇ ਉਸਾਰੂ ਗੀਤ ਸੰਗੀਤ ਤੋਂ ਇਲਾਵਾ ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਦੇ ਸਹਿਯੋਗ ਨਾਲ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਵਲੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਨਾਟਕ ਖੇਡਿਆ ਜਾਵੇਗਾ। ਤੁਸੀਂ ਵੀ ਅਗਰ ਡਰਾਮਾ ਟੀਮ ਵਿੱਚ ਸ਼ਾਮਿਲ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ 'ਤੇ ਹਮੇਸ਼ਾ ਦੀ ਤਰ੍ਹਾਂ ਤਰਕਸ਼ੀਲ ਤੇ ਉਸਾਰੂ ਸਾਹਿਤ ਦੀਆਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਸਮਾਗਮ ਵਿੱਚ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਜਾਂ ਉਸਾਰੂ ਸੁਝਾਵਾਂ ਲਈ ਵੀ ਤੁਸੀਂ ਸੰਪਰਕ ਕਰ ਸਕਦੇ ਹੋ। ਸਾਰੇ ਕੈਲਗਰੀ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
MLS MULTIPLE LISTING SERVICE
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
Ph: 403-250-8898 Fax: 403-250-8825
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Website : www.sikhvirsa.com, Email : virsa@sikhvirsa.com

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਫ਼ਰਵਰੀ ਮਹੀਨੇ ਦੀ ਮੀਟਿੰਗ

# ਕੈਲਗਰੀ 'ਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ ਅੰਕੜਿਆਂ ਨਾਲੋਂ ਕਿਤੇ ਵੱਧ

### ਉਘੇ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ, ਨਵਕਿਰਨ (ਪੀ. ਐਸ. ਯੂ. ਲਲਕਾਰ) ਅਤੇ ਪਾਕਿਸਤਾਨੀ ਲੇਖਕ ਫਰਜ਼ੰਦ ਅਲੀ ਨੂੰ ਸ਼ਰਧਾਂਜਲੀ









ਕੈਲਗਰੀ (ਮਾਸਟਰ ਭਜਨ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਫਰਵਰੀ ਮਹੀਨੇ ਦੀ ਮੀਟਿੰਗ ਦੌਰਾਨ ਕੈਲਗਰੀ ਵਿੱਚ ਪੰਜਾਬੀ ਬੋਲਣ ਵਾਲ਼ੇ ਲੋਕਾਂ ਦੀ ਗਿਣਤੀ ਬਾਰੇ ਸਰਵੇਖਣਾਂ ਵਿੱਚ ਦਰਸਾਏ ਗਏ ਅੰਕੜਿਆਂ ਬਾਰੇ ਨਾ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਤੋਂ ਇਲਾਵਾ ਮੀਟਿੰਗ ਵਿੱਚ ਸਮਾਜ ਦੇ ਵਿਕਾਸ 'ਚ ਸਾਇੰਸ ਦੀ ਭੂਮਿਕਾ ਦੇ ਵਿਸ਼ੇ ਤੋਂ ਇਲਾਵਾ ਨੈਓਮੀਕਲਾਈਨ ਦੀ ਕਿਤਾਬ 'ਸਦਮਾਮੱਤ' ਤੇ ਪਰਚਾ ਪੜ੍ਹਿਆ ਗਿਆ।

ਅਲਬਰਟਾ ਦੇ ਸਿੱਖਿਆ ਤੰਤਰ ਬਾਰੇ ਗੱਲ ਕਰਦਿਆਂ ਰੇਡੀਓ ਰੈੱਡ ਐਫ. ਐਮ. ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਬੜੇ ਹੀ ਹੈਰਾਨੀਜਨਕ ਅੰਕੜੇ ਪੇਸ਼ ਕੀਤੇ। ਉਹਨਾਂ ਕਿਹਾ ਕਿ ਸੂਬੇ ਦੇ 2385 ਸਕੂਲਾਂ ਵਿੱਚੋਂ 226 ਸਰਕਾਰੀ ਸਕੂਲ ਹਨ। ਓਹਨਾਂਨੇ ਕੈਲਗਰੀ ਸਕੂਲ ਬੋਰਡ ਵਲੋਂ ਪਿਛਲੇ ਦਿਨੀਂ ਕਰਵਾਏ ਗਏ ਸਰਵੇਖਣ ਬਾਰੇ ਕਿਹਾ ਇਸ ਦੇ ਅੰਕੜੇ ਪੂਰੀ ਤਰ੍ਹਾਂ ਪ੍ਰਮਾਣਿਕ ਨਹੀਂ ਹਨ। ਇਸ ਸਰਵੇਖਣ ਵਿੱਚ ਕੈਲਗਰੀ ਵਿੱਚ ਪੰਜਾਬੀ ਬੋਲਣ ਵਾਲ਼ੇ ਲੋਕਾਂ ਦੀ ਗਿਣਤੀ ਕੁੱਲ ਵਸੋਂ ਦਾ ਇੱਕ ਫੀਸਦੀ ਦੱਸੀ ਗਈ ਹੈ ਜਦਕਿ ਕੈਨੇਡਾ ਦੇ ਅੰਕੜਾ ਵਿਭਾਗ ਅਨੁਸਾਰ ਕੈਲਗਰੀ ਦੀ 12.5 ਫੀਸਦੀ ਵਸੋਂ ਆਪਣੇ ਘਰਾਂ ਵਿੱਚ ਪੰਜਾਬੀ ਬੋਲਦੀ ਹੈ।ਕੈਲਗਰੀ ਸਕੂਲ ਬੋਰਡ ਆਪਣੇ ਸਰਵੇਖਣ ਦੇ ਆਧਾਰ ਤੇ ਹੀ ਨੀਤੀਆਂ ਤੈਅ ਕਰਦਾ ਹੈ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਟ੍ਰਸਟੀਆਂ ਅਤੇ ਪਿੰਸੀਪਲਾਂ ਰਾਹੀਂ ਆਪਣੀ ਮਾਤ ਭਾਸ਼ਾ ਬਾਰੇ ਜਾਣੂ ਕਰਵਾਉਣ।

ਸਮਾਜ ਦੇ ਵਿਕਾਸ 'ਚ ਸਾਇੰਸ ਦੀ ਭੂਮਿਕਾ ਦੇ ਵਿਸ਼ੇ 'ਤੇ ਬੋਲਦਿਆਂ ਦਿਲਾ ਵਰਸਮਰਾ ਨੇ ਕਿਹਾ ਕਿ ਹੁਣ ਤੱਕ ਹੋਏ ਸਮਾਜਿਕ ਵਿਕਾਸ ਵਿੱਚ ਸਾਇੰਸ ਦੀ ਭੂਮਿਕਾ ਮੁੱਖ ਰਹੀ ਹੈ। ਉਹਨਾਂ ਵਿਸ਼ਵ ਦੇ ਪ੍ਰਮੁੱਖ ਵਿਗਿਆਨੀਆਂ ਦੀਆਂ ਮਿਸਾਲਾਂ ਦਿੰਦੇ ਹੋਏ ਕਿਹਾ ਕਿ ਉਹਨਾਂ ਨੇ ਸਾਰਾ ਜੀਵਨ ਮਨੁੱਖਤਾ ਦੇ ਵਿਕਾਸ ਲਈ ਲਗਾ ਦਿੱਤਾ ਪਰ ਉਸ ਸਮੇਂ ਦੇ ਧਾਰਮਿਕ ਰੂੜੀਵਾਦੀਆਂ ਅਤੇ ਰਾਜ ਕਰਨ ਵਾਲਿਆਂ ਨੇ ਦੇਸ਼ ਨਿਕਾਲ਼ੇ, ਕੋਰੜੇ ਮਾਰਨ, ਪੁੱਠੇ ਲਟਕਾਉਣ, ਜਿਓਂਦੇ ਸਾੜਨ ਅਤੇ ਮੌਤ ਵਰਗੀਆਂ ਸਜ਼ਾਵਾਂ ਦਿੱਤੀਆਂ। ਉਹਨਾਂ ਕਿਹਾ ਕਿ ਭਾਵੇਂ ਅੱਜ ਸੱਚ ਜੱਗ ਜ਼ਾਹਿਰ ਹੋ ਗਿਆ ਹੈ ਪਰ ਸਾਇੰਸ ਦੀਆਂ ਉਪਲਬਧੀਆਂ ਨੂੰ ਮਨੁੱਖਤਾ ਦੀ ਤਬਾਹੀ ਲਈ ਵੀ ਵਰਤਿਆ ਜਾ ਰਿਹਾ ਹੈ। ਹਰੀ ਪਾਲ ਨੇ ਨੈਓਮੀਕਲਾਈਨ ਦੀ ਕਿਤਾਬ 'ਸਦਮਾਮੱਤ' ਤੇ ਬਹੁਤ ਹੀ ਪ੍ਰਭਾਵਸ਼ਾਲੀ ਪਰਚਾ ਪੜ੍ਹਿਆ। ਉਹਨਾਂ ਕਿਹਾ ਕਿ ਇਸ ਕਿਤਾਬ ਰਾਹੀਂ ਲੇਖਿਕਾ ਨੇ ਸੰਸਾਰ ਵਿੱਚ ਵਾਪਰੀਆਂ ਘਟਨਾਵਾਂ ਨੂੰ ਬਾਰੀਕੀ ਨਾਲ਼ ਘੋਖਣ ਤੋਂ ਬਾਅਦ ਇਹ ਸਿੱਟਾ ਕੱਢਿਆ ਕਿ ਵੱਡੀਆਂ ਕਾਰਪੋਰੇਸ਼ਨਾਂ ਵਰਲਡ ਬੈਂਕ, ਆਈ. ਐਮ. ਐਫ. ਰਾਹੀਂ ਸੰਸਾਰ ਤੇ ਆਪਣਾ ਗਲਬਾ ਬਣਾਉਂਦੀਆਂ ਹਨ। ਇਸ ਕਿਤਾਬ ਰਾਹੀਂ ਇਹ ਵੀ ਚਾਨਣਾ ਪਾਇਆ ਗਿਆ ਹੈ ਕਿ ਵਿਸ਼ਵ ਪੱਧਰ ਤੇ ਹੁੰਦੇ ਰਾਜ ਪਲ਼ਟੇ, ਆਗੂਆਂ ਦੇ ਕਤਲ ਆਦਿ ਸਦਮਾ ਸਿਧਾਂਤ ਦੀ ਨੀਤੀ ਅਨੁਸਾਰ ਹੀ ਕੀਤੇ ਜਾਂਦੇ ਹਨ। ਸੰਸਾਰਿਕ ਪੱਧਰ ਤੇ ਹੋ ਰਹੀ ਉਥਲ-ਪੁਥਲ ਨੂੰ ਸਮਝਣ ਲਈ ਇਹ ਪੁਸਤਕ ਕਾਫੀ ਲਾਹੇਵੰਦ ਹੈ। ਕਮਲਪ੍ਰੀਤ ਪੰਧੇਰ ਨੇ ਹਾਕ ਸਫੀਲਡ ਹਾਕੀ ਅਕਾਦਮੀ ਦੁਆਰਾ ਲਗਾਈ ਜਾ ਰਹੀ ਪੰਜਾਬੀ ਕਵਿਤਾ ਵਰਕਸ਼ਾਪ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਇਸ ਕਾਰਜ ਲਈ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਵਲੰਟੀਅਰ ਸੇਵਾਵਾਂ ਦੇਣ ਦੀ ਹਾਮੀ ਭਰੀ। ਮਾਸਟਰ ਭਜਨ ਨੇ ਉਘੇ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ, ਨਵਕਿਰਨ (ਪੀ. ਐਸ. ਯੂ. ਲਲਕਾਰ) ਅਤੇ ਪਾਕਿਸਤਾਨੀ ਲੇਖਕ ਫਰਜ਼ੰਦ ਅਲੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਇਹਨਾਂ ਦੇ ਜੀਵਨ ਅਤੇ ਇਹਨਾਂ ਦੁਆਰਾ ਕੀਤੇ ਕਾਰਜਾਂ ਬਾਰੇ ਚਾਨਣਾ ਪਾਇਆ। ਨਰਿੰਦਰ ਢਿਲੋਂ ਅਤੇ ਜਗਦੇਵ ਸਿੱਧੂ ਨੇ ਵੀ ਵਿਚਾਰ ਰੱਖੇ। ਉਸਾਰੂ ਸੋਚਦਾ ਸੰਦੇਸ਼ ਦਿੰਦੀਆਂ ਕਵਿਤਾਵਾਂ ਦੇ ਦੌਰ ਦੌਰਾਨ ਗੁਰਦੀਸ਼ ਕੌਰ ਗਰੇਵਾਲ, ਮਨਮੋਹਨ ਬਾਠ, ਹਰਨੇਕ ਬੱਧਣੀ, ਅਜਾਇਬ ਸੇਖੋਂ, ਨੇ ਹਾਜ਼ਰੀ ਲਗਵਾਈ। ਕੌਮਾਂਤਰੀ ਮਹਿਲਾ ਦਿਵਸ (8 ਮਾਰਚ) ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮਾਰਚ ਮਹੀਨੇ ਦੀ ਮੀਟਿੰਗ 6 ਮਾਰਚ ਨੂੰ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨੂੰ 403-455-4220 'ਤੇ ਫੋਨ ਕਰ ਸਕਦੇ ਹੋ।


ਮਾਂ ਬੋਲੀ ਨਾਲ ਜੁੜੇ ਬੱਚੇ ਹੋਰ ਭਾਸ਼ਾਵਾਂ ਵਿਚ ਵੀ ਵਧੇਰੇ ਤਰੱਕੀ ਕਰਦੇ ਹਨ

ਪੰਜਾਬੀ ਲਿਖ਼ਾਰੀ ਸਭਾ ਕੈਲਗਰੀ, ਕਨੇਡਾ (ਰਜਿ.) ਵੱਲੋਂ
'ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ ਦਾ ਪੰਜਵਾਂ ਸਲਾਨਾ ਮੁਕਾਬਲਾ

ਪਹਿਲਾ ਭਾਗ :- ਗਰੇਡ 3 ਅਤੇ ਗਰੇਡ 4 ਦੇ ਬੱਚੇ
ਦੂਸਰਾ ਭਾਗ- ਗਰੇਡ 5 ਅਤੇ ਗਰੇਡ 6 ਦੇ ਬੱਚੇ
ਤੀਸਰਾ ਭਾਗ- ਗਰੇਡ 7 ਅਤੇ ਗਰੇਡ 8 ਦੇ ਬੱਚੇ





ਚਾਹ, ਸਨੈਕਸ ਅਤੇ ਸੌਫਟ ਡਰਿੰਕਸ ਦਾ ਵਿਸ਼ੇਸ਼ ਪ੍ਰਬੰਧ

ਪੰਜਾਬੀ ਸਾਹਿਤ ਦੀਆਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ।

12 ਮਾਰਚ 2016 ਦਿਨ ਸ਼ਨਿਚਰਵਾਰ
12.30 ਦੁਪਹਿਰ ਤੋਂ 4.00 ਵਜੇ ਸ਼ਾਮ ਤੱਕ

ਜਸਪ੍ਰੀਤ ਕੌਰ ਦਿਓ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ

ਵਾਈਟਹੌਰਨ ਕਮਿਊਨਿਟੀ ਹਾਲ
228 Whitehorn Rd. NE
Calgary, T1Y6H5

ਪ੍ਰਧਾਨ : ਤਰਲੋਚਨ ਸੈਹਿੰਬੀ 403-827-1483
ਜਨਰਲ ਸਕੱਤਰ : ਬਲਵੀਰ ਗੋਰਾ 403-472-2662
ਮੀਤ ਪ੍ਰਧਾਨ : ਬਲਜਿੰਦਰ ਸੰਘਾ 403-680-3212
ਸਕੱਤਰ ਰਣਜੀਤ ਲਾਡੀ 403-714-6848
ਖ਼ਜ਼ਾਨਚੀ : ਮੰਗਲ ਸਿੰਘ ਚੱਠਾ 403-708-1596

Like us on www.facebook.com/punjabilikharisabhacalgary



FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



# Bhagat Singh's warning

**Chaman Lal**

Religion-based politics has always had a devastating effect on any society in the world. Europe finally managed to separate the "Church' from the 'State' – making religion a matter of personal belief and not letting the state take any interest in matters of faith.

Europe had also gone through internecine war among different sects of Christianity, resulting in the death of hundreds of thousands of innocents during the Middle Ages – as is happening throughout the Muslim world now, where differing sects are killing thousands in internecine wars in the name of religious purity.

Tragically, East Punjab (Indian Punjab) – after going through turmoil and religion-based violence during the 1980s – has again been engulfed in a violent atmosphere. For narrow political gains, Gurmit Singh, self-styled as Ram Rahim Singh, accused of very serious crimes of murder, rape and mass castration was 'forgiven' for his 'religious misconduct' by Sikh preachers. He dressed up as Guru Gobind Singh in the past, for which he was charged with 'religious misconduct' by Sikh preachers.

Suddenly forgiving him for his 'religious misconduct' (later withdrawing the order under pressure from the people) was enough to cause turmoil in Punjab. And as if that was not enough, widespread incidents of sacrilege of religious scripture started appearing in the media, further engulfing Punjab in a precarious situation. As always, the state's reaction to such incidents is like that of Pakistan during the Zia years; the state of India has resorted to amending the law to give life imprisonment for sacrilege of religious books. It is well known that given the reputation of the Indian police, such laws are used for political or personal vendetta, much like in Pakistan.

The manufactured 'cow controversy' by a lunatic fringe of Hindutva elements added fuel to fire, leading to the brutal lynching of a Muslim man Akhlaq in Dadri. Earlier during the Lok Sabha elections communal tensions were manufactured to create polarisation in western UP, leading to riots in Muzaffarnagar, for which many present BJP MPs stand accused; they benefited from this polarisation and won the elections.

The murder of rational scholars like Narender Dabholkar, Govind Pansare and M M Kalburgi by Hindutva fringe – with no tangible action against these extremists – increased social tensions to new heights. Even the BJP's somewhat liberal elements like Sudheender Kulkarni fell victim to these communal elements.

And Anupam Kher leads a march in Delhi to say that 'there is no intolerance in India' with NDTV correspondent Bhairvi Singh being manhandled by his 'tolerant' marchers. Writers, artists and scientists protesting against this alarming situation by returning national awards are painted as 'anti-state' and traitors by these Hindutva supporters. Shahrukh Khan and Aamir Khan were the latest additions to this list of those they want to 'send to Pakistan', as if Pakistan is the Kala Paani of today.

The Hindutva elements indulging in this politics of religion hate Jawaharlal Nehru, who as first prime minister, tried to build a secular and democratic India with emphasis on scientific attitude and education. The country suffered massively during the many incidents of violence, in fact massacres of minorities, due to religion-based politics, whether under the BJP or Congress or other parties. After 2014's massive BJP victory, Hindutva fringe elements and RSS-like organisations have become more confident about creating another communal conflict. This has affected Punjab also, which suffered massively at the hands of Bhindrawale-inspired Khalistani religious elements. The country is at a crossroads again.

At this moment Bhagat Singh's wise warning comes to mind, which he penned in 1927 in an article in Kirti in reference to the 1924 Kohat communal riots:

"Under these conditions the future of Hindustan seems very bleak. These 'religions' have ruined the country. And one has no idea how long these religious riots will plague Hindustan. These riots have shamed Hindustan in the eyes of the world. And we have seen how everyone is carried on the tide of blind faith."

Bhagat Singh refers to the ideals of the Ghadar Party, whose centenary was celebrated recently.

"In 1914-15 the martyrs separated religion from politics. They believed that religion was an individual's personal matter and no one else should interfere in it. Nor should one let religion push itself into politics because it does not unite everyone or make them work together."

The recent rise of Isis and the belligerence of Hindutva or Khalistani or jihadi organisations in India and the world would alarm any thinking Indian, whether it is Aamir Khan or award returnee writers/scientists/artists. The Paris attacks shook the whole world, and the danger is very much there in our own land as well.

To fight back growing religious intolerance and fundamentalism in India, we need to revive the spirit of religious and communal harmony and unity – found at the time of the freedom struggle. Will those in power in the states and the centre rise to the occasion and check the tide of rising religious intolerance and violence in Indian society, threatening the very idea of a culturally, religiously and linguistically diverse and harmonious India.

One has to return to the Nehruvian idea of India as a true 'secular' state – not of the 'sarv dharam sambhav' variety, but of 'separation of religion from politics' in the real sense. The same is true for Pakistan, which needs to go back to Jinnah's vision of a democratic Pakistan.

The writer is a retired professor from the Jawaharlal Nehru University, New Delhi and is one of the writers who recently returned the Sahitya Akademi awards. **Prof.chaman@gmail.com**







ACCOUNTANT

Corporate & Personal Business
Attends: CRA Audits
and Appeals


SUKHDEV SINGH CPA, CGA

TEL: (905) 793-0909
FAX: (905)-450-2165
10-2084 STEELES AVE EAST,
BRAMPTON, L6T 5A6
EMAIL: sukhdevcga@gmail.com

# Ontario's early bird budget didn't get the worm



Sheila Block




In an unusual move, the Ontario government released its 2016-17 budget in February, a month before the federal budget.

Given that the budget contains no real surprises and, for the most part, indicates this government is sticking to the plan it set out last year, it's difficult to see why Ontario wouldn't have waited for its federal partner's budget.

With the Ontario 2016 budget, the Ontario government sticks to its knitting — staying on course to balance the budget in 2017-18 and making baby steps toward easing the harsh constraints on program spending.

We're not getting too excited about easing of spending constraints: increases to health care and education will continue to fall behind inflation and population growth. That will likely mean more nursing cuts and continued turmoil in Ontario's education system.

Two years ago, the Wynne government secured a majority mandate with the promise of becoming an "activist government."

This budget takes a few baby steps in that direction, but in year two of its four-year mandate, the government is still crawling when it should be walking.

The government will continue its commitment to its historic 12-year infrastructure renewal project. It will provide stimulus just at a time when Ontario is starting to see green shoots of hope after years of economic uncertainty, and increased productive capacity in the future.

**New revenue**

The headline grabber in this budget is the province's cap and trade policy, which does three things:

- It's a step in addressing climate change and participating in a national program to do so;
- It comes just before the March 3 climate change meeting in Vancouver;
- The budget indicates the government expects cap and trade to yield $1.9 billion in annual revenues that are needed to support investments in energy efficiency and transportation investments.

Given Finance Minister Charles Sousa's fixation on deficit reduction, the new cap and trade policy will be welcome news on the revenue front. But is it enough?

The minister announced today that he remains on course to balance the provincial budget on his 2017-18 deadline. The deficit is now expected to come in at $4.3 billion in 2016-17, down from its post-recession peak of $19.3 billion in 2009-10.

The minister's deficit reduction fixation will get a boost from new tobacco taxes and alcohol charges, and other small changes.

The budget gets rid of a couple of ineffective boutique tax credits — such as the Children's Activity Tax Credit, which the government says went largely to higher-income families.

Wynne's government could and should do more. It could have taken advantage of brightening economic prospects to increase revenues to pay for the services everyone relies upon, but especially low-income Ontarians.

**Falling behind on funding services**

Despite some welcome tax measures, let's be clear: the lion's share of this government's deficit reduction activities has come at the expense of expanding program spending to improve public services.

The finance minister has eased up on his goal of keeping program spending growth to below one per cent, but just barely: the province's program spending is projected to average 1.9 per cent growth between 2014-15 and 2018-19. This means that government spending on public services will continue to fall behind inflation and population growth.

With a starting point of the lowest per capita spending budget in all of Canada, this will continue to have an impact on the quantity and quality of public services.

The chart below makes the point. According to the plan set out in this budget, by 2018-19, government spending will be 8 per cent below what it would have been if real, per capita spending simply stayed at 2011 levels.

**2016-on-budget-spending-chart-blog**

That's a $10 billion gouge in public services that makes itself known through the reduction in the numbers of registered nurses in Ontario hospitals, ongoing missed targets in the Ontario poverty reduction strategy, and growing class sizes in Ontario schools.

In other words, government austerity on the program spending side of the provincial budget comes at great personal cost to many Ontarians.

Program spending going up, but not by much:

Following a four-year freeze, hospital funding will increase by only 1 per cent. This continued squeeze means it is unlikely any of the 1,200 layoffs of registered nurses last year will be reversed.

The 1.2 per cent increase in education spending in this budget also fails to address the elephant in the room for Ontario's public education system: the education funding formula implemented during the Mike Harris years was flawed from the get-go and this budget does nothing to address the fundamental problem that continues to wreak havoc on the school system.

The government has been successful at making a political target of school teachers and school boards, but it's the funding formula that is at the heart of the problem and the longer the government ignores that issue, the more prolonged the turmoil.

**Wage compression**

Overall, the province's austerity agenda continues to be waged on the backs of public sector workers. Budget Chart 2.7 shows provincial public settlements fall well below all other private and public sector settlements since 2010.

**Too little too late**

It wasn't supposed to be this way. Premier Kathleen Wynne was elected on the promise to value and protect public services. She was going to be the activist premier.

Midway through her majority mandate, Premier Kathleen Wynne has failed to deliver on her promise of the improved public services that an activist government should deliver.

Perhaps most disappointing has been the government's slow response to falling behind on its own poverty reduction targets.

This budget allocates a 1.5 per cent increase to social assistance benefit rates, including a further increase for single OW recipients. Increases are welcome but with rising food prices, they will do very little to improve the ability of people receiving benefits to afford to feed themselves and their families the nutritious food that all of us need or to pay their housing costs, let alone other regular costs of living.

Ontarians who have been living in poverty have been waiting 12 years — since the McGuinty government took over from the Harris years— for a return to more adequate social assistance incomes. This year's increases are too little, too late.

There remain a range of options available to the provincial government to increase taxes. They include: raising the corporate income tax rate and/or taking up the HST tax room left from the 2 per cent cut to the federal GST. Each point in the HST would raise $2.6 billion. Returning Ontario's corporate income tax rate to previous levels is another option, as rates are a lot lower than in neighbouring jurisdictions. There was tax room to move into here, but the government passed.

**All eyes on the federal budget**

Budget 2016-17 lays out where the provincial government stands, but there remain many questions about how and when the new federal Liberal government will step up to the plate in full partnership with Ontario.

That potentially multi-billion dollar question hangs heavily in the air while many Queen's Park observers remain confounded by Ontario's decision to drop its 2016-17 budget inordinately early — in February, a month before knowing what the federal government plans in its own budget.

Coming out with this budget before the federal one cut off the possibilities for more meaningful progress on renewing and restoring public services in Ontario. How much more could this budget have delivered for Ontarians? We will find out in only a few weeks.

Sheila Block is a senior economist at Canadian Centre for Policy Alternatives' Ontario office. Follow her on twitter: @Sheila_M_Block

# NBS demands Immediate Release of JNUSU President Kanahayia Kumar

Defend democratic rights, Intensify mass struggles on the basic issues of people's In a press release, Naujwan bharat Sabha (NBS) strongly condemns the despotic act of arresting JNUSU president Kanhaya Kumar under the false case of sedition. It demanded immediate release of Mr. Kanhaya Kumar and cancelling the suspension of other students. State secretary of NBS Pavel Kussa declared the act an attack on the basic right to speech and expression.

He said that JNU incident is part of BJP's fascistic campaign against the people in which it is attempting to strangulate and crush each and every voice of dissent. In a long list of such fascistic acts, recently added is the case of Rohit Vemulla, a student from Hyderabad University, who was harassed, victimized and forced to commit suicide for opposing Yakub Memon's hanging. Now, the cultural event organized by students of JNU, to express their views on Afzal's hanging, Kashmir issue, minority communities etc., was first disrupted by handful of ABVP activists, and then going to the ridiculous extent, Home Ministry itself jumped in and got the false charges of sedition slapped against the student leader. On its orders, Delhi police stormed into the university hostels and arrested Kanhaya Kumar. In a hurry to back this despotic act, fake tweets of Hafiz Saed were quoted by Home Minister of India himself without even caring for its authenticity.

NBS on the contrary declares that JNU students' had done nothing anti-national. What the student did was actually a duty which every conscious and enlightened youth must be performing while supporting oppressed and suppressed people. All the democratic, justice loving and conscious people of our country have been doing so on many different occasions. It is a well-known fact that Afzal Guru was innocent and he was hanged only for the opportunistic political purpose of provoking national chauvinistic feelings and for terrorizing the Kashmiri people. At the time of the hanging too, democratic and justice loving people from all over the country raised their voice against the hanging and declared it a calculated murder by Indian state. This voice of protest continued to be raised even today.

BJP lead forces, on the other hand, said Pavel, are creating an atmosphere of terror. Under one pretext or other, attempts are being made to divide and mobilize people on religious, communal lines. National chauvinistic feelings are being provoked to achieve the same. The communal fascist elements are being portrayed as national heroes. The voices of dissent and protest against the atrocious treatment of Kashmiri and other oppressed nationalities at the hands of Indian state are being dubbed as act of sedition.

The truth however is that the real traitors and the forces acting against our nation are the rulers of our country themselves who have thrown open the entire sources and resources of our country for sale to the imperialist corporations and themselves rake in fat commissions. People of India – tribal people, peasants, workers, employees, students, youth etc – on the other hand are valiantly resisting against this imperialist onslaught. The desperate attempts by the BJP to mobilize people around the communal, fascistic and national-chauvinistic slogans, is not only to strengthen its social-political basis to win elections. It is, more than that, an attempt at counter social mobilization of a reactionary social political force to be pitted against the people of India resisting imperialistic onslaught.

In the end he said that all the conscious and enlightened youth of Punjab stand with JNU students. All the democratic and genuine pro-people patriotic forces must struggle against the despotic and fascistic acts of BJP government and must intensify the mass struggles on the basic issues of masses India to defeat the anti-people and reactionary communal, fascistic designs of BJP regime.

**Pavel Kussa**
**State Secretary**
**Naujwan Bharat Sabha**

# Picket Indian Consulate in Birmingham

Rohith Vemula was compelled to take his own life on 17 January 2016. He was led to despair by the officials at the Hyderabad University, the goons in the ABVP wing of the BJP and not least by the union labour minister and RSS ideologue Bandaru Dattatreya together with MHRD minister Smirti Irani. Rohith was a 26 year old Dalit PhD student and an active member of the Ambedkar Students' Association (ASA) which campaigns for Dalit rights and justice for all. ASA held a protest against the hanging of Yakub Menon, accused in the Mumbai bombing, and decided to show a documentary film on the 2013 riots in Muzaffanagar, which lays bare BJP's instigating role. Both the protest and the screening of film were opposed by the ABVP students which led to scuffles between the two groups of students. In an attempt to get Rohith and his friends expelled the leader of the ABVP put in a complaint to the Hyderabad University alleging that he had been attacked by ASA members. An enquiry was held by the authorities which found no evidence of any ASA members being involved in any such attack.

The local BJP MP Bandaru Dattatreya took the ABVP side and wrote to Smirti Irani, minister in the Ministry of Human Resource Development, claiming that Hyderabad University was a "den of casteist, extremist and anti-national politics." The minister wrote five letters to the university which resulted in five students being expelled and evicted from their accommodation. Rohith was one of them who ended on the street, without money because the University had stopped paying him his fellowship of 25,000 rupees per month. He was unable to ask his poor parents for help who struggled to make ends meet. The unjust institution robbed Rohith of his opportunity to attain a PhD, robbed his chance of a good career and robbed him of the means to survive. All this led Rohith to commit suicide in his friends flat. This was 'institutional murder".IWA-GB joins thousands people in India and around the world who are aghast by these events. There are wide spread protests in India spearheaded by Joint Action Committee for Social Justice, a broad coalition of organisations demanding justice for Rohith. Dozens of students have gone on hunger strike until their demands are met. In solidarity with these protest we condemn the Hyderabad University Vice Chancellor, BJP ministers and the ABVP student for their Casteist acts. We echo the demands:

- Remove Smriti Irani as Minister
- Remove the Vice Chancellor and punish him for abetting suicide.
- Ban ABVP from all universities

Best Regards
Lekh

# Devastating Hospital Cuts & Flawed Process for Health Reform Consultation: Key Issues for this Session of the Ontario Legislature

Toronto – Ontario's premier stated that jobs and the economy are her priorities for this session of Ontario's Legislature, which opened today. Impacting both jobs and local economies but not part of the Premier's media messages, two key health care issues impacting Ontario's communities will also be on the front-burner, including:

Devastating hospital cuts that are happening everywhere across the province.

A sweeping plan for health reform that covers regional health governance (LHINs), home care, primary care and public health.

Ontario is heading into its ninth straight year of real-dollar cuts to public hospitals' global budgets. This is the longest stretch of hospital cuts since the inception of public health care. As a result of the Wynne government's funding cuts that have dropped Ontario's hospital funding levels far below the rest of the country, local hospitals are announcing round after round of devastating cuts. In the southwest, all money for whole ranges of surgeries has run out since January or even earlier, leaving patients languishing on wait lists until after the next fiscal year starts (after April). Entire small and rural hospitals are again under threat in areas such as Minden. Hospitals like the one in Quinte West are under threat of losing virtually all surgeries. Massive job cuts that deprive our local hospitals of decades of experience and leave them with severe staffing shortages have been announced in communities such as Windsor where more than 160 RN positions are slated for the chopping block. Cuts -- including operating room closures, wholesale closure of local birthing units, devastating bed closures, eradication of hundreds of front-line and vital support staff positions and cuts to vital health professionals' services and clinics -- are happening from Midland to Kitchener and Sarnia to Kawartha Lakes and beyond. Major cuts have already swept across Ottawa and Northeastern Ontario and more will be coming if they are not stopped. Ontario has already cut hospital services and patient staffing to lower levels than any other province.


In recent weeks, the Ministry of Health has delegated the Local Health Integration Networks (LHINs) – Ontario's cabinet-appointed regional health governance entities – to conduct public consultations on the Minister's sweeping health reform plans. This means the LHINs are now conducting consultations on expanding their own powers, a clear conflict of interest. During the sessions, the LHINs give participants a presentation, ask a set of questions, and collate input. The Ontario Health Coalition has received numerous calls and emails complaining about the process. In one session, participants were not allowed to see the summary of their input. In another, after giving their presentation, the LHIN ran out of time to actually consult with participants. Everywhere, people are wondering how the LHINs can be trusted to accurately convey the feedback -- much of which is critical of the LHINs' processes and activities -- to the Minister of Health. Public policy creation is not included in the LHINs' legislative mandate; they were created under legislation and are responsible to the Legislature, not to a particular political party. Moreover, the legislated requirement for the government to review and evaluate the LHINs was never completed. The use of what are essentially crown corporations to engage in political work of this sort is not appropriate. Furthermore, there are widespread rumours that health reform legislation will be unveiled in March. If this is true, then the consultations are meaningless, as the health reform legislation is already written.

The Ontario Health Coalition is calling for a formal, on-the-record, proper consultation on the proposed health reform plans with adequate time for Ontarians to give meaningful input before legislation is introduced. The Coalition is also calling for Ontario's government to restore hospital funding levels to at least the average of the rest of Canada to stop the cuts and privatization of our vital local hospital services.

For more information: Natalie Mehra, Executive Director (416) 441-2502 (office).

# "ਮਹਾਨ ਵਿਗਿਆਨੀ ਚਾਰਲਸ ਡਾਰਵਿਨ"

ਜਿਸ ਨੇ ਪਹਿਲੀ ਵਾਰੀ ਠੋਸ ਸਬੂਤ ਦੇ ਕੇ ਦੁਨੀਆ ਨੂੰ ਦੱਸਿਆ ਸੀ ਕਿ ਇਹ ਜੀਵ ਅਤੇ ਬਨਸਪਤੀ ਕਿਸੇ ਵੀ ਸ਼ਕਤੀ ਨੇ ਆਪਣੀ ਇਛਾ ਅਨੁਸਾਰ ਇੱਕੋ ਦਿਨ ਪੈਦਾ ਨਹੀਂ ਕੀਤੇ. ...ਸਾਰੇ ਜੀਵਾਂ ਅਤੇ ਸਾਰੀਆਂ ਬਨਸਪਤੀਆਂ ਸ਼ੁਰੂ ਵਿਚ ਅਜਿਹੀਆਂ ਨਹੀਂ ਨਹੀਂ ਸਨ ਜਿਸ ਤਰਾਂ ਦੀਆਂ ਅੱਜ ਹਨ ਅਤੇ ਨਾ ਹੀ ਇਹਨਾਂ ਨੇ ਭਵਿਖ ਵਿਚ ਇਸਤਰਾਂ ਦਾ ਰਹਿਣਾ ਹੈ। ਅੱਜ ਦਾ ਮਨੁੱਖ ਵੀ ਸ਼ਕਲ ਅਤੇ ਅਕਲ (ਗਿਆਨ) ਤੋਂ ਓਹ ਨਹੀਂ ਹੈ ਜੋ ਲੱਖਾਂ ਸਾਲ ਪਹਿਲਾਂ ਸੀ ਅਤੇ ਨਾ ਹੀ ਅਜਿਹਾ ਰਹਿਣਾ ਹੈ।



ਚਾਰਲਸ ਡਾਰਵਿਨ ਦਾ ਜਨਮ 12 ਫਰਵਰੀ 1809 ਵਿਚ ਇੰਗਲੈਂਡ ਦੇ ਇੱਕ ਛੋਟੇ ਜਿਹੇ ਵਪਾਰਿਕ ਸ਼ਹਿਰ ਸ਼ਰੁਸਬਰੀ ਵਿਖੇ ਇੱਕ ਐਸੇ ਪਰਿਵਾਰ ਵਿਚ ਹੋਇਆ ਜੋ ਪੀੜੀਆਂ ਤੋਂ ਹੀ ਵਿਗਿਆਨੀ ਸਨ। ਉਸ ਦੇ ਪਿਤਾ ਜੀ ਇੱਕ ਮੈਡੀਕਲ ਡਾਕਟਰ ਸਨ ਅਤੇ ਦਾਦਾ ਜੀ ਇੱਕ ਮਸ਼ਹੂਰ ਬਨਸਪਤੀ ਵਿਗਿਆਨੀ ਸਨ। ਸੋਲਾਂ ਸਾਲ ਦਾ ਹੋਣ ਤੇ 1825 ਵਿਚ ਡਾਰਵਿਨ ਨੇ ਆਪਣੇ ਭਰਾ ਸਮੇਤ ਐਡਿਨਬਰਗ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ ਅਤੇ ਦੋ ਸਾਲ ਬਾਅਦ ਉਹ ਕੈਂਬ੍ਰਿਜ ਵਿਖੇ ਕ੍ਰਿਸਟ ਕਾਲਜ ਦਾ ਵਿਦਿਆਰਥੀ ਬਣ ਗਿਆ. ਪਿਤਾ ਜੀ ਨੂੰ ਉਮੀਦ ਸੀ ਕਿ ਡਾਰਵਿਨ ਉਸ ਕਦਮਾਂ ਤੇ ਹੀ ਚਲ ਕੇ ਡਾਕਟਰ ਬਣੇ ਗਾ ਪਰ ਖੂਨ ਵੇਖ ਕੇ ਉਸ ਦਾ ਜੀ ਮਿਚਕਦਾ ਸੀ ਇਸ ਲਈ ਉਸ ਨੇ ਡਾਕਟਰੀ ਦੀ ਪੜਾਈ ਨਹੀਂ ਕੀਤੀ. ਫੇਰ ਪਿਤਾ ਜੀ ਨੇ ਸਲਾਹ ਦਿੱਤੀ ਕਿ ਉਹ ਪਾਦਰੀ ਬਣ ਜਾਵੇ ਪਰ ਡਾਰਵਿਨ ਦਾ ਝੁਕਾਅ ਕੁਦਰਤੀ ਇਤਿਹਾਸ ਵਲ ਸੀ।

1831 ਵਿਚ ਡਾਰਵਿਨ ਨੇ ਬੀ - ਏ ਕਰ ਲਈ। ਉਸ ਦਾ ਸੰਰਖਿਅਕ ਪ੍ਰੋਫੈਸਰ ਜੋਹਨ ਸਟੀਵੈਨ ਉਸ ਦੇ ਕੁਦਰਤ ਦੇ ਇਤਿਹਾਸ ਵਲ ਝੁਕਾਅ ਤੋਂ ਜਾਣੂ ਸੀ। ਇਸਲਈ ਉਸ ਨੇ ਸਮੁੰਦਰੀ ਬੇੜੇ ਐਚ ਐਮ ਐਸ ਬੀਗਲ ਵਿਚ ਇੱਕ ਕੁਦਰਤੀ ਖੋਜੀ ਦੇ ਤੌਰ ਦੇ ਉਸ ਦੀ ਸਿਫਾਰਿਸ਼ ਕਰ ਦਿੱਤੀ। ਜਹਾਜ ਨੇ 27 ਦਸੰਬਰ 1831 ਨੂੰ ਰਵਾਨਾ ਹੋ ਕੇ ਸਾਰੀ ਦੁਨੀਆ ਦਵਾਲੇ ਚੱਕਰ ਪੰਜ ਸਾਲ ਵਿਚ ਪੂਰਾ ਕਰਨਾ ਸੀ ਅਤੇ ਡਾਰਵਿਨ ਲਈ ਜ਼ਿੰਦਗੀ ਵਿਚ ਇਹ ਇੱਕ ਵਧੀਆ ਮੌਕਾ ਸੀ। ਯਾਤਰਾ ਦੌਰਾਨ ਡਾਰਵਿਨ ਨੇ ਭਿੰਨ ਭਿੰਨ ਪ੍ਰਕਾਰ ਦੇ ਅਨੇਕਾਂ ਨਮੂਨੇ ਇੱਕਠੇ ਕੀਤੇ ਜਿਨਾਂ ਵਿਚ ਪੰਛੀ, ਬੂਟੇ, ਦਰਖਤ ਅਤੇ ਪਥਰਾਟ ਸਣ।(ਜੋ ਵਿਗਿਆਨਿਕ ਸ਼ਬਦਾਵਲੀ ਤੋਂ ਅਣਜਾਨ ਹਨ ਉਹਨਾਂ ਨੂੰ ਦਸਣਾ ਇਥੇ ਕੁਥਾਂ ਨਹੀਂ ਹੋਵੇ ਗਾ ਕਿ ਅੱਜ ਤੋਂ ਲੱਖਾਂ ਸਾਲ ਪਹਿਲਾਂ ਮਾਰੇ ਗਏ ਅਤੇ ਧਰਤੀ ਹੇਠਾਂ ਦੱਬੇ ਗਏ ਜੀਵ ਅਤੇ ਬਨਸਪਤੀ ਦੇ ਅਵਸ਼ੇਸ਼ਾਂ ਨੂੰ ਪਥਰਾਟ ਕਹਿੰਦੇ ਹਨ। ਇਹ ਹੱਡੀਆਂ ਜਾਂ ਬਨਸਪਤੀ ਦੇ ਬਚੇ ਅੰਗ ਹੁੰਦੇ ਹਨ ਜਾਂ ਮਿੱਟੀ ਵਿਚ ਕੇਵਲ ਉਹਨਾਂ ਦੀਆਂ ਸ਼ਕਲਾਂ ਹੀ ਬਚਦੀਆਂ ਹਨ।) ਇਹਨਾ ਨਮੂਨਿਆਂ ਨੂੰ ਘੋਖ ਪਰਖ ਕੇ ਜਾਂ ਤਜਰਬੇ ਕਰ ਕੇ ਉਸ ਨੂੰ ਭੂਗੋਲਿਕ ਵਿਗਿਆਨ, ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ ਦੇ ਸਿਧਾਂਤਾਂ ਨੂੰ ਵੇਖਣ ਸਮਝਣ ਦਾ ਇੱਕ ਬਹੁਤ ਵਧੀਆ ਮੌਕਾ ਮਿਲਿਆ।

1836 ਵਿਚ ਵਾਪਿਸ ਆ ਕੇ ਡਾਰਵਿਨ ਨੇ ਆਪਣੀਆਂ ਖੋਜਾਂ ਤੇ ਅਧਾਰਿਤ ਲਿਖਣਾਂ ਸ਼ੁਰੂ ਕਰ ਦਿੱਤਾ. ਪਹਿਲਾਂ ਉਸ ਦੀਆਂ ਲਿਖਤਾਂ ਜਹਾਜ ਦੇ ਕਪਤਾਨ ਫਿਟਜ ਰੋਏ ਦੀਆਂ ਜਹਾਜੀ ਯਾਤਰਾਵਾਂ ਦੇ ਹਿੱਸੇ ਵੱਜੋਂ ਛਪੀਆਂ ਅਤੇ ਬਾਅਦ ਵਿਚ ਸੰਪਾਦਨ ਕਰ ਕੇ "ਬੀਗਲ ਦੀ ਜੀਵ ਵਿਗਿਆਨੀ ਯਾਤਰਾ" ਵਿਚ ਛਪੀਆਂ. ਹੁਣ ਡਾਰਵਿਨ ਨੇ ਸਮਕਾਲੀ ਕੁਦਰਤੀ ਵਿਗਿਆਨੀਆਂ ਤੋਂ ਉਲਟ ਜੀਵਿਤ ਵਸਤੂਆਂ ਦੀ ਸ਼ੁਰੂਆਤੀ ਪੈਦਾਇਸ਼ ਬਾਰੇ ਇੱਕ ਕਰਾਤੀਕਾਰੀ ਸਿਧਾਂਤ ਵਿਕਸਿਤ ਕਰਨਾ ਸ਼ੁਰੂ ਕਰ ਦਿੱਤਾ. ਡਾਰਵਿਨ ਵੱਲੋਂ ਇੱਕਠੇ ਕੀਤੇ ਗਏ ਸੰਸਾਰ ਭਰ ਦੇ ਨਮੂਨਿਆਂ ਨੂੰ ਜਦੋਂ ਪਰਦਰਸ਼ਿਤ ਕੀਤਾ ਗਿਆ ਤਾਂ ਬੜੇ ਅਹਿਮ ਸਵਾਲ ਪੈਦਾ ਹੋਣੇ ਸ਼ੁਰੂ ਹੋ ਗਏ. ਦੂਸਰੇ ਕੁਦਰਤੀ ਵਿਗਿਆਨੀਆਂ ਨੂੰ ਯਕੀਨ ਸੀ ਕਿ ਜਾਂ ਤਾਂ ਸਾਰੇ ਜੀਵ ਅਤੇ ਬਨਸਪਤੀ ਸੰਸਾਰ ਦੀ ਸ਼ੁਰੁਆਤ ਵਿਚ ਹੀ ਹੋਂਦ ਵਿਚ ਆ ਗਏ ਜਾਂ ਸਮੇਂ ਸਮੇਂ ਤੇ ਕੁਦਰਤੀ ਇਤਿਹਾਸ ਵਿਚ ਪੈਦਾ ਕਰ ਦਿੱਤੇ ਗਏ. ਦੋਵਾਂ ਹਾਲਤਾਂ ਵਿਚ ਇਹ ਮੰਨਿਆ ਗਿਆ ਸੀ ਕਿ ਸਾਰੇ ਜੀਵ ਅਤੇ ਬਨਸਪਤੀਆਂ ਪੈਦਾ ਹੋਣ ਤੋਂ ਬਾਅਦ ਬਿਨਾ ਕਿਸੇ ਤਬਦੀਲੀ ਦੇ ਬਿਲਕੁਲ ਉਵੇਂ ਹੀ ਰਹੇ ਜਿਵੇਂ ਪੈਦਾ ਹੋਏ ਸਨ। ਪਰ ਡਾਰਵਿਨ ਨੇ ਵੇਖਿਆ ਅਤੇ ਵਿਗਿਆਨੀਆਂ ਨੂੰ ਦੱਸਿਆ ਕਿ ਸਾਰੇ ਜੀਵਾਂ ਵਿਚ ਕਾਫੀ ਸਮਾਨਤਾਵਾਂ ਹਨ - ਜਿਵੇਂ ਕਿ ਡੱਡੂ ? ਭੇਡ, ਗਾਂ, ਮੱਝ, ਬੱਕਰੀ, ਘੋੜਾ, ਬੰਦਰ ਅਤੇ ਮਨੁੱਖ ਆਦਿ ਦੇ ਭਰੂਣ ਮਿਲਦੇ ਜੁਲਦੇ ਹਨ। ਇਸੇ ਤਰਾਂ ਸ਼ੇਰ, ਬੰਦਰ, ਡੱਡੂ ਮਨੁੱਖ ਦੇ ਪੰਜਿਆਂ ਦੀ ਹੱਡੀਆਂ ਦੀ ਬਨਾਵਟ ਮਿਲਦੀ ਜੁਲਦੀ ਹੈ. ਇਥੇ ਤੱਕ ਕਿ ਕਬੂਤਰ, ਕਾਂ, ਮੁਰਗਾ ਜਾਂ ਚਮਗਿੱਦੜ ਦੇ ਪਰਾਂ ਦੀਆਂ ਹੱਡੀਆਂ ਦੀ ਬਨਾਵਟ ਵੀ ਸਾਡੇ ਹੱਥਾਂ ਦੀਆਂ ਹੱਡੀਆਂ ਵਰਗੀਆਂ ਹੀ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਜਾਂ ਇਹਨਾਂ ਦੇ ਪੂਰਵਜ ਇੱਕ ਹੀ ਸਨ। ਪਰ ਨਾਲ ਹੀ ਡਾਰਵਿਨ ਨੇ ਨੋਟ ਕੀਤਾ ਕਿ ਭੂਗੋਲਿਕ ਜਾਂ ਵਾਤਾਵਰਨਿਕ ਹਾਲਤਾਂ ਅਨੁਸਾਰ ਜੀਵਾਂ ਦੀਆਂ ਸ਼ਕਲਾਂ ਅਤੇ ਆਦਤਾਂ ਵਿਚ ਭਿੰਨਤਾਵਾਂ ਵੀ ਆਈਆਂ ਹਨ। ਬਰਫੀਲੇ ਇਲਾਕੇ ਵਿਚ ਰਹਿਣ ਵਾਲੇ ਕੁੱਤਿਆਂ ਦੀ ਜਤ ਕਾਫੀ ਵੱਡੀ ਹੁੰਦੀ ਹੈ ਜਦ ਕਿ ਬਾਕੀ ਇਲਾਕਿਆਂ ਦੇ ਕੁੱਤਿਆਂ ਦੀ ਜਤ ਹੁੰਦੀ ਹੀ ਨਹੀਂ ਜਾਂ ਨਾਮ ਮਾਤਰ ਹੀ ਹੁੰਦੀ ਹੈ। ਗਰਮੀਆਂ ਵਿਚ ਤਾਂ ਕੁੱਤਿਆਂ ਦੇ ਵਾਲ ਕਾਫੀ ਝੜ ਜਾਂਦੇ ਹਨ।

ਸਾਲਾਂ ਬਧੀ ਖੋਜ ਪੜਤਾਲ ਤੋਂ ਬਾਅਦ 1858 ਵਿਚ ਡਾਰਵਿਨ ਨੇ ਲਿੰਨੀਅਨ ਸੁਸਾਇਟੀ ਵਿਚ ਆਪਣਾ ਕ੍ਰਾਂਤੀਕਾਰੀ ਕ੍ਰਮ ਵਿਕਾਸ ਦਾ ਸਿਧਾਂਤ ਪੜ੍ਹਿਆ 24 ਨਵੰਬਰ 1859 ਵਿਚ ਉਸ ਨੇ ਆਪਣੀ ਕ੍ਰਾਂਤੀਕਾਰੀ ਕਿਤਾਬ "ਕੁਦਰਤੀ ਚੋਣ ਪ੍ਰਣਾਲੀ ਰਾਹੀਂ ਨਸਲਾਂ ਦੀ ਉਤਪਤੀ" ਛਪਵਾਈ। ਕੁਦਰਤੀ ਚੋਣ ਅਨੁਸਾਰ ਕੇਵਲ ਉਹ ਨਸਲਾਂ ਹੀ ਜੀਵਿਤ ਰਹਿੰਦੀਆਂ ਹਨ ਅਤੇ ਵਿਕਾਸ ਕਰਦੀਆਂ ਹਨ ਜੋ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੀਆਂ। ਜਿਹੜੀਆਂ ਨਸਲਾਂ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਨਹੀਂ ਢਾਲ ਸਕਦੀਆਂ ਉਹ ਖਤਮ ਹੋ ਜਾਂਦੀਆਂ ਹਨ। ਵਾਤਾਵਰਣ ਅਨੁਸਾਰ ਢਲਣ ਨਾਲ ਨਸਲ ਤਾਂ ਕਾਇਮ ਰਹਿੰਦੀ ਹੀ ਹੈ ਪਰ ਨਾਲ ਨਾਲ ਸ਼ਰੀਰ ਬਣਤਰ ਤੇ ਵੀ ਅਸਰ ਪੈਂਦਾ ਹੈ. ਜੇਕਰ ਬੰਦਰ ਤੋਂ ਮਨੁੱਖ ਬਣਨ ਦੇ ਵਿਕਾਸ ਵਿਚ ਪੂੰਛ ਦੀ ਲੋੜ ਨਹੀਂ ਪਈ ਤਾਂ ਪੂੰਛ ਘਟਦੀ ਘਟਦੀ ਖਤਮ ਹੋ ਗਈ ਪਰ ਮਨੁੱਖ ਵਿਚ ਪੂੰਛ ਦੀਆਂ ਸ਼ੁਰੂਆਤੀ ਹੱਡੀਆਂ ਅਜੇ ਵੀ ਮੌਜੂਦ ਹਨ। ਜਿਹੜੇ ਚੌਪਾਇਆਂ ਨੇ ਪੰਜੇ ਵਰਤਣੇ ਬੰਦ ਕਰਕੇ ਉਹਨਾ ਤੋਂ ਕੇਵਲ ਕੇਵਲ ਟੁਰਨ ਦੌੜਨ ਦਾ ਕੰਮ ਲਿਆ ਉਹਨਾਂ ਦੀਆਂ ਉਂਗਲੀਆਂ ਖਤਮ ਹੋ ਗਈਆਂ ਅਤੇ ਖੁਰ ਬਣ ਗਏ, ਪਰ ਜੇਕਰ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਗਾਵਾਂ, ਮੱਝਾਂ, ਬੱਕਰੀਆਂ ਜਾਂ ਹਿਰਣਾਂ ਦੇ ਖੁਰਾਂ ਤੋਂ ਥੋੜਾ ਜਿਹਾ ਉੱਪਰ ਅਜੇ ਵੀ ਦੋ ਛੋਟੀਆਂ ਜਿਹੀਆਂ ਉਂਗਲੀਆਂ ਲਟਕਦੀਆਂ ਨਜ਼ਰ ਆਉਂਦੀਆਂ ਹਨ। ਮਨੁੱਖ ਦੇ ਸੂਏ ਦੰਦ ਇਸੇ ਲਈ ਬਾਂਦਰਾਂ ਤੋਂ ਛੋਟੇ ਅਤੇ ਘਟ ਤਿੱਖੇ ਹੋ ਗਏ ਕਿਉਂਕੇ ਇਹਨਾ ਨੇ ਜਾਨਵਰਾਂ ਦਾ ਸ਼ਿਕਾਰ ਕਰਨ ਵੇਲੇ ਆਪਣੇ ਦੰਦ ਸ਼ਿਕਾਰ ਦੀ ਗਰਦਨ ਵਿਚ ਖੋਭਣਾ ਬੰਦ ਕਰ ਦਿੱਤਾ।

ਲਗਾਤਾਰ ਖੋਜ ਪੜਤਾਲ ਕਰਦੇ ਕਰਦੇ 19 ਅਪ੍ਰੈਲ 1882 ਨੂੰ ਇਹਨਾ ਦੀ ਮੌਤ ਹੋ ਗਈ। ਭਾਵੇਂ ਕਿ ਡਾਰਵਿਨ ਦੀ ਮੌਤ ਤੋਂ ਇੱਕ ਸਦੀ ਬਾਅਦ ਡੀ ਐਨ ਏ ਦੀ ਖੋਜ ਨੇ ਡਾਰਵਿਨ ਦੇ ਸਿਧਾਂਤ ਤੇ ਪੱਕੀ ਮੋਹਰ ਲਗਾ ਦਿੱਤੀ ਹੈ ਪਰ ਅਜੇ ਵੀ ਸੰਸਾਰ ਵਿਚ ਉਹਨਾਂ ਲੋਕਾਂ ਦੀ ਘਾਟ ਨਹੀਂ ਜੋ ਇਹ ਮੰਨਦੇ ਹਨ ਕਿ ਜਿਸ ਤਰ੍ਹਾਂ ਦੀ ਸੰਸਾਰ, ਜੀਵ ਜੰਤੂ, ਬਨਸਪਤੀ ਦੀ ਰਚਨਾ ਰੱਬ ਨੇ ਪਹਿਲੇ ਦਿਨ ਤੋਂ ਹੀ ਬਣਾ ਦਿੱਤੀ ਇਹ ਉਵੇਂ ਦੀ ਉਵੇਂ ਹੀ ਹੈ ਅਤੇ ਉਵੇਂ ਹੀ ਰਹੇਗੀ, ਪਰ ਆਉਣ ਵਾਲੀਆਂ ਪੀੜ੍ਹੀਆਂ ਵਿਚ ਇਹਨਾਂ ਦੀ ਪ੍ਰਤੀਸ਼ਤਤਾ ਘਟ ਰਹੀ ਹੈ।

- ਸੁਖਵਿੰਦਰ ਕਾਕਾ ਆਬੂਧਾਬੀ

---

### ਸ਼ਰਧਾਂਜਲੀ ਸਮਾਗਮ 'ਤੇ

# ਬਹੁਪੱਖੀ ਸ਼ਖਸੀਅਤ ਤਰਸੇਮ ਲੋਹੀਆਂ ਨੂੰ ਯਾਦ ਕਰਦਿਆਂ...

**ਅਮੋਲਕ ਸਿੰਘ**

ਪੰਜਾਬ ਭਰ ਦੇ ਬਿਜਲੀ ਕਾਮਿਆਂ, ਦੱਬੇ ਕੁਚਲੇ ਲੋਕਾਂ ਅਤੇ ਸਮੁੱਚੀ ਲੋਕ ਪੱਖੀ ਇਨਕਲਾਬੀ-ਜਮਹੂਰੀ ਲਹਿਰ ਅੰਦਰ ਜਾਣੇ ਪਹਿਚਾਣੇ ਜਨਤਕ ਆਗੂ ਤਰਸੇਮ ਲੋਹੀਆਂ ਦਾ ਸੰਗਰਾਮੀ ਜੀਵਨ ਬਹੁ-ਪੱਖਾਂ ਤੋਂ ਅਜੋਕੇ ਸਮੇਂ ਅਤੇ ਆਉਣ ਵਾਲੀ ਪੀੜ੍ਹੀ ਲਈ ਲਾਮਿਸਾਲ ਅਤੇ ਪ੍ਰੇਰਣਾਦਾਇਕ ਹੈ।

ਲੋਹੀਆਂ ਦਾ ਜਨਮ ਪਾਸ਼ਟਾ ਲਾਗੇ ਨੰਗਲ ਠੰਡਲ ਪਿੰਡ 'ਚ ਹੋਇਆ ਪਰ ਬਿਜਲੀ ਬੋਰਡ ਅੰਦਰ ਲੰਮਾ ਸਮਾਂ ਲੋਹੀਆਂ ਕਸਬੇ ਅੰਦਰ ਸੇਵਾਵਾਂ ਕਾਰਨ



'ਲੋਹੀਆਂ' ਤਰਸੇਮ ਦੇ ਨਾਮਾਂ ਨਾਲ ਅਟੁੱਟ ਤੌਰ 'ਤੇ ਜੁੜ ਗਿਆ।

ਬਿਜਲੀ ਕਾਮਿਆਂ ਦੀ ਪਰਿਵਾਰਕ ਸੇਵਾਵਾਂ ਦੌਰਾਨ ਜ਼ਿੰਦਗੀ ਨੂੰ ਸਮਾਜੀ ਜੀਵਨ ਦੇ ਦਰਪਣ ਵਜੋਂ ਲੈਂਦਿਆਂ ਤਰਸੇਮ ਲੋਹੀਆਂ ਦੇ ਮਨ ਮਸਤਕ ਅੰਦਰ ਨਵੇਂ ਵਿਗਿਆਨਕ ਇਨਕਲਾਬੀ ਵਿਚਾਰਾਂ ਦਾ ਸੰਚਾਰ ਹੋਇਆ। ਬਹੁਤ ਹੀ ਤੇਜ਼ੀ ਨਾਲ ਵਾਪਰਦੀਆਂ ਚੌਗਿਰਦੇ ਦੀਆਂ ਆਰਥਿਕ ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਹਾਲਤਾਂ ਦਾ ਗਹਿਰਾ ਭੇਦ ਪਾਉਣ ਲਈ ਉਹ ਮਾਰਕਸੀ ਦਰਸ਼ਨ ਤੋਂ ਪ੍ਰਭਾਤ ਹੋਏ। ਮਾਰਕਸੀ ਦ੍ਰਿਸ਼ਟੀ ਨੂੰ ਜੀਵਨ ਦ੍ਰਿਸ਼ਟੀ ਤੌਰ 'ਤੇ ਆਤਮ ਸਾਥ ਕਰਦਿਆਂ ਉਨ੍ਹਾਂ ਨੇ ਬਿਜਲੀ ਕਾਮਿਆਂ ਅਤੇ ਮਿਹਨਤਕਸ਼ ਲੋਕਾਂ ਦੀ ਸ਼ਕਤੀ ਲਈ ਆਪਾ ਸਮਰਪਣ ਕਰ ਦਿੱਤਾ।

ਬਿਜਲੀ ਕਾਮਿਆਂ ਅੰਦਰ ਟੈਕਨੀਕਲ ਸਰਵਿਸਜ਼ ਯੂਨੀਅਨ ਦੀ ਜੜ੍ਹ ਲਾਉਣ, ਜਥੇਬੰਦੀ ਨੂੰ ਆਪਣੀ ਅੱਖ ਦੀ ਪੁਤਲੀ ਤੋਂ ਵੀ ਵੱਧ ਪਿਆਰਾ ਸਮਝਣ ਦੀ ਸੋਚ ਨੂੰ ਪਰਨਾਏ ਲੋਹੀਆਂ ਨੇ ਲੱਕ ਬੰਨ੍ਹਵੀ ਮਿਹਨਤ ਕੀਤੀ।

ਜਥੇਬੰਦੀ ਦਾ ਬੂਟਾ ਲਾਉਣ, ਉਸਨੂੰ ਆਪਣੇ ਲਹੂ ਪਸੀਨੇ ਨਾਲ ਸਿੰਜਣ ਅਤੇ ਇਸ ਦੇ ਅਮਲ ਰਾਹੀਂ ਇਨਕਲਾਬੀ ਵਿਚਾਰਾਂ ਦੀ ਗੁੜ੍ਹਤੀ ਕਿਰਤੀ ਕਿਸਾਨਾਂ ਅਤੇ ਹੋਰ ਮਿਹਨਤਕਸ਼ ਤਬਕਿਆਂ ਨੂੰ ਦੇਣ ਦੇ ਕਾਰਜ ਨੂੰ ਤਰਸੇਮ ਲੋਹੀਆਂ ਨੇ ਤਨਦੇਹੀ ਨਾਲ ਨੇਪਰੇ ਚਾੜ੍ਹਿਆ।

ਤਰਸੇਮ ਲੋਹੀਆਂ ਦੀ ਅਗਵਾਈ 'ਚ ਬਿਜਲੀ ਕਾਮਿਆਂ ਵਲੋਂ ਸਮੇਂ ਸਮੇਂ ਦੀਆਂ ਵੰਨ-ਸੁਵੰਨੀਆਂ ਹਕੂਮਤਾਂ, ਅਫ਼ਸਰਸ਼ਾਹੀ, ਜਬਰ-ਜ਼ੁਲਮ, ਧੱਕੇਸ਼ਾਹੀ ਖਿਲਾਫ਼ ਅਤੇ ਜਮਹੂਰੀ ਹੱਕਾਂ ਦਾ ਪਰਚਮ ਬੁਲੰਦ ਕਰਨ ਲਈ ਲੜੇ ਸੰਘਰਸ਼ਾਂ ਦੀ ਗਾਥਾ ਬੇਹੱਦ ਲੰਮੀ ਅਤੇ ਮਾਣਮੱਤੀ ਹੈ।

ਇਨਕਲਾਬੀ ਜਮਹੂਰੀ ਟਰੇਡ ਯੂਨੀਅਨ ਲਹਿਰ ਦੇ ਵਧਾਰੇ-ਪਸਾਰੇ ਲਈ ਉਨ੍ਹਾਂ ਨੇ ਪੂਰੀ ਸਪਸ਼ਟਤਾ ਨਾਲ ਸਿਰੜੀ ਘੋਲ ਲੜੇ। ਹਰ ਵੰਨਗੀ ਦੇ ਗਲਤ ਰੁਝਾਨਾਂ ਖਿਲਾਫ਼, ਜਥੇਬੰਦੀ ਦੀ ਦਰੁਸਤ ਇਨਕਲਾਬੀ ਮਾਰਗ ਸੇਧ ਉਪਰ ਡਟੇ ਰਹਿਣ ਦਾ ਦੂਜਾ ਨਾਂਅ ਹੈ, ਤਰਸੇਮ ਲੋਹੀਆਂ। ਉਹਨੇ ਬਿਜਲੀ ਕਾਮਿਆਂ ਦਾ ਅਖੌਤੀ ਆਗੂ ਬਣਨ ਲਈ ਕਦੇ ਵੀ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ।

ਲੋਹੀਆਂ ਨੇ ਆਪਣੇ ਆਪ ਨੂੰ ਸਿਰਫ਼ ਬਿਜਲੀ ਕਾਮਿਆਂ ਦੇ ਤਬਕਾਤੀ ਮੰਗਾਂ/ਮਸਲਿਆਂ ਤੱਕ ਸੀਮਤ ਨਹੀਂ ਰੱਖਿਆ ਉਸ ਨੂੰ ਬੋਧ ਸੀ ਕਿ, "ਦੋ ਢੋਆਂ ਵਿਚ ਦੁਨੀਆ ਵੰਡੀ, ਇਕ ਲੋਕਾਂ ਦੀ, ਇਕ ਜੋਕਾਂ ਦੀ" ਉਹ ਜਮਾਤੀ ਵੰਡ, ਜਮਾਤੀ ਦਾਬੇ, ਜਾਗੀਰੂ-ਸਾਮਰਾਜੀ ਪ੍ਰਬੰਧ, ਸਾਮਰਾਜੀਆਂ ਦੇ ਸੇਵਾਦਾਰ, ਰੰਗ-ਬਰੰਗੇ ਹਾਕਮਾਂ ਦੀਆਂ ਨੀਤੀਆਂ ਤੋਂ ਚੇਤਨ ਸੀ ਅਤੇ ਸਦੀਆਂ ਦੇ ਦਰੜੇ ਲੋਕਾਂ ਨੂੰ ਇਨਕਲਾਬੀ ਸਮਾਜਿਕ ਤਬਦੀਲੀ ਦਾ ਹੋਕਾ ਉਹ ਜੀਵਨ ਭਰ ਦਿੰਦਾ ਰਿਹਾ।

ਅਥਾਹ ਮਿਹਨਤੀ, ਮਿੱਠ ਬੋਲਣਾ, ਕੁਰਬਾਨੀ ਦਾ ਪੁੰਜ, ਘਰਾਂ-ਪਰਿਵਾਰਾਂ ਵਿਚ ਘਿਓ-ਖਿਚੜੀ ਹੋਣ ਵਾਲਾ ਤਰਸੇਮ ਲੋਹੀਆਂ, ਲੋਕ-ਦੁਸ਼ਮਣ ਤਾਕਤਾਂ ਲਈ ਰੋਹਲਾ ਅੰਗਿਆਰ ਸੀ ਅਤੇ ਲੋਕਾਂ ਲਈ ਮਹਿਕਦਾ ਸੂਹਾ ਗੁਲਾਬ ਸੀ।

ਉਸਨੇ ਆਪਣੇ 68 ਵਰ੍ਹਿਆਂ ਦੇ ਜੀਵਨ ਦੀ ਅੱਧੀ ਸਦੀ ਆਪਣੇ ਸਮਾਜੀ ਫਰਜ਼ਾਂ ਦੇ ਲੇਖੇ ਲਾਈ। ਹੰਗਾਮੀ ਹਾਲਤ ਹੋਏ, ਖਾਲਿਸਤਾਨੀ ਅਤੇ ਹਕੂਮਤੀ ਦਹਿਸ਼ਤਗਰਦੀ ਦਾ ਦੌਰ ਹੋਵੇ, ਕਮਿਊਨਿਸਟ ਇਨਕਲਾਬੀਆਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਕਹਿਰ ਹੋਵੇ, ਨਿੱਜੀਕਰਨ, ਵਿਸ਼ਵੀਕਰਨ, ਉਦਾਰੀਕਰਨ ਦੇ ਨਾਂਅ ਹੇਠ ਨਵੀਆਂ ਸਾਮਰਾਜੀ ਨੀਤੀਆਂ ਦਾ ਹੱਲਾ ਹੋਵੇ, ਜ਼ਿੰਦਗੀ ਭਰ ਲੋਹੀਆਂ ਆਪਣੇ ਲੋਕਾਂ ਅਤੇ ਇਨਕਲਾਬੀ-ਜਮਹੂਰੀ ਲਹਿਰ ਦੇ ਪਾੜੇ ਵਿਚ ਝੰਡਾ ਲੈ ਕੇ ਤੁਰਿਆ ਹੈ।

ਆਪਣੀ ਜੀਵਨ-ਸਾਥਣ ਸੁਮਨ ਲਤਾ ਨੂੰ ਔਰਤ ਵਰਗ ਅਤੇ ਵਿਸ਼ੇਸ਼ ਕਰਕੇ ਰੰਗ ਮੰਚੀ (ਪਲਸ ਮੰਚ) ਸਰਗਰਮੀਆਂ ਲਈ ਉਤਸ਼ਾਹਿਤ ਕਰਕੇ ਅੱਗੇ ਆਉਣ ਲਈ ਪ੍ਰੇਰਿਆ। ਟ੍ਰੇਡ ਯੂਨੀਅਨ ਸਰਗਰਮੀਆਂ ਦੇ ਨਾਲ ਨਾਲ ਉਹ ਆਪ ਵੀ ਸਭਿਆਚਾਰਕ ਸਰਗਰਮੀਆਂ ਵਿਚ ਡਟਕੇ ਭਾਗ ਲੈਂਦੇ ਰਹੇ। ਜਦੋਂ 9 ਅਪ੍ਰੈਲ 1991 ਨੂੰ ਸੇਵੇਵਾਲਾ ਕਾਂਡ ਵਾਪਰਿਆ। ਜਿਥੇ ਅੰਨ੍ਹੇ ਨਿਸ਼ਾਨਚੀ ਨਾਟਕ ਖੇਡਦੇ ਸਮੇਂ ਖਾਲਿਸਤਾਨੀਕਾਤਲੀ ਗਰੋਹ ਨੇ ਅੰਨ੍ਹੇਵਾਹ ਗੋਲੀਆਂ ਦੀ ਬਾਛੜ ਕਰਕੇ 18 ਸਾਥੀ ਸ਼ਹੀਦ ਕਰ ਦਿੱਤੇ ਸੀ। ਉਸ ਮੌਕੇ ਤਰਸੇਮ ਦੀ ਸਾਥਣ ਸੁਮਨ ਲਤਾ ਮੰਚ 'ਤੇ ਸੀ ਉਸ ਮਗਰੋਂ ਵੀ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਉਸਨੇ ਪੂਰਾ ਪਰਿਵਾਰ ਲੋਕ ਹੱਕਾਂ ਦੇ ਰਾਹ ਤੋਰਿਆ। ਉਸ ਦੇ ਬੇਟੇ ਰਾਕੇਸ਼, ਮੁਕੇਸ਼ ਅਤੇ ਬੇਟੀ ਨਿਸ਼ਾ ਵੀ ਲੋਕ ਰੰਗ ਮੰਚ ਨੂੰ ਸਮਰਪਿਤ ਰਹੇ। ਆਪਣੇ ਪੁੱਤ ਰਾਕੇਸ਼ ਦੇ ਅਚਨਚੇਤ ਵਿਛੋੜੇ ਦੇ ਬਾਵਜੂਦ ਉਨ੍ਹਾਂ ਨੇ ਇਨਕਲਾਬੀ ਵਿਚਾਰਾਂ ਦਾ ਝੰਡਾ ਨੀਵਾਂ ਨਹੀਂ ਹੋਣ ਦਿੱਤਾ।

7 ਫਰਵਰੀ ਨੂੰ ਦਿਲ ਦੇ ਦੌਰੇ ਕਾਰਨ ਲੋਕ ਕਾਫ਼ਲੇ 'ਚੋਂ ਵਿਛੜੇ ਤਰਸੇਮ ਲੋਹੀਆਂ ਨੂੰ 14 ਫਰਵਰੀ 12 ਵਜੇ, ਬਾਬਾ ਫਤਹਿ ਸਿੰਘ ਨਗਰ (ਨੇੜੇ ਸੁਖਚੈਨਿਆਨਾ ਕਾਲਜ) ਫਗਵਾੜਾ ਵਿਖੇ ਸ਼ਰਧਾਂਜਲੀ ਦਿੱਤੀ ਗਈ। ਜਿਥੇ ਲੋਹੀਆਂ ਦੀਆਂ ਸੰਗਰਾਮੀ ਪੈੜਾਂ ਨੂੰ ਨਤਮਸਤਕ ਹੋਏ, ਉਥੇ ਉਨ੍ਹਾਂ ਦੇ ਅਧੂਰੇ ਲੋਕ ਮੁਕਤੀ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਅਹਿਦ ਕੀਤਾ ਗਿਆ।

94170-76735

### ਫਰਾਂਸੀਸੀ ਸਾਮਰਾਜ ਦਾ ਕਰੂਰ ਚਿਹਰਾ

# 14 ਅਫਰੀਕਨ ਦੇਸ਼ਾਂ ਤੋਂ ਅਜੇ ਵੀ ਬਸਤੀਵਾਦੀ ਟੈਕਸ ਵਸੂਲਦਾ ਹੈ




**ਨਰਭਿੰਦਰ**

ਸਾਮਰਾਜੀ ਗੁਲਾਮੀ ਦਾ ਕਰੂਰ ਰੂਪ ਕਿਹੋ ਜਿਹਾ ਹੁੰਦਾ ਹੈ, ਇਹਦੀ ਇਕ ਮਿਸਾਲ ਅਸੀਂ ਅਫਰੀਕਨ ਦੇਸ਼ਾਂ ਦੀ ਦੇਣੀ ਚਾਹਾਂਗੇ। ਜਿਵੇਂ ਏਸ਼ੀਆ ਲਗਭਗ ਬਰਤਾਨੀਆ ਦੀ ਬਸਤੀ ਰਿਹਾ, ਉਵੇਂ ਹੀ ਅਫਰੀਕਾ ਦੇ ਕਈ ਦੇਸ਼ ਫਰਾਂਸ ਦੀਆਂ ਬਸਤੀਆਂ ਰਹੇ। ਇਹ ਦੇਸ਼ ਸੱਠਵਿਆਂ 'ਚ ਸਿੱਧੀ ਗੁਲਾਮੀ ਤੋਂ ਮੁਕਤ ਤਾਂ ਹੋ ਗਏ ਪਰ ਅੱਜ ਤੱਕ ਵੀ ਫਰਾਂਸ ਨੂੰ ਬਸਤੀਵਾਦੀ ਟੈਕਸ ਅਦਾ ਕਰ ਰਹੇ ਹਨ। ਇਕ ਅੰਦਾਜ਼ੇ ਮੁਤਾਬਕ 14 ਅਫਰੀਕਨ ਦੇਸ਼ ਜਿਨ੍ਹਾਂ 'ਚ ਬੇਨਿਨ, ਬਰਕੀਨਾ ਫਾਸੋ, ਗੁਆਨਾ-ਬਿਸਾਊ, ਆਈਵਰੀ-ਕੋਸਟ, ਮਾਲੀ, ਨਾਈਜਰ, ਸਨੇਗਲ, ਟੋਗੋ, ਕੈਮਰੂਨ, ਸੈਂਟਰਲ ਅਫਰੀਕਨ, ਰੀਪਬਲਿਕਨ, ਚਾਂਡਾ, ਕਾਂਗੋ, ਬ੍ਰਾਜ਼ਬਿਲੇ, ਇਕਵੇਟੋਰੀਅਲ ਗੁਆਨਾ ਅਤੇ ਗੈਬਨ ਵਰਗੇ ਦੇਸ਼ ਹਰ ਸਾਲ 5000 ਅਰਬ ਡਾਲਰ ਦੀ ਰਾਸ਼ੀ ਇਸੇ ਟੈਕਸ ਵਜੋਂ ਫਰਾਂਸ ਨੂੰ ਅਦਾ ਕਰ ਰਹੇ ਹਨ। ਇਹ ਟੈਕਸ ਉਸ ਸਮਝੌਤੇ ਦੀ ਸ਼ਰਤ ਹੈ ਜਿਸ ਹੇਠ ਫਰਾਂਸੀਸੀਆਂ ਨੇ ਦੇਸ਼ ਛੱਡਣ ਲਈ ਪ੍ਰਵਾਣ ਕਰਵਾਈ ਸੀ। ਇਨ੍ਹਾਂ ਅਫਰੀਕਨ ਦੇਸ਼ਾਂ ਨੂੰ ਅਜਿਹੀ ਕਠੋਰ ਸ਼ਰਤ ਕਿਉਂ ਮੰਨਣੀ ਪਈ ਇਹਦਾ ਇਤਿਹਾਸ ਵੀ ਜਾਣਨਾ ਜ਼ਰੂਰੀ ਹੈ।

1958 ਵਿਚ ਛੋਟੇ ਜਿਹੇ ਦੇਸ਼ ਗੁਆਨਾ ਨੇ ਫਰਾਂਸੀਸੀ ਬਸਤੀਵਾਦੀ ਪ੍ਰਬੰਧ ਤੋਂ ਮੁਕਤੀ ਦੀ ਮੰਗ ਕੀਤੀ। ਇਸ ਮੁਕਤੀ ਯੁੱਧ ਦੀ ਅਗਵਾਈ ਉਨ੍ਹਾਂ ਦਾ ਆਗੂ ਸੇਕੋਂ ਟਾਵਰੇਂ ਕਰ ਰਿਹਾ ਸੀ। ਲੋਕਾਂ ਨੇ ਆਜ਼ਾਦੀ ਦੀ ਜ਼ਬਰਦਸਤ ਲਹਿਰ ਚਲਾਈ। ਫਰਾਂਸੀਸੀਆਂ ਦੇਸ਼ ਤਾਂ ਆਜ਼ਾਦ ਕਰ ਦਿੱਤਾ ਪਰ ਗੁਆਨਾ ਵਿਚਲੀ ਫਰਾਂਸੀਸੀ ਹਕੂਮਤ ਦਾ ਪਾਗਲਪਨ ਐਨੇ ਕਰੂਰ ਰੂਪ ਵਿਚ ਸਾਹਮਣੇ ਆਇਆ ਜਿਹੜਾ ਸੋਚਿਆ ਵੀ ਨਹੀਂ ਸੀ ਜਾ ਸਕਦਾ। ਤਿੰਨ ਹਜ਼ਾਰ ਫਰਾਂਸੀਸੀ ਆਪਣੀ ਜਾਇਦਾਦ ਲੈ ਕੇ ਚਲੇ ਗਏ, ਪਰ ਜਾਂਦੇ ਹੋਏ ਉਹ ਸੰਪਤੀ ਜਿਹੜੀ ਚੁੱਕੀ ਨਹੀਂ ਸੀ ਜਾ ਸਕਦੀ-ਜਿਸ 'ਚ ਸਕੂਲ, ਹਸਪਤਾਲ, ਬਿਲਡਿੰਗਾਂ ਤੇ ਸਰਕਾਰੀ ਪ੍ਰਬੰਧਨ ਦਾ ਸਾਰਾ ਸਮਾਨ ਤਹਿਸ਼ ਨਹਿਸ਼ ਕਰ ਦਿੱਤਾ। ਕਾਰਾਂ, ਕਿਤਾਬਾਂ, ਲਾਇਬ੍ਰੇਰੀਆਂ, ਦਵਾਈਆਂ, ਖੋਜ ਕੇਂਦਰ ਇਥੋਂ ਤੱਕ ਕਿ ਟਰੈਕਟਰ ਤੇ ਹੋਰ ਸਮਾਨ ਤਾਂ ਤਹਿਸ-ਨਹਿਸ ਹੀ ਕਰ ਦਿੱਤਾ, ਸਾੜ ਦਿੱਤਾ। ਇਨ੍ਹਾਂ ਫਰਾਂਸੀਸੀ ਬਸਤੀਵਾਦੀਆਂ ਨੇ ਫਾਰਮਾਂ 'ਚ ਬੱਝੀਆਂ ਗਾਵਾਂ, ਘੋੜੇ ਆਦਿ ਵੀ ਮਾਰ ਦਿੱਤੇ। ਗੁਦਾਮਾਂ ਵਿਚ ਪਿਆ ਅਨਾਜ ਜਾਂ ਤਾਂ ਸਾੜ ਫੂਕ ਦਿੱਤਾ ਜਾਂ ਉਸ 'ਚ ਜ਼ਹਿਰ ਮਿਲਾ ਦਿੱਤੀ। ਗੁਆਨਾ ਨੂੰ ਆਜ਼ਾਦੀ ਦੀ ਅਜਿਹੀ ਮਹਿੰਗੀ ਕੀਮਤ ਅਦਾ ਕਰਨੀ ਪਈ। ਇਸ ਬੇਕਿਰਕ ਵਰਤਾਰੇ ਦਾ ਮੰਤਵ ਉਨ੍ਹਾਂ ਸਾਰੀਆਂ ਬਸਤੀਆਂ ਨੂੰ ਇਹ ਸੰਦੇਸ਼ ਦੇਣਾ ਸੀ ਕਿ ਫਰਾਂਸ ਨੂੰ ਜੇ ਬਾਹਰ ਕੱਢਣ ਲਈ ਲੋਕਾਂ ਆਵਾਜ਼ ਉਠਾਈ ਤਾਂ ਇਹਦੇ ਸਿੱਟੇ ਇਸੇ ਰੂਪ ਵਿਚ ਭੁਗਤਨੇ ਪੈਣਗੇ। ਇਸ ਸਮੇਂ ਫਰਾਂਸੀਸੀ ਸਾਮਰਾਜ ਨੇ ਜਿਹੜੇ ਜ਼ੁਲਮ ਅਤੇ ਅੱਤਿਆਚਾਰ ਕੀਤੇ ਉਹਦਾ ਚਿਹਰਾ ਹੋਰ ਵੀ ਭਿਆਨਕ ਸੀ। ਇਸ ਦਾ ਅਸਰ ਇਹ ਹੋਇਆ ਕਿ ਪੂਰੇ ਅਫ਼ਰੀਕਨ ਮਹਾਂਦੀਪ ਵਿਚ ਫਰਾਂਸ ਤੋਂ ਆਜ਼ਾਦੀ ਮੰਗਣ ਲਈ ਇਕ ਡਰ ਅਤੇ ਸਹਿਮ ਦਾ ਮਾਹੌਲ ਪਸਰ ਗਿਆ ਅਤੇ ਗੁਹਾਨਾ ਦੀ ਘਟਨਾ ਤੋਂ ਪਿਛੋਂ ਕਿਸੇ ਦੀ ਹਿੰਮਤ ਨਹੀਂ ਪਈ ਕਿ ਗੁਹਾਨਾ ਦੇ ਆਗੂ ਸੇਕੋਂ ਟਾਵਰੇਂ ਦੀ ਸੋਚ ਅਨੁਸਾਰ ਆਜ਼ਾਦੀ ਦੀ ਲੜਾਈ ਅੱਗੇ ਵਧਾਈ ਜਾਵੇ। ਯਾਦ ਰਹੇ ਸੇਕੋਂ ਟਾਵਰੇ ਦਾ ਨਾਅਰਾ ਸੀ, "ਅਸੀਂ ਗੁਲਾਮੀ ਦੀ ਸ਼ਾਨੋ ਸ਼ੌਕਤ ਨਾਲੋਂ ਗਰੀਬੀ ਦੀ ਆਜ਼ਾਦੀ ਨੂੰ ਵਧੇਰੇ ਮਹੱਤਵਪੂਰਨ ਸਮਝਦੇ ਹਾਂ।"

ਇਸ ਤਬਾਹੀ ਤੋਂ ਪਿਛੋਂ ਦੂਸਰੇ ਅਫਰੀਕਨ ਦੇਸ਼ਾਂ ਵਿਚ ਵਿਚਕਾਰਲਾ-ਰਾਹ ਚੁਣਿਆ ਗਿਆ। ਸਾਮਰਾਜ ਨਾਲ ਸਮਝੌਤੇ ਦਾ ਰਾਹ। ਇਹ ਦੀ ਸ਼ੁਰੂਆਤ ਕੀਤੀ ਟੋਗੋ ਗਣਰਾਜ ਨੇ। ਇਹਦੇ ਆਗੂ ਜੋ ਪਿਛੋਂ ਰਾਸ਼ਟਰਪਤੀ ਬਣਿਆ ਸਿਲਿਯਾਨਸ ਉਲਮਾਪਿਓ ਨੇ ਜਿਹੜਾ ਫਰਾਂਸੀਸੀ ਢਾਬੇ ਤੋਂ ਸਿੱਧੀ ਮੁਕਤੀ ਹਾਸਲ ਕਰਨ ਲਈ ਵਿਚਕਾਰਲਾ ਰਾਹ ਚੁਣਿਆ ਅਤੇ ਉਨ੍ਹਾਂ ਨੇ ਦਾ ਮਾਲ ਵਲੋਂ ਪੇਸ਼ ਕੀਤੇ ਬਸਤੀਵਾਦੀ ਨਿਰੰਤਰਤਾ ਸਮਝੌਤੇ ਉਤੇ ਦਸਤਖ਼ਤ ਕਰਨ ਤੋਂ ਤਾਂ ਨਾਂਹ ਕਰ ਦਿੱਤੀ, ਪਰ ਫਰਾਂਸ ਨੂੰ ਸਲਾਨਾ ਟੈਕਸ ਦੇਣਾ ਮਨਜ਼ੂਰ ਕਰ ਲਿਆ। ਫਰਾਂਸੀਸੀਆਂ ਨੂੰ ਦੇਸ਼ ਛੱਡਣ ਦੇ ਬਦਲੇ ਵਿਚ ਇਕੋ ਇਕ ਇਹੋ ਸ਼ਰਤ ਸੀ, ਪਰ ਫਰਾਂਸੀਸੀਆਂ ਵਲੋਂ ਮੰਗੀ ਜਾ ਰਹੀ ਇਹ ਰਾਸ਼ੀ ਐਨੀ ਵੱਡੀ ਸੀ ਕਿ 1960 ਵਿਚ ਇਹ ਰਕਮ ਉਨ੍ਹਾਂ ਦੇ ਕੁੱਲ ਕੌਮੀ ਬਜਟ ਦਾ 40 ਫੀਸਦੀ ਹਿੱਸਾ ਬਣਦੀ ਸੀ। ਨਵੇਂ ਆਜ਼ਾਦ ਹੋਏ ਟਾਗੋ ਦੀ ਵਿੱਤੀ ਹਾਲਤ ਕਾਫ਼ੀ ਅਸਥਿਰ ਸੀ ਇਸ ਹਾਲਤ ਵਿਚ ਬਾਹਰ ਨਿਕਲਣ ਲਈ ਉਲਮਪਿਓ ਨੇ ਫਰਾਂਸੀਸੀ ਬਸਤੀਵਾਦੀ ਮੁਦਰਾ (ਕਰੰਸੀ) ਨੂੰ ਬੰਦ ਕਰਕੇ ਆਪਣੇ ਦੇਸ਼ ਦੀ ਆਪਣੀ ਕਰੰਸੀ ਜਾਰੀ ਕਰਨ ਦਾ ਫੈਸਲਾ ਕੀਤਾ। ਕਰੰਸੀ ਦੀ ਛਪਾਈ ਦੇ ਤਿੰਨਾਂ ਦਿਨਾਂ ਪਿਛੋਂ 13 ਜਨਵਰੀ 1963 ਨੂੰ ਫਰਾਂਸ ਦੇ ਹਮਾਇਤੀ ਫੌਜੀਆਂ ਦੀ ਇਕ ਟੁਕੜੀ ਨੇ ਇਸ ਨਵ ਆਜ਼ਾਦ ਹੋਏ ਦੇਸ਼ ਦੇ ਪਹਿਲੇ ਚੁਣੇ ਹੋਏ ਰਾਸ਼ਟਰਪਤੀ (ਸਿਲਿਯਨਜ ਉਲਮਪਿਓ) ਦੀ ਹੱਤਿਆ ਕਰ ਦਿੱਤੀ। ਇਸ ਕੰਮ ਬਦਲੇ ਸਾਬਕ ਫਰਾਂਸੀਸੀ ਦੂਤਾਵਾਸ ਤੋਂ ਉਨ੍ਹਾਂ ਸਿਰਫ਼ 612 ਡਾਲਰ ਦੀ ਰਕਮ ਵਸੂਲ ਕੀਤੀ। ਉਲਮਪਿਓ ਦਾ ਸੁਪਨਾ ਇਕ ਆਜ਼ਾਦ, ਸਵੈਵਿਕਸਿਤ ਸਵੈਨਿਰਭਰ ਦੇਸ਼ ਬਣਾਉਣ ਦਾ ਸੀ, ਪਰ ਫਰਾਂਸੀਸੀਆਂ ਨੂੰ ਇਹ ਵਿਚਾਰ ਪਸੰਦ ਨਹੀਂ ਸੀ।

ਇਹੋ ਕੁਝ ਮਾਲੀ ਗਣਰਾਜ ਦੇ ਪਹਿਲੇ ਰਾਸ਼ਟਰਪਤੀ ਨਾਲ ਹੋਇਆ ਨਾਲ ਹੋਇਆ ਜਿਹਨੇ 30 ਜੂਨ 1962 ਨੂੰ ਸੱਤਾ ਸੰਭਾਲਦਿਆਂ ਉਸ ਫਰਾਂਸੀਸੀ ਬਸਤੀਵਾਦੀ ਕਰੰਸੀ ਨੂੰ ਜਿਹੜੀ 12 ਅਫਰੀਕਨ ਦੇਸ਼ਾਂ ਉਤੇ ਥੋਪੀ ਗਈ ਸੀ, ਨੂੰ ਆਪਣੇ ਦੇਸ਼ ਵਿਚ ਬੰਦ ਕਰਨ ਦਾ ਫੈਸਲਾ ਲਿਆ। ਮਾਲੀ ਦੇ ਇਸ ਰਾਸ਼ਟਰਪਤੀ ਦਾ ਝੁਕਾਅ ਸਮਾਜਵਾਦੀ ਅਰਥ ਵਿਵਸਥਾ ਵੱਲ ਸੀ। ਉਹ ਸਪਸ਼ਟ ਰੂਪ 'ਚ ਜਾਣਦਾ ਸੀ ਕਿ ਫਰਾਂਸ ਦੇ ਨਾਲ ਬਸਤੀਵਾਦੀ ਨਿਰੰਤਰਤਾ ਸਮਝੌਤਾ, ਇਕ ਮੱਕੜ ਜਾਲ ਹੈ ਅਤੇ ਦੇਸ਼ ਦੇ ਵਿਕਾਸ ਉਤੇ ਬੋਝ ਹੈ। ਮਾਲੀ ਦੇ ਰਾਸ਼ਟਰਪਤੀ ਕੀਤਾ ਨੂੰ ਟੋਗੋ ਦੇ ਰਾਸ਼ਟਰਪਤੀ ਉਮਰਪਿਓ ਵਾਂਗੂੰ ਫਰਾਂਸੀਸੀ ਸਮਜੰਟ ਲੈਫਟੀਨੈਂਟ ਮੌਸਾ ਟਰਾਉਰੇ ਨੇ 19 ਨਵੰਬਰ 1968 ਨੂੰ ਮਾਰ ਦਿੱਤਾ। ਅਫਰੀਕਨ ਮੁਕਤੀ ਸੰਗਰਾਮ ਦੇ ਸਮੇਂ ਫਰਾਂਸ ਲਗਾਤਾਰ ਆਪਣੇ ਸਾਬਕਾ ਫੌਜੀਆਂ ਰਾਹੀਂ ਚੁਣੇ ਹੋਏ ਰਾਸ਼ਟਰਪਤੀਆਂ ਜਾਂ ਮੁਖੀਆਂ ਦੇ ਵਿਰੁੱਧ ਤਖ਼ਤਾ ਪਲਟਨ ਦੀਆਂ ਕਾਰਵਾਈਆਂ ਕਰਵਾਉਂਦਾ ਰਿਹਾ ਜਿਨ੍ਹਾਂ 'ਚ ਪ੍ਰਮੁੱਖ ਹਨ :

ਸੈਂਟਰਲ ਅਫਰੀਕਨ ਰੀਪਬਲਿਕ ਦੇ ਪਹਿਲੇ ਰਾਸ਼ਟਰਪਤੀ ਡੈਵਿਡ ਡਾਕੋਂ ਦੇ ਵਿਰੁੱਧ ਇਕ ਜਨਵਰੀ 1966 ਵਿਚ ਫਰਾਂਸੀਸੀ ਫੌਜੀ ਅਧਿਕਾਰੀ ਫਿਡੇਲ-ਬੋਕਾਸਾ ਵਲੋਂ ਤਖਤਾ ਪਲਟਨ ਦੀ ਕਾਰਵਾਈ ਕਰਨਾ।

3 ਜਨਵਰੀ 1966 ਨੂੰ ਵੌਲਟਾ ਗਣਰਾਜ [ਜਿਹਨੂੰ ਬਰਕੀਨਾ ਫਾਸੋਨ ਵੀ ਕਹਿੰਦੇ ਹਨ] ਦੇ ਪਹਿਲੇ ਰਾਸ਼ਟਰਪਤੀ ਅਬੂਬਕਰ ਵੀ ਤਖਤਾ ਪਲਟਨ ਦੀ ਕਾਰਵਾਈ ਦਾ ਸ਼ਿਕਾਰ ਹੋਏ।

28 ਅਕਤੂਬਰ 1972 ਨੂੰ ਰਿਪਬਲਿਕ ਆਫ਼ ਬੈਨਿਨ ਦੇ ਪਹਿਲੇ ਰਾਸ਼ਟਰਪਤੀ ਹਯੂਬਟਰ ਮਾਮਾ ਦੇ ਆਪਣੇ ਸੁਰੱਖਿਆ ਗਾਰਦ ਮੈਥਊ ਕੇਰਕਯੋ ਨੇ ਰਾਸ਼ਟਰਪਤੀ ਦਾ ਤਖਤਾ ਪਲਟ ਦਿੱਤਾ। ਇਸ ਸੁਰੱਖਿਆ ਗਾਰਦ ਨੇ 1968 ਤੋਂ 1972 ਤੱਕ ਫਰਾਂਸੀਸੀ ਫੌਜੀ ਸਕੂਲ ਵਿਚ ਟਰੇਨਿੰਗ ਲਈ ਸੀ।

ਫਰਾਂਸ ਦੀ ਅਮੀਰੀ ਦਾ ਰਾਜ ਹਾਲੇ ਵੀ ਆਪਣੀਆਂ ਸਾਬਕਾ ਬਸਤੀਆਂ ਵਿਚੋਂ ਕਰੋੜਾਂ ਡਾਲਰਾਂ ਦੀ ਟੈਕਸ ਵਸੂਲੀ ਹੈ ਅਤੇ 14 ਅਫਰੀਕੀ ਦੇਸ਼ ਅਜੇ ਵੀ ਫਰਾਂਸ ਨਾਲ ਬਸਤੀਵਾਦੀ ਸਮਝੌਤੇ ਵਿਚ ਬੱਝੇ ਹਨ ਜਿਸ ਤਹਿਤ ਨਾ ਸਿਰਫ਼ ਟੈਕਸ ਹੀ ਅਦਾ ਕਰਦੇ ਹਨ ਸਗੋਂ ਆਪਣੀ ਵਿਦੇਸ਼ੀ ਮੁਦਰਾ ਦਾ 85 ਫੀਸਦੀ ਹਿੱਸਾ ਵੀ ਫਰਾਂਸ ਦੇ ਕੇਂਦਰੀ ਬੈਂਕ ਵਿਚ ਰੱਖਣ ਲਈ ਮਜ਼ਬੂਰ ਹੈ ਜਿਹੜਾ ਕਿ ਸਿੱਧਾ ਫਰਾਂਸੀਸੀ ਵਿਚ ਮੰਤਰੀ ਦੇ ਅਧੀਨ ਹੁੰਦਾ ਹੈ। 2014 ਤੱਕ ਟਾਗੋ ਸਮੇਤ 13 ਹੋਰ ਦੇਸ਼ ਬਸਤੀਵਾਦੀ ਕਰਜ਼ੇ ਦਾ ਵੀ ਭੁਗਤਾਨ ਕਰ ਰਹੇ ਹਨ। ਫਰਾਂਸ ਦੇ ਜੂਲੇ 'ਚੋਂ ਨਿਕਲਣ ਦੀ ਜਿਸ ਨੇ ਵੀ ਹਿੰਮਤ ਕੀਤੀ ਜਾਂ ਤਾਂ ਉਹਦਾ ਕਤਲ ਹੋ ਗਿਆ ਜਾਂ ਫਿਰ ਤਖਤਾ ਪਲਟਾ ਦਿੱਤਾ ਗਿਆ ਜਿਹੜੇ ਫਰਾਂਸ ਦੀ ਅਧੀਨਗੀ ਪ੍ਰਵਾਨ ਕਰਦੇ ਹਨ ਉਨ੍ਹਾਂ ਲਈ ਅਯਾਸ਼ ਸੂਟਡ ਬੂਟਡ ਜ਼ਿੰਦਗੀ ਦਾ ਪੁਰਸਕਾਰ ਹੁੰਦਾ ਹੈ। ਇਹ ਫਰਾਂਸ ਹੀ ਨਹੀਂ ਹਰ ਸਾਮਰਾਜ ਅਮਰੀਕਾ ਹੋਵੇ ਜਾਂ ਕੋਈ ਹੋਰ ਜਾਂ ਫਿਰ ਕਾਰਪੋਰੇਟਿਡ ਸਾਮਰਾਜੀ ਪੂੰਜੀ ਸਭ ਦਾ ਇਹੋ ਅਸੂਲ ਹੈ। ਤੀਸਰੀ ਦੁਨੀਆ ਦੇ ਹਾਕਮ ਜਿਹੜੇ ਵੀ ਕੁਰਸੀ ਦੀਲੋਚਾ ਰੱਖਦੇ ਹਨ ਸਾਮਰਾਜੀ ਗੁਰ ਤੋਂ ਭਲੀ ਭਾਂਤ ਵਾਕਫ਼ ਹਨ। ਇਸੇ ਲਈ ਆਪਣੀ ਲੋਕਾਈ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਵੇ ਇਹਦੀ ਪ੍ਰਵਾਹ ਨਹੀਂ ਸਾਮਰਾਜੀ ਪੂੰਜੀ ਦਾ ਮੁਨਾਫ਼ਾ ਬਣਿਆ ਹਰ ਹਕੂਮਤ ਲਈ ਇਹ ਜ਼ਰੂਰੀ ਹੈ। ਆਪਣੇ ਮਾਲਕ ਪ੍ਰਤੀ ਵਫ਼ਾਦਾਰੀ ਪ੍ਰਥਮ ਹੈ।

14 ਅਫਰੀਕਨ ਦੇਸ਼ਾਂ ਤੋਂ ਅਜੇ ਤੱਕ ਜਿਹੜਾ ਬਸਤੀਵਾਦੀ ਟੈਕਸ ਫਰਾਂਸ ਵਸੂਲ ਰਿਹਾ ਹੈ। ਇਹ ਦੀ ਯੂਰਪੀਨ ਯੂਨੀਅਨ ਨੇ ਵੀ ਨਿੰਦਿਆ ਕੀਤੀ ਹੈ ਪਰ ਫਰਾਂਸ ਜਿਹਦੇ ਖਜ਼ਾਨੇ 'ਚ ਹਰ ਸਾਲ 500 ਅਰਬ ਡਾਲਰ ਆ ਰਹੇ ਹਨ ਟਸ ਤੋਂ ਮਸ ਨਹੀਂ ਹੋਇਆ। ਤੀਸਰੀ ਦੁਨੀਆ ਜਾਂ ਗਰੀਬ ਮੁਲਕਾਂ ਦੇ ਹਾਕਮ ਜਿਨ੍ਹਾਂ 'ਚ ਅਫਰੀਕੀ ਹਾਕਮ ਵੀ ਸ਼ਾਮਲ ਹਨ, ਨੂੰ ਭ੍ਰਿਸ਼ਟ ਅਤੇ ਪੱਛਮੀ ਦੇਸ਼ਾਂ ਦੀ ਚਾਕਰੀ ਕਰਨ ਵਾਲੇ ਕਹਿ ਕੇ ਆਮ ਹੀ ਦੁਰਕਾਰਿਆ ਜਾਂਦਾ ਹੈ। ਪਰ ਇਸ ਵਿਹਾਰ ਦੀ ਹਕੀਕਤ ਇਹ ਕਿ ਉਹ ਆਪਣੇ ਮਾਰੇ ਜਾਣ ਜਾਂ ਤਖ਼ਤਾ ਪਲਟੇ ਜਾਣ ਤੋਂ ਖੌਫਜ਼ਦਾ ਵੀ ਰਹਿੰਦੇ ਹਨ। ਉਨ੍ਹਾਂ ਦੀ ਮਦਦ ਕਰਨ ਵਾਲੀ ਦੁਨੀਆ 'ਚ ਅੱਜ ਦੇ ਦੌਰ 'ਚ ਕੋਈ ਤਾਕਤ ਨਹੀਂ। ਸੋ ਦੇਸ਼ ਦੇ ਕੌਮੀ ਹਿੱਤਾਂ ਨੂੰ ਪਰ੍ਹਾਂ ਰੱਖਕੇ ਸਾਮਰਾਜੀ ਪੂੰਜੀ ਦੀ ਸੇਵਾ 'ਚ ਜੁਟੇ ਰਹਿਣਾ ਉਨ੍ਹਾਂ ਦੀ ਫਿਤਰਤ ਦਾ ਹਿੱਸਾ ਹੈ।

ਫਰਾਂਸੀਸੀ ਸਾਮਰਾਜਵਾਦ ਅਫਰੀਕਨ ਦੇਸ਼ਾਂ ਤੋਂ ਇਸ ਗੱਲ ਦੇ ਇਵਜ਼ 'ਚ ਕਰੋੜਾਂ ਡਾਲਰ ਵਸੂਲ ਰਿਹਾ ਹੈ, ਕਿ ਉਹਨੇ ਅਫਰੀਕਨ ਦੇਸ਼ਾਂ ਵਿਚ ਇਨਫਰਾਸਟਰਕਚਰ (ਆਲ ਜਲਾਲ) ਉਸਾਰਿਆ। ਹਕੂਮਤ ਦੇ ਸਰਵਪੱਖੀ ਢਾਂਚੇ ਦੀ ਉਸਾਰੀ ਜਿਹੜੀ ਫਰਾਂਸੀਸੀ ਬਸਤੀਵਾਦੀ ਦੇ ਦੌਰ 'ਚ ਹੋਈ, ਲਈ ਵਸੂਲੀ ਜਾ ਰਹੀ ਰਾਸ਼ੀ ਦੇ ਭੁਗਤਾਨ ਦੀਆਂ ਸ਼ਰਤਾਂ ਦੇ ਮੁਕੰਮਲ ਦਸਤਾਵੇਜ਼ੀ ਸਮਝੌਤੇ ਮਿਲ ਹੀ ਨਹੀਂ ਰਹੇ। ਨਾ ਉਹ 14 ਅਫਰੀਕਨ ਦੇਸ਼ ਹੀ ਜਗ ਜ਼ਾਹਿਰ ਕਰ ਰਹੇ ਹਨ। ਫਰਾਂਸ ਨੇ ਤਾਂ ਕਰਨੇ ਹੀ ਕੀ ਹਨ।

14 ਅਫਰੀਕੀ ਦੇਸ਼ਾਂ ਦੀ ਕੌਮੀ ਸੰਪਤੀ ਭੰਡਾਰ ਜਾਂ ਕੌਮੀ ਮੁਦਰਾ ਭੰਡਾਰ ਵੀ ਫਰਾਂਸ ਦੀ ਕੇਂਦਰੀ ਬੈਂਕ ਕੋਲ ਹੈ, ਜਿਵੇਂ ਸਾਡੇ ਇਥੇ ਰੀਜ਼ਰਵ ਬੈਂਕ ਹੈ। ਇਨ੍ਹਾਂ ਵੱਖ-ਵੱਖ 14 ਦੇਸ਼ਾਂ ਦੇ ਸਮੂਹ ਉਤੇ ਹਕੂਮਤ ਕਰਨ ਵਾਲੀ ਮੁਦਰਾ ਨੀਤੀ ਕੋਈ ਗੁੰਝਲਦਾਰ ਨਹੀਂ ਹੈ ਕਿਉਂਕਿ ਇਹ ਫਰੈਂਚ ਟਰੈਜ਼ਰੀ ਵਲੋਂ ਸੰਚਾਲਿਤ ਹੋ ਰਿਹਾ ਹੈ। ਇਹ ਬੈਂਕ ਐਫ.ਸੀ.ਏ. ਜਿਸ ਸਮਝੌਤੇ ਹੇਠ ਸਥਾਪਤ ਕੀਤਾ ਗਿਆ ਹੈ ਉਹਦੀਆਂ ਸ਼ਰਤਾਂ ਮੁਤਾਬਕ ਹਰ ਇਕ ਅਫ਼ਰੀਕਨ ਦੇਸ਼ ਆਪਣੇ ਦੇਸ਼ ਦੀ 65 ਫੀਸਦੀ ਮੁਦਰਾ ਭੰਡਾਰ ਦੀ ਰਾਸ਼ੀ ਕੇਂਦਰੀ ਫਰੈਂਚ ਬੈਂਕ ਵਿਚ ਰੱਖਣ ਲਈ ਵਚਨਬੱਧ ਹੈ ਕਿਉਂਕਿ ਇਹ ਟਰੇਜਰੀ ਰਾਹੀਂ 'ਓਪਰੇਸ਼ਨ ਅਕਾਊਂ' ਦਾ ਪਾਬੰਦ ਹੈ। ਬਾਕੀ 20 ਫੀਸਦੀ ਹਿੱਸਾ ਵਿੱਤੀ ਦੇਣਦਾਰੀਆਂ ਨੂੰ ਕਵਰ ਕਰਨ ਲਈ ਰੱਖਣਾ ਪੈਂਦਾ ਹੈ। ਇਹਦੇ ਨਾਲ ਹੀ ਫਰਾਂਸ ਦਾ ਕੇਂਦਰੀ ਬੈਂਕ ਹਰ ਮੈਂਬਰ ਦੇਸ਼ ਨੂੰ ਦਿੱਤੇ ਗਏ ਕਰਜ਼ੇ ਉਤੇ ਉਸ ਦੇਸ਼ ਦੇ ਪਿਛਲੇ ਸਾਲ ਦੀ ਸਰਵਜਨਕ ਰਾਜ ਦੀ ਆਮਦਨ ਦਾ 20 ਫੀਸਦੀ ਦੇ ਬਰਾਬਰ ਧਨ ਰਾਸ਼ੀ 'ਉਪਰੀ ਭਾਗ' ਦੇ ਰੂਪ ਵਿਚ ਰੱਖਣ ਨੂੰ ਮਜ਼ਬੂਰ ਕਰਦਾ ਹੈ। ਜਦੋਂ ਕਿ ਬੀ. ਈ. ਏ. ਸੀ. ਅਤੇ ਬੀ. ਸੀ. ਈ. ਏ. ਓ. ਨੂੰ ਫਰੈਂਚ ਟਰੈਜਰੀ ਤੋਂਇ ਓਵਰ ਡਰਾਫਟ ਦੀ ਸਹੂਲਤ ਮਿਲੀ ਹੋਈ ਏ ਪਰ ਇਨ੍ਹਾਂ ਓਵਰ ਡਰਾਫਟ ਸਹੂਲਤਾਂ ਉਤੇ ਵੀ ਪੈਸਾ ਕੱਢਣ ਲਈ ਫਰੈਂਚ ਟਰੈਜਰੀ ਦੀ ਸਹਿਮਤੀ ਮਿਲਣੀ ਜ਼ਰੂਰੀ ਹੈ। ਫਰੈਂਚ ਟਰੇਜਰੀ ਦਾ ਹੁਕਮ ਹੀ ਆਖਰੀ ਹੁਕਮ ਹੈ ਅਤੇ ਫਰੈਂਚ ਟਰੇਜਰੀ ਨੇ ਅਫਰੀਕੀ ਦੇਸ਼ਾਂ ਦੀ ਸੰਪਤੀ ਨੂੰ ਆਪਣੇ ਨਾਂ ਪੈਰਿਸ ਦੇ ਸਟਾਕ ਮਾਰਕੀਟ ਵਿਚ ਨਿਵੇਸ਼ ਕੀਤਾ ਹੋਇਆ ਹੈ।

ਮੁਕਦੀ ਅਤੇ ਸਾਫ਼ ਸ਼ਬਦਾਂ 'ਚ ਗੱਲ ਇਹ ਹੈ ਕਿ ਅਫਰੀਕੀ ਦੇਸ਼ਾਂ ਦੀ ਵਿਦੇਸ਼ੀ ਮੁਦਰਾ ਭੰਡਾਰ ਦਾ 80 ਫੀਸਦੀ ਫਰੈਂਚ ਟਰੇਜਰੀ ਦੇ ਕੰਟਰੋਲ ਰਾਹੀਂ 'ਓਪਰੇਸ਼ਨ ਅਕਾਊਂਟ' ਵਿਚ ਜਮ੍ਹਾਂ ਰਹਿੰਦਾ ਹੈ। ਸੀ. ਐਫ. ਏ. ਬੈਂਕ ਤਾਂ ਨਾਂ ਦੇ ਹੀ ਅਫਰੀਕਨ ਹਨ, ਉਨ੍ਹਾਂ ਦੀ ਆਪਣੀ ਕੋਈ ਮੁਦਰਾ ਨੀਤੀ ਨਹੀਂ ਹੈ। ਇਹ ਅਫਰੀਕੀ ਦੇਸ਼ ਨਾ ਖੁਦ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਕਿੰਨਾ ਧਨ (ਵਿਦੇਸ਼ੀ ਮੁਦਰਾ ਭੰਡਾਰ) ਫਰੈਂਚ ਟਰੇਜਰੀ ਕੋਲ ਪਿਆ ਹੈ।

ਲਓ ਹੋਰ ਸੁਣ ਲਓ ਫਰਾਂਸ ਇਨ੍ਹਾਂ ਅਫਰੀਕਨ ਦੇਸ਼ਾਂ ਨੂੰ ਹਰ ਸਾਲ ਆਪਣੇ ਮੰਤਵ ਲਈ ਆਪਣੇ ਹੀ ਵਿਦੇਸ਼ੀ ਮੁਦਰਾ ਰਾਸ਼ੀ 'ਚੋਂ ਸਿਰਫ਼ 15 ਫੀਸਦੀ ਵਰਤਨ ਦੀ ਇਜਾਜ਼ਤ ਦਿੰਦਾ ਹੈ ਅਤੇ ਜੇ ਕਿਸੇ ਦੇਸ਼ ਨੂੰ ਵਧੇਰੇ ਦੀ ਲੋੜ ਹੈ ਤਾਂ ਉਹ ਫਰੈਂਚ ਟਰੇਜਰੀ 'ਚ 65 ਫੀਸਦੀ ਜਮ੍ਹਾਂ ਰਾਸ਼ੀ ਉਤੇ ਕਰਜ਼ਾ ਲੈ ਸਕਦੇ ਹਨ। ਜਿਹੜਾ ਕਾਰੋਬਾਰੀ ਵਿਆਜ ਦਰਾਂ ਉਤੇ ਮਿਲ ਸਕੇਗਾ। ਫਰਾਂਸ ਨੇ ਇਸ ਕਰਜ਼ੇ ਦੀ ਵੀ ਇਕ ਸੀਮਾ (ਲਿਮਟ) ਤਹਿ ਕੀਤੀ ਹੈ ਕਿ ਪਿਛਲੇ ਸਾਲ ਦੀ ਕੁੱਲ ਕੌਮੀ ਸਲਾਨਾ ਆਮਦਨ ਦਾ 20 ਫੀਸਦੀ ਹੀ ਹੋਵੇ ਵੱਧ ਨਹੀਂ। ਫਰਾਂਸ ਨੇ ਮਾਲਵੇ ਦੇ ਬਾਣੀਆਂ ਨੂੰ ਵੀ ਮਾਤ ਪਾ ਦਿੱਤਾ ਹੈ। ਮਾਲਵੇ ਪੱਟੀ ਵਿਚ ਆੜਤੀਆਂ ਕੋਲ ਹੀ ਖ਼੍ਰੀਦ ਵੇਚ ਤੇ ਘਰੇਲੂ ਹਿਸਾਬ ਹੁੰਦਾ ਸੀ। ਕਿਸਾਨਾਂ ਨੂੰ ਕੁਝ ਵੀ ਪਤਾ ਨਹੀਂ ਸੀ ਹੁੰਦਾ।

ਬਸਤੀਵਾਦ ਦੀ ਗੁਲਾਮੀ ਦਾ ਇਕ ਹੋਰ ਰੂਪ ਵੀ ਹੈ ਕਿ ਅਫਰੀਕਨ ਦੇਸ਼ਾਂ ਦੇ ਇਸ ਗਰੁੱਪ ਦੀ ਧਰਤੀ ਉਤੇ ਪਸਰੇ ਕੁਦਰਤੀ ਸਾਧਨਾਂ ਜਾਂ ਖੋਜੇ ਗਏ ਕੁਦਰਤੀ ਸਾਧਨਾ ਉਤੇ ਪਹਿਲਾ ਹੱਕ ਫਰਾਂਸ ਦਾ ਹੈ। ਫਰਾਂਸ ਆਪਣੀਆਂ ਸਾਬਕਾ ਬਸਤੀਆਂ ਦੇ ਕੁਦਰਤੀ ਮਾਲ ਖਜ਼ਾਨਿਆਂ ਦਾ ਅਜੇ ਵੀ ਮਾਲਕ ਹੈ। ਉਹਨੂੰ ਇਨ੍ਹਾਂ ਨੂੰ ਖ਼੍ਰੀਦਣ ਦਾ ਪਹਿਲਾ ਹੱਕ ਹੈ। ਜੇ ਫਰਾਂਸ ਇਛੁੱਕ ਨਹੀਂ ਤਾਂ ਉਹ ਆਪਣੇ ਕਿਸੇ ਹੋਰ ਸਹਿਯੋਗੀ ਦੇਸ਼ ਨੂੰ ਇਹ ਸੰਸਾਧਨ ਦੇ ਸਕਦਾ ਜਾਂ ਦੁਆ ਸਕਦਾ ਹੈ।

ਆਮ ਨਿਲਾਮੀ ਜਾਂ ਬੋਲੀ ਸਮੇਂ ਫਰਾਂਸੀਸੀ ਹਿੱਤਾਂ ਅਤੇ ਕੰਪਨੀਆਂ ਨੂੰ ਪਹਿਲ ਦਿੱਤੀ ਜਾਣ ਦੀ ਸ਼ਰਤ 'ਚ ਵੀ ਬੱਝੇ ਹਨ ਇਹ ਦੇਸ਼।

ਇਸ ਤੋਂ ਵੀ ਅਗਲੇਰੀ ਗੱਲ ਇਹ ਕਿ ਇਹ ਅਫਰੀਕੀ ਦੇਸ਼ ਇਸ ਲਈ ਵੀ ਪਾਬੰਦ ਹਨ ਕਿ ਆਪਣੇ ਫੌਜੀ ਅਧਿਕਾਰੀਆਂ ਨੂੰ ਸਿੱਖਿਅਤ ਕਰਨ ਜਾਂ ਫੌਜੀ ਸਾਜੋ ਸਮਾਨ ਦੀ ਪੂਰਤੀ ਲਈ ਸੌ ਫੀ ਸਦੀ ਫਰਾਂਸ ਤੇ ਹੀ ਨਿਰਭਰ ਹਨ। ਭਾਵ ਫੌਜਾਂ ਦਾ ਸਿੱਧਾ ਅਸਿੱਧਾ ਕੰਟਰੋਲ ਫਰਾਂਸ ਸਾਮਰਾਜ ਵੱਲ ਹੀ ਹੈ।

ਆਪਣੇ ਹਿੱਤਾਂ ਦੀ ਸੁਰੱਖਿਆ ਲਈ ਇਨ੍ਹਾਂ ਦੇਸ਼ਾਂ ਵਿਚ ਸੇਵਾਵਾਂ ਜਾਂ ਸੈਨਾਵਾਂ ਭੇਜਨ ਜਾਂ ਫੌਜੀ ਦਖ਼ਲ ਦੇਣ ਦਾ ਅਧਿਕਾਰ ਵੀ ਫਰਾਂਸ ਕੋਲ ਹੀ ਹੈ।

ਇਨ੍ਹਾਂ ਦੇਸ਼ਾਂ ਨੂੰ ਫਰਾਂਸੀਸੀ ਭਾਸ਼ਾ ਨੂੰ ਕੰਮਕਾਜੀ ਅਤੇ ਵਿਦਿਆ ਦੀ ਭਾਸ਼ਾ ਬਣਾਉਣ ਲਈ ਵੀ ਪਾਬੰਦ ਰਹਿਣਾ ਪੈ ਰਿਹਾ ਹੈ।

ਇਹ ਦੇਸ਼ ਆਪਣੀ ਸਲਾਨਾ ਬੈਲੈਂਸ ਸੀਟ ਅਤੇ ਭੰਡਾਰ ਦੀ ਰਿਪੋਰਟ ਫਰਾਂਸ ਨੂੰ ਭੇਜਨ ਲਈ ਵਚਨਬੱਧ ਹਨ। ਇਹ ਨਾ ਭੇਜਣ ਉਤੇ ਕੋਈ ਫੰਡ ਨਹੀਂ ਮਿਲ ਸਕਦਾ। ਬਿਨਾਂ ਫਰਾਂਸ ਦੀ ਸਹਿਮਤੀ ਦੇ ਇਹ ਦੇਸ਼ ਕਿਸੇ ਹੋਰ ਦੇਸ਼ ਨਾਲ ਫੌਜੀ ਸੰਧੀ ਨਹੀਂ ਕਰ ਸਕਦੇ। ਵਿਸ਼ਵ ਸੰਕਟ ਜਾਂ ਯੁੱਧ ਦੇ ਸਮੇਂ ਇਨ੍ਹਾਂ ਦੇਸ਼ਾਂ ਨੂੰ ਫਰਾਂਸ ਦੇ ਨਾਲ ਹੀ ਰਹਿਣਾ ਪਵੇਗਾ ਇਹ ਵੀ ਸ਼ਰਤ ਹੈ।

ਫਰਾਂਸ ਬਹੁਤ ਲੰਮੇ ਸਮੇਂ ਤੋਂ ਅਫਰੀਕਨ ਦੇਸ਼ਾਂ ਨੂੰ ਗੁਲਾਮ ਬਣਾ ਕੇ ਰੱਖਦਾ ਆ ਰਿਹਾ ਹੈ। ਉਨ੍ਹਾਂ ਨੂੰ ਮੁਕਤ ਕਰਨ ਪਿਛੋਂ ਵੀ ਉਨ੍ਹਾਂ ਦੇਸ਼ਾਂ ਦੀ ਆਰਥਿਕਤਾ ਅਤੇ ਰਾਜਕੀ ਸਮਾਜਿਕ ਵਿਵਸਥਾ ਨੂੰ ਜਿਵੇਂ ਫਰਾਂਸ ਕੰਟਰੋਲ ਕਰ ਰਿਹਾ ਹੈ ਇਹ ਆਰਥਿਕ ਨਵਬਸਤੀਵਾਦ ਦੀ ਪ੍ਰਤੱਖ ਮਿਸਾਲ ਹੈ। ਇਨ੍ਹਾਂ ਦੇਸ਼ਾਂ ਨੂੰ ਜਿਹੜੇ ਨਾ ਸਿਰਫ਼ ਬਸਤੀਵਾਦੀ ਟੈਕਸ ਹੀ ਅਦਾ ਕਰ ਰਹੇ ਹਨ ਸਗੋਂ ਫੌਜ ਤੋਂ ਲੈ ਕੇ ਭਾਸ਼ਾ ਤੱਕ ਦੀ ਫਰਾਂਸੀਸੀ ਗੁਲਾਮੀ ਨਾਲ ਬੱਝੇ ਹਨ, ਨੂੰ ਆਜ਼ਾਦ ਦੇਸ਼ ਕਹਿਣ ਉਤੇ ਹੀ ਸਵਾਲੀਆਚਿੰਨ੍ਹ ਲੱਗਦਾ ਹੈ। ਦਰਅਸਲ ਦੂਸਰੀ ਜੰਗ ਪਿਛੋਂ ਵਿਸ਼ਵ ਸਾਮਰਾਜਵਾਦ ਸਿੱਧੀ ਬਸਤੀ ਬਣਾਉਣ ਦੀ ਅਰਥ ਵਿਵਸਥਾਵਾਂ ਨੂੰ ਹੀ ਕੰਟਰੋਲ ਕਰਨ ਦੀ ਨੀਤੀ ਉਤੇ ਚਲ ਰਿਹਾ ਹੈ ਪਰ ਫਰਾਂਸ ਵਲੋਂ 14 ਅਫਰੀਕਨ ਦੇਸ਼ਾਂ ਦੀ ਆਰਥਿਕਤਾ ਉਤੇ ਗੁੰਡਾ ਬਾਣੀਆਂ ਨੁੰਮਾਂ ਚੌਧਰ ਬਸਤੀਵਾਦੀ ਦਾ ਕਰੂਰ ਚਿਹਰਾ ਪ੍ਰਗਟਾਉਂਦੀ ਹੈ।

935-443-0211

# ਮਹਾਨ ਵਿਗਿਆਨੀ ਗੈਲੀਲਿਓ ਗੈਲੀਲੀ



ਅੱਜ ਉਸ ਮਹਾਨ ਵਿਗਿਆਨੀ ਦਾ ਜਨਮ ਦਿਨ ਹੈ ਜਿਸ ਨੇ ਪਹਿਲੀ ਵਾਰ ਦੁਨੀਆਂ ਨੂੰ ਵਿਖਾ ਦਿੱਤਾ ਕਿ ਸਾਰੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ। ਇਸ ਤੋਂ ਪਹਿਲਾਂ ਕੈਪਲਰ ਅਤੇ ਕੋਪਰਿਨਕਸ ਗਣਿਤ ਦੇ ਫਾਰਮੂਲਿਆਂ ਨਾਲ ਹਿਸਾਬ ਕਿਤਾਬ ਲਗਾ ਕੇ ਦਸ ਚੁਕੇ ਸਨ ਕਿ ਧਰਤੀ ਇੱਕ ਥਾਂ ਤੇ ਖੜ੍ਹੀ ਨਹੀਂ ਹੈ ਸਗੋਂ ਇਹ ਸੂਰਜ ਦਵਾਲੇ ਘੁੰਮਦੇ ਹਨ। ਉਸ ਵੇਲੇ ਦੇ ਵਿਗਿਆਨੀਆਂ ਨੂੰ ਕੇਵਲ ਧਰਤੀ ਦੇ ਉਪਗ੍ਰਿਹ ਮਤਲਬ ਚੰਦ੍ਰਮਾਂ ਦਾ ਪਤਾ ਸੀ ਅਤੇ ਹੋਰ ਕਿਸੇ ਵੀ ਗ੍ਰਹਿ ਦੇ ਉਪ ਗ੍ਰਹਿ ਦਾ ਪਤਾ ਨਹੀਂ ਸੀ।

ਗਲੀਲਿਓ ਦਾ ਜਨਮ ਇਟਲੀ ਦੇ ਸ਼ਹਿਰ ਪੀਸਾ ਵਿਚ ਪੰਦਰਾਂ ਫਰਵਰੀ 1564 ਵਿਚ ਵਿੰਸੈਨਜੋ ਗੈਲੀਲੀ ਦੇ ਘਰ ਹੋਈਆ ਜੋਕਿ ਇੱਕ ਮਸ਼ਹੂਰ ਸੰਗੀਤਕਾਰ ਸਨ। ਗਲੀਲਿਓ ਦੀ ਮੁਢਲੀ ਪੜ੍ਹਾਈ ਵੈਲੋਮਬਰੋਸਾ ਵਿਚ ਹੋਈ ਅਤੇ 19 ਸਾਲ ਦੀ ਉਮਰ ਵਿਚ ਉਸ ਨੂੰ ਮੈਡੀਕਲ ਡਿਗਰੀ ਲਈ ਪੀਸਾ ਯੂਨੀਵਰਸਿਟੀ ਵਿਚ ਦਾਖਲਾ ਮਿਲ ਗਿਆ ਪਰ ਉਸ ਦੀ ਦਿਲਚਸਪੀ ਗਣਿਤ, ਭੌਤਿਕ ਵਿਗਿਆਨ ਅਤੇ ਖਗੋਲ (ਤਾਰਾ ਵਿਗਿਆਨ) ਵਿਚ ਸੀ। ਗੈਲਿਓ ਦਾ ਵਾਹ ਉਸ ਵੇਲੇ ਦੇ ਤਾਰਾ ਵਿਗਿਆਨੀ ਅਰਸਤੂ ਦੇ ਨਜ਼ਰੀਏ ਨਾਲ ਪਿਆ ਅਤੇ ਉਸ ਨੂੰ ਇਸ ਦੀ ਪੜ੍ਹਾਈ ਦੀ ਇਜਾਜਤ ਮਿਲ ਗਈ ਕਿਉਂਕੇ ਚਰਚ ਅਰਸਤੂ ਨੂੰ ਮਾਨਤਾ ਦੇਂਦਾ ਸੀ। ਭਾਵੇਂ ਬਾਅਦ ਵਿਚ ਗਲੀਲਿਓ ਨੇ ਅਰਸਤੂ ਦਾ ਨਜ਼ਰੀਆ ਵੀ ਗਲਤ ਸਾਬਤ ਕਰ ਦਿੱਤਾ ਪਰ ਪੜ੍ਹਾਈ ਵੇਲੇ ਹੋਣਹਾਰ ਵਿਦਿਆਰਥੀ ਹੋਣ ਕਾਰਣ ਉਹ ਅਰਸਤੂ ਨਜ਼ਰੀਆ ਬਹੁਤ ਵਧੀਆ ਢੰਗ ਨਾਲ ਪੜ ਕੇ ਪ੍ਰੋਫੈਸਰ ਬਣਨ ਵਾਲਾ ਸੀ। ਆਰਥਿਕ ਤੰਗੀ ਕਾਰਣ ਉਸ ਨੂੰ ਇਹ ਪੜਾਈ ਦੋ ਸਾਲ ਬਾਅਦ ਹੀ ਛੱਡਣੀ ਪਈ ਅਤੇ ਡਿਗਰੀ ਪ੍ਰਾਪਤ ਨਾ ਕਰ ਸਕਿਆ।

ਗਲੀਲਿਓ ਨੇ ਥੋੜ੍ਹਾ ਬਹੁਤ ਪੜਾਉਣ ਦਾ ਕੰਮ ਕਰਨ ਦੇ ਨਾਲ ਨਾਲ ਗਣਿਤ ਦੀ ਪੜ੍ਹਾਈ ਜਾਰੀ ਰੱਖੀ ਅਤੇ ਨਾਲ ਹੀ ਪ੍ਰੈਕਟੀਕਲ ਤੌਰ ’ਤੇ ਚੀਜ਼ਾਂ ਦੀ ਗਤੀ ਦਾ ਅਧਿਐਨ ਸ਼ੁਰੂ ਕੀਤਾ। ਇੱਕ ਦਿਨ ਓਹ ਪੀਸਾ ਦੇ ਮੁੱਖ ਗਿਰਜਾ ਘਰ ਵਿਚ ਲਟਕ ਰਹੇ ਲੈਂਪ ਨੂੰ ਅੱਗੇ ਪਿਛੇ ਡੋਲਦਾ ਵੇਖ ਰਿਹਾ ਕਿ ਉਸ ਨੇ ਨੋਟ ਕੀਤਾ ਕਿ ਲੈਂਪ ਭਾਵੇਂ ਵੱਡੇ ਹੁਲਾਰੇ (ਓਸੀਲੇਸ਼ਨ) ਖਾਵੇ ਅਤੇ ਭਾਵੇਂ ਛੋਟੇ ਹੁਲਾਰੇ ਖਾਵੇ, ਹਰ ਹੁਲਾਰੇ ਦਾ ਸਮਾਂ ਇੱਕੋ ਜਿਹਾ ਹੀ ਰਹਿੰਦਾ ਹੈ। ਬਾਅਦ ਵਿਚ ਉਸ ਨੇ ਪ੍ਰਯੋਗਾਂ ਰਾਹੀਂ ਸਾਬਤ ਕਰ ਦਿੱਤਾ ਕਿ ਕੋਈ ਵੀ ਲਟਕਦੀ ਚੀਜ਼ ਜਾਂ ਪ੍ਰਯੋਗਸ਼ਾਲਾ ਦਾ ਪੈਂਡੁਲਮ ਜਦੋਂ ਅੱਗੇ ਪਿਛੇ ਹੁਲਾਰੇ ਖਾਂਦੇ ਹਨ ਤਾਂ ਹੁਲਾਰਿਆਂ ਦਾ ਸਮਾਂ ਲਟਕ ਰਹੀ ਚੀਜ਼ ਦੇ ਭਾਰ ਜਾਂ ਹੁਲਾਰੇ ਦੇ ਵੱਡੇ ਛੋਟੇ ਹੋਣ ਤੇ ਨਿਰਭਰ ਨਹੀਂ ਕਰਦਾ ਸਗੋਂ ਧਰਤੀ ਦੀ ਗੁਰੂਤਾ ਖਿਚ ਅਤੇ ਪੈਂਡੁਲਮ ਦੀ ਲੰਬਾਈ ਤੇ ਨਿਰਭਰ ਕਰਦਾ ਹੈ। ਇਸੇ ਸਿਧਾਂਤ ਤੇ ਬਾਅਦ ਵਿਚ ਪੈਂਡੁਲਮ ਵਾਲੀਆਂ ਘੜੀਆਂ ਬਣੀਆਂ।

ਪਹਿਲਾਂ ਆਮ ਲੋਕ ਅਤੇ ਵਿਗਿਆਨੀ ਵੀ ਸੋਚਦੇ ਸਨ ਕਿ ਇੱਕ ਉਚਾਈ ਤੋਂ ਸੁੱਟੀਆਂ ਗਾਈਆਂ ਭਰੀਆਂ ਚੀਜ਼ਾਂ ਜਮੀਨ ਤੇ ਛੇਤੀ ਪਹੁੰਚ ਜਾਂਦੀਆਂ ਹਨ ਅਤੇ ਹਲਕੀਆਂ ਚੀਜ਼ਾਂ ਦੇਰ ਨਾਲ ਪਹੁੰਚਦੀਆਂ ਹਨ। ਆਮ ਤੌਰ ’ਤੇ ਲੋਕ ਪੱਥਰ ਅਤੇ ਕਾਗਜ਼ ਦੇ ਡਿਗਣ ਤੋਂ ਇਹ ਭੁਲੇਖਾ ਖਾ ਜਾਂਦੇ ਹਨ। ਪਰ ਗਲੀਲਿਓ ਨੇ ਦੱਸਿਆ ਕਿ ਕਾਗਜ਼ ਕੇਵਲ ਇਸ ਲਈ ਦੇਰ ਨਾਲ ਪਹੁੰਚਦਾ ਹੈ ਉਸ ਦੀ ਰਫਤਾਰ ਨੂੰ ਹਵਾ ਦਾ ਅੜਿੱਕਾ ਜਿਆਦਾ ਪੈਂਦਾ ਹੈ। ਪੀਸਾ ਵਿਚ ਇੱਕ ਮੀਨਾਰ ਹੈ ਜੋ ਉਸਾਰੀ ਵੇਲੇ ਤੋਂ ਹੀ ਝੁਕਿਆ ਹੈ। ਗਲੀਲਿਓ ਨੇ ਇੱਕ ਭਾਰੀ ਗੋਲਾ ਅਤੇ ਇੱਕ ਹਲਕਾ ਗੋਲਾ ਇੱਕ ਰੱਸੀ ਨਾਲ ਬੰਨ ਕੇ ਇੱਕਠੇ ਪੀਸਾ ਦੇ ਮੀਨਾਰ ਤੋਂ ਆਮ ਲੋਕਾਂ ਦੀ ਮੌਜੂਦਗੀ ਵਿਚ ਸੁੱਟੇ। ਲੋਕ ਸੋਚਦੇ ਸਣ ਕਿ ਭਾਰਾ ਗੋਲਾ ਤੇਜ਼ੀ ਨਾਲ ਥੱਲੇ ਡਿੱਗੇ ਗਾ ਅਤੇ ਰੱਸੀ ਨੂੰ ਖਿਚ ਪਵੇਗੀ ਪਰ ਦੋਨੋ ਗੋਲੇ ਇੱਕਠੇ ਧਰਤੀ ਤੇ ਆਏ ਅਤੇ ਰੱਸੀ ਨੂੰ ਕੋਈ ਖਿਚ ਨਹੀਂ ਪਈ। ਇਸ ਨਾਲ ਗਲੀਲਿਓ ਦੇ ਸਿਧਾਂਤ ਤੇ ਮੋਹਰ ਲਗ ਗਈ ਅਤੇ ਇਥੋਂ ਹੀ ਉਸ ਦਾ ਅਰਸਤੂ ਤੋਂ ਵਖਰੇਵਾਂ ਹੋ ਗਿਆ ਜਿਸ ਅਨੁਸਾਰ ਭਾਰੀਆਂ ਚੀਜ਼ਾਂ ਛੇਤੀ ਹੇਠਾਂ ਡਿਗਦੀਆਂ ਹਨ। ਗਲੀਲਿਓ ਦੀਆਂ ਖੋਜਾਂ ਅਤੇ ਗਣਿਤ ਦੇ ਗਿਆਨ ਕਾਰਣ ਉਸ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ।

ਯੂਨਾਨੀ ਭਾਸ਼ਾ ਵਿਚ ਧਰਤੀ ਨੂੰ ਜੀਓ ਅਤੇ ਸੂਰਜ ਨੂੰ ਹੀਲੀਓ ਕਹਿੰਦੇ ਹਨ। ਜਿਹੜੇ ਵਿਗਿਆਨੀ ਮੰਨਦੇ ਸਨ ਕਿ ਧਰਤੀ ਦੁਆਲੇ ਹੀ ਸੂਰਜ, ਚੰਨ ਅਤੇ ਤਾਰੇ ਘੁਮਦੇ ਹਨ ਉਹਨਾਂ ਦੇ ਸਿਧਾਂਤ ਨੂੰ ਜੀਓਸੈਨਟਰਿਕ ਕਹਿੰਦੇ ਹਨ। ਜਿਹੜੇ ਵਿਗਿਆਨੀ ਇਹ ਮੰਨਦੇ ਸਨ ਕਿ ਸਾਰੇ ਗ੍ਰਹਿ ਸੂਰਜ ਦੁਆਲੇ ਘੁਮਦੇ ਹਨ, ਉਹਨਾਂ ਦੇ ਸਿਧਾਂਤ ਨੂੰ ਹਿਲੀਓਸੈਨਟਰਿਕ ਕਹਿੰਦੇ ਹਨ। ਹੁਣ ਤਾਂ ਬੱਚਾ ਬੱਚਾ ਜਾਣਦਾ ਹੈ ਕਿ ਸੂਰਜ ਦੇ ਦੁਆਲੇ ਹੀ ਸਾਰੇ ਗ੍ਰਹਿ ਘੁਮਦੇ ਹਨ, ਪਰ ਕਈ ਸਦੀਆਂ ਤੱਕ ਜੀਓਸੈਨਟਰਿਕ ਵੀਚਾਰ ਭਾਰੂ ਰਿਹਾ। ਹਾਲਾਂਕਿ ਗਣਿਤ ਵਿਧੀਆਂ ਰਾਹੀਂ ਕੋਪਰਨੀਕਸ ਅਤੇ ਕੈਪਲਰ ਦੋਵੇਂ ਵਿਗਿਆਨੀ ਹੀਲੀਓਸੈਨਟਰਿਕ ਸਿਧਾਂਤ ਸਾਬਤ ਕਰ ਚੁੱਕੇ ਸਨ ਪਰ ਲੋਕ ਇਸ ਦਾ ਪ੍ਰਤੱਖ ਪ੍ਰਮਾਣ ਚਾਹੁੰਦੇ ਸਨ। ਇਹ ਗਲੀਲਿਓ ਹੀ ਸੀ ਜਿਸ ਨੇ ਪਹਿਲੀ ਐਸੀ ਦੂਰਬੀਨ ਬਣਾਈ ਜੋ ਅਕਾਸ਼ੀ ਚੀਜ਼ਾਂ ਨੂੰ ਨੰਗੀ ਅੱਖ ਨਾਲੋਂ ਵੀਹ ਗੁਣਾ ਵੱਡੀ ਵਿਖਾਉਂਦੀ ਸੀ। ਇਸ ਨਾਲ ਚੰਨ ਉੱਤੇ ਪਹਾੜੀਆਂ ਅਤੇ ਖੱਡਾਂ ਸਾਫ਼ ਦਿਸਦੀਆਂ ਸਣ ਜੋ ਪਹਿਲਾਂ ਨਹੀਂ ਵੇਖੀਆਂ ਜਾ ਸਕਦੀਆਂ ਸਣ। ਜਿਹੜਾ ਅਸੀਂ ਚੰਨ ਨੂੰ ਵਧਦਾ ਘਟਦਾ ਵੇਖਦੇ ਹਾਂ ਇਸ ਨੂੰ ਵਿਗਿਆਨਿਕ ਭਾਸ਼ਾ ਵਿਚ ਕਲਾਵਾਂ ਕਹਿੰਦੇ ਹਨ ਅਤੇ ਇਸਦਾ ਧਰਤੀ ਦੁਆਲੇ ਘੁੰਮਦੇ ਹੋਏ ਜਿੰਨਾ ਸੂਰਜ ਦੇ ਸਾਹਮਣੇ ਵਾਲਾ ਪਾਸਾ ਸਾਨੂੰ ਵਿਖਾਈ ਦੇਂਦਾ ਹੈ ਓਨੇ ਅਕਾਰ ਦੀ ਇਸ ਦੀ ਕਲਾ ਹੁੰਦੀ ਹੈ। ਗਲੀਲਿਓ ਨੇ ਆਪਣੀ ਦੂਰਬੀਨ ਨਾਲ ਸ਼ੁੱਕਰ ਗ੍ਰਹਿ ਦੀਆਂ ਕਲਾਵਾਂ ਵੀ ਵੇਖੀਆਂ ਅਤੇ ਲੋਕਾਂ ਨੂੰ ਵਿਖਾਈਆਂ ਜਿਸ ਤੋਂ ਸਾਬਤ ਹੋਇਆ ਕਿ ਇਹ ਸੂਰਜ ਦੁਆਲੇ ਘੁੰਮਦਾ ਹੈ। ਫਿਰ ਗਲੀਲਿਓ ਨੇ ਜੁਪੀਟਰ (ਬ੍ਰਹਿਸਪਤੀ) ਦੇ ਚਾਰ ਚੰਨ ਉਸ ਦੁਆਲੇ ਘੁਮਦੇ ਵੇਖੇ ਅਤੇ ਇਹ ਪੱਕੀ ਤਰਾਂ ਸਾਬਤ ਹੋ ਗਿਆ ਕਿ ਸਾਰੇ ਚੰਨ ਆਪਣੇ ਆਪਣੇ ਗ੍ਰਹਿਾਂ ਦੁਆਲੇ ਘੁੰਮਦੇ ਹਨ ਅਤੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ। ਹੁਣ ਗਣਿਤ ਰੂਪ ਅਤੇ ਪਰਤੱਖ ਰੂਪ ਵਿਚ ਹੀਲੀਓਸੈਨਟ੍ਰਿਕ ਸਿਧਾਂਤ ਸਾਬਤ ਹੋ ਗਿਆ ਪਰ ਚਰਚ ਅਤੇ ਪਾਦਰੀਆਂ ਨੂੰ ਇਹ ਮੰਜੂਰ ਨਹੀਂ ਸੀ ਕਿਉਂਕੇ ਬਾਈਬਲ ਅਨੁਸਾਰ ਸਾਰੇ ਅਕਾਸ਼ੀ ਪਿੰਡ ਧਰਤੀ ਦੁਆਲੇ ਘੁੰਮਦੇ ਹਨ। ਇਟਲੀ ਦਾ ਸਾਰਾ ਹੀ ਧਾਰਮਿਕ ਸੰਸਾਰ ਉਸ ਦੇ ਵਿਰੁੱਧ ਹੋ ਗਿਆ।

ਪਰ ਗਲੀਲਿਓ ਦੀਆਂ ਖੋਜਾਂ ਏਨੀਆਂ ਜਿਆਦਾ ਅਤੇ ਫਾਇਦੇਮੰਦ ਸਨ ਕਿ ਕਾਫੀ ਲੋਕ ਉਸ ਨੂੰ ਸਖਤ ਸਜ਼ਾ ਦੇਣ ਦੇ ਵਿਰੁੱਧ ਸਨ। ਚਰਚ ਨਾਲ ਨਾਰਾਜ਼ਗੀ ਲੈਣ ਤੋਂ ਪਹਿਲਾਂ ਉਹ ਤਾਪਮਾਨ ਮਾਪਣ ਲਈ ਥਰਮੋਸਕੋਪ ਬਣਾ ਚੁੱਕਿਆ ਸੀ ਜਿਸ ਦੀ ਸੋਧ ਕਰਕੇ ਥਰਮਾਮੀਟਰ ਬਣਿਆ, ਹਾਈਡਰਾਲਿਕ ਤਕੜੀ ਬਣਾ ਚੁੱਕਿਆ ਸੀ ਜਿਸ ਨਾਲ ਸੋਨਾ ਚਾਂਦੀ ਠੀਕ ਠੀਕ ਤੋਲਿਆ ਜਾ ਸਕਦਾ ਸੀ, ਫੌਜ ਲਈ ਉਹ ਕੰਪਾਸ ਅਤੇ ਦੂਰਬੀਨ ਬਣਾ ਚੁੱਕਿਆ ਸੀ, ਸੂਰਜ ਤੇ ਬਣ ਅਤੇ ਮਿਟ ਰਹੇ ਧੱਬੇ ਵੇਖ ਕੇ ਲੋਕਾਂ ਨੂੰ ਦਸ ਚੁੱਕਿਆ ਸੀ ਕਿ ਇਹ ਵੀ ਦਸ ਚੁੱਕਿਆ ਸੀ ਕਿ ਸੂਰਜ ਆਪਣੇ ਧੁਰੇ ਦੁਆਲੇ ਘੁੰਮਦਾ ਹੈ ਅਤੇ ਆਕਾਸ਼ ਗੰਗਾ ਬਾਰੇ ਵੀ ਆਪਣੀ ਦੂਰਬੀਨ ਵਰਤ ਕੇ ਦਸ ਚੁੱਕਿਆ ਸੀ ਕਿ ਇਹ ਕੇਵਲ ਇੱਕ ਰੌਸ਼ਨ ਰਸਤਾ ਹੀ ਨਹੀਂ ਬਲਕਿ ਤਾਰਿਆਂ ਦਾ ਸਮੂਹ ਹੈ।

ਚਰਚ ਉਸ ਦੇ ਦੋ ਬਿਆਨਾਂ ਤੋਂ ਨਾਰਾਜ਼ ਸੀ। ਪਹਿਲੀ ਨਾਰਾਜ਼ਗੀ ਧਰਤੀ ਦੇ ਘੁੰਮਣ ਵਾਲੇ ਬਿਆਨ ਕਾਰਣ ਸੀ ਅਤੇ ਦੂਜੀ ਨਾਰਾਜ਼ਗੀ ਸੂਰਜ ਤੇ ਪਏ ਕਾਲੇ ਧੱਬਿਆਂ ਬਾਰੇ ਬਿਆਨ ਕਾਰਨ ਸੀ।

ਚਰਚ ਦਾ ਕਹਿਣਾ ਸੀ ਕਿ ਬਾਈਬਲ ਅਨੁਸਾਰ ਧਰਤੀ ਇਕ ਥਾਂ ਖੜੀ ਹੈ ਅਤੇ ਸੂਰਜ ਬਿਲਕੁਲ ਸਾਫ਼ ਹੈ, ਇਸ ਤੋਂ ਗਲੀਲਿਓ ਇਨਕਾਰੀ ਹੈ, ਇਸ ਲਈ ਉਹ ਧਾਰਮਿਕ ਨਹੀਂ ਹੋ ਸਕਦਾ। ਇਹਨਾਂ ਦੋਸ਼ਾਂ ਤਹਿਤ ਗਲੀਲਿਓ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ। ਬਾਅਦ ਵਿਚ ਸਿਹਤ ਵਿਗੜਨ ਤੇ ਉਸ ਦੀ ਸਜ਼ਾ ਘਰ ਵਿਚ ਕੈਦ ਰਹਿਣ ਵਿਚ ਤਬਦੀਲ ਕਰ ਦਿੱਤੀ ਗਈ। ਆਖਰੀ ਸਮੇਂ ਤਕ ਉਹ ਘਰ ਵਿਚ ਹੀ ਖੋਜਾਂ ਕਰਦਾ ਰਿਹਾ ਅਤੇ ਪੈਂਡੁਲਮ ਵਾਲੀ ਘੜੀ ਬਣਾਉਣ ਦੀ ਸ਼ੁਰੁਆਤ ਵੀ ਕਰ ਦਿੱਤੀ, ਪਰ ਦੂਰਬੀਨ ਵਿਚ ਬਾਰ ਬਾਰ ਸੂਰਜ ਵੇਖਣ ਕਾਰਣ ਲਗਪਗ ਅੰਨਾ ਹੋ ਚੁੱਕਿਆ ਸੀ ਅਤੇ ਪੈਂਡੁਲਮ ਘੜੀ ਪੂਰੀ ਨਾ ਕਰ ਸਕਿਆ। ਅੰਤ ਸੰਸਾਰ ਹਵਾਲੇ ਅਨੇਕਾਂ ਖੋਜਾਂ ਕਰਨ ਤੋਂ ਬਾਅਦ 8 ਜਨਵਰੀ 1642 ਵਾਲੇ ਦਿਨ ਇਸ ਮਹਾਨ ਵਿਗਿਆਨੀ ਨੇ ਸੰਸਾਰ ਨੂੰ ਅਲਵਿਦਾ ਕਹੀ। ਉਸ ਦੀ ਮੌਤ ਤੋਂ ਕਾਫੀ ਸਮਾਂ ਬਾਅਦ ਉਸ ਦੇ ਸਨਮਾਨ ਵਿਚ ਉਸ ਵੱਲੋਂ ਖੋਜੇ ਗਏ ਬ੍ਰਿਹਾਸਪਤੀ ਦੇ ਚਾਰ ਚੰਨਾ ਦਾ ਨਾਮ ਗਲੀਲਿਓ ਦੇ ਚੰਨ ਰਖ ਦਿੱਤਾ ਗਿਆ। ਗਲੀਲਿਓ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਦੇਣ ਤੋਂ ਸਾਢੇ ਤਿਨ ਸੌ ਸਾਲ ਤੋਂ ਵੀ ਜਿਆਦਾ ਸਮਾਂ ਬਾਅਦ ਵੈਟਿਕਨ ਚਰਚ ਨੇ ਆਪਣੀ ਗਲਤੀ ਮੰਨੀ ਹੈ ਅਤੇ ਉਸ ਨੂੰ ਮੁਆਫ ਕਰ ਦਿੱਤਾ ਹੈ, ਪਰ ਹੁਣ ਮੁਆਫੀ ਦਾ ਕੀ ਫਾਇਦਾ?










ਸੁਆਲ-ਸੰਵਾਦ

# ਦੇਸ਼-ਧਰੋਹ ਬਨਾਮ ਦੇਸ਼ ਭਗਤੀ ਦੇ ਦੌਰ ਵਿੱਚ ਚਿਰਕਾਲੀ ਸੁਆਲ



ਦਲਜੀਤ ਅਮੀ

ਪਿਛਲੇ ਦਿਨਾਂ ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਵਾਲੇ ਨਾਲ ਦੇਸ਼ ਧਰੋਹ ਅਤੇ ਦੇਸ਼ ਭਗਤੀ ਦੀ ਚਰਚਾ ਸਮੁੱਚੀ ਸਿਆਸਤ ਅਤੇ ਮੀਡੀਆ ਉੱਤੇ ਭਾਰੂ ਰਹੀ। ਕੇਂਦਰ ਸਰਕਾਰ ਦੀ ਫੁਰਤੀ ਅਤੇ ਭਾਜਪਾ ਦੀਆਂ ਜਥੇਬੰਦੀਆਂ ਦੇ ਨਾਲ-ਨਾਲ ਆਪਹੁਦਰੇ ਹਮਾਇਤੀਆਂ ਦੀਆਂ ਸਰਗਰਮੀਆਂ ਸੁਆਲਾਂ ਦੇ ਘੇਰੇ ਵਿੱਚ ਰਹੀਆਂ। ਜਿਉਂ-ਜਿਉਂ ਭਾਪਪਾਈਆਂ ਦੇ ਦਾਅਵੇ ਥੋਥੇ ਸਾਬਤ ਹੁੰਦੇ ਗਏ ਤਿਉਂ-ਤਿਉਂ ਉਨ੍ਹਾਂ ਦੀ ਦਲੀਲ ਅਤੇ ਦਾਅਵਿਆਂ ਦੀ ਬੁਨਿਆਦ ਬਦਲਦੀ ਰਹੀ। ਜ਼ੀ ਅਤੇ ਟਾਈਮਜ਼ ਨਾਓ ਵਰਗੇ ਟੈਲੀਵਿਜ਼ਨ ਚੈਨਲਾਂ ਨੇ ਦੇਸ਼-ਭਗਤੀ ਦੇ ਲਿਬਾਸ ਵਿੱਚ ਭਾਜਪਾ ਦੇ ਧੁੱਤੂ ਹੋਣ ਦੀ ਜ਼ਿੰਮੇਵਾਰੀ ਜ਼ੋਰ-ਸ਼ੋਰ ਨਾਲ ਨਿਭਾਈ। ਇਸ ਸਮੁੱਚੇ ਮਾਮਲੇ ਵਿੱਚ ਅਖਿਲ ਭਾਰਤੀਅ ਵਿਦਿਆਰਥੀ ਪ੍ਰੀਸ਼ਦ ਦੇ ਤਿੰਨ ਆਗੂਆਂ ਅਤੇ ਜ਼ੀ ਨਿਊਜ਼ ਦੇ ਪੱਤਰਕਾਰ ਵਿਸ਼ਵਾ ਦੀਪਕ ਦੇ ਅਸਤੀਫ਼ੇ ਅਹਿਮ ਦਸਤਾਵੇਜ਼ ਬਣਦੇ ਹਨ। ਇਨ੍ਹਾਂ ਦੇ ਅਸਤੀਫ਼ਿਆਂ ਦਾ ਖ਼ਾਸਾ ਦਰਸਾਉਂਦਾ ਹੈ ਕਿ ਭਾਜਪਾਈਆਂ ਅਤੇ ਮੀਡੀਆ ਲਈ ਇਹ ਮਸਲਾ ਉਨ੍ਹਾਂ ਦੀ ਸਿਆਸਤ ਅਤੇ ਮੰਡੀ ਨਾਲ ਜੁੜਿਆ ਹੋਇਆ ਹੈ। ਭਾਜਪਾ ਆਪਣੇ ਸਿਆਸੀ ਮਨੋਰਥ ਲਈ ਇਸ ਤਰ੍ਹਾਂ ਦੇ ਮਸਲਿਆਂ ਨੂੰ ਆਪਣੀ ਸੋਚ ਨਾਲ ਜੋੜ ਕੇ ਪੇਸ਼ ਕਰਨਾ ਚਾਹੁੰਦੀ ਹੈ ਅਤੇ ਮੀਡੀਆ ਦੇ ਅਦਾਰਿਆਂ ਨੂੰ ਸਰਕਾਰੀ ਰਿਆਇਤਾਂ ਅਤੇ ਅੰਨ੍ਹੀ ਦੇਸ਼-ਭਗਤੀ ਦਾ ਇਸ਼ਤਿਹਾਰਾਂ ਦੀ ਮੰਡੀ ਵਿੱਚ ਪੈਂਦਾ ਮੁੱਲ ਅਹਿਮ ਜਾਪਦਾ ਹੈ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਵਾਲੇ ਨਾਲ ਪੂਰੇ ਮੁਲਕ ਵਿੱਚ ਲਾਮਬੰਦੀ ਹੋਈ ਹੈ। ਇੱਕ ਪਾਸੇ ਅੰਨ੍ਹੀ ਦੇਸ਼ ਭਗਤੀ ਦੇ ਨਾਮ ਉੱਤੇ ਇਸ ਅਦਾਰੇ ਨੂੰ ਦੇਸ਼ ਧਰੋਹੀਆਂ ਦਾ ਡੇਰਾ ਕਰਾਰ ਦਿੱਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਜਮਹੂਰੀਅਤ ਲਈ ਲੋੜੀਂਦੇ ਖੁੱਲ੍ਹਦਿਲੀ ਅਤੇ ਖੁੱਲ੍ਹਨਜ਼ਰੀ ਵਾਲੇ ਅਦਾਰਿਆਂ ਦੀ ਰਾਖੀ ਨੂੰ ਅਹਿਮ ਮਸਲਾ ਬਣਾਇਆ ਗਿਆ ਹੈ। ਇਸ ਸਮੁੱਚੇ ਮਾਮਲੇ ਵਿੱਚ ਮੀਡੀਆ ਦਾ ਸਰਕਾਰ ਅਤੇ ਮੁਨਾਫ਼ਾਮੁਖੀ ਕਿਰਦਾਰ ਬੇਪਰਦ ਹੋ ਰਿਹਾ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੌਜੂਦਾ ਸਰਕਾਰ ਖ਼ਿਲਾਫ਼ ਵੱਡੀ ਲਾਮਬੰਦੀ ਹੋਈ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਵਾਲੇ ਗੁਬਾਰੇ ਦੀ ਫੂਕ ਕੱਢਣ ਵਿੱਚ ਕਾਮਯਾਬ ਹੋਈ ਹੈ। ਵੱਖ-ਵੱਖ ਸ਼ਹਿਰਾਂ ਅਤੇ ਵੱਖ-ਵੱਖ ਵਿਦਿਅਕ ਅਦਾਰਿਆਂ ਦੇ ਨਾਲ-ਨਾਲ ਖੁੱਲ੍ਹਨਜ਼ਰੀ ਦੀ ਵਕਾਲਤ ਕਰਨ ਵਾਲੇ ਤਬਕੇ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਮਾਮਲੇ ਵਿੱਚ ਹੁੰਗਾਰਾ ਭਰਿਆ ਹੈ। ਕੌਮਾਂਤਰੀ ਪੱਧਰ ਦੇ ਅਦਾਰਿਆਂ ਅਤੇ ਵਿਦਵਾਨਾਂ ਨੇ ਇਸ ਸੰਘਰਸ਼ ਦੀ ਹਮਾਇਤ ਕੀਤੀ ਹੈ। ਇਸ ਵੇਲੇ ਕੁਝ ਗੱਲਾਂ ਧਿਆਨ ਦੀ ਮੰਗ ਕਰਦੀਆਂ ਹਨ।

ਇਸ ਸਾਰੀ ਬਹਿਸ ਵਿੱਚ ਦੇਸ਼-ਭਗਤੀ ਅਤੇ ਦੇਸ਼-ਧਰੋਹ ਦੀਆਂ ਧਾਰਨਾਵਾਂ ਅਹਿਮ ਰਹੀਆਂ ਹਨ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਲੱਗੇ ਨਾਅਰਿਆਂ ਨੂੰ ਦੇਸ਼-ਧਰੋਹੀ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼-ਭਗਤ ਕਰਾਰ ਦਿੱਤਾ ਗਿਆ ਹੈ। ਸਮੁੱਚੀ ਬਹਿਸ ਵਿੱਚ ਇਹ ਦਲੀਲ ਵਾਰ-ਵਾਰ ਦਿੱਤੀ ਗਈ ਹੈ ਕਿ ਜਿਨ੍ਹਾਂ ਖ਼ਿਲਾਫ਼ ਪੁਲਿਸ ਕਾਰਵਾਈ ਹੋ ਰਹੀ ਹੈ ਉਨ੍ਹਾਂ ਨੇ ਨਾਅਰੇ ਨਹੀਂ ਲਗਾਏ ਜਾਂ ਉਨ੍ਹਾਂ ਖ਼ਿਲਾਫ਼ ਨਾਅਰੇ ਲਗਾਉਣ ਦਾ ਸਬੂਤ ਨਹੀਂ ਹੈ। ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਨਾਅਰੇ ਲਗਾਉਣ ਵਾਲਿਆਂ ਦੀ ਸ਼ਨਾਖ਼ਤ ਕੀਤੀ ਜਾਵੇ ਅਤੇ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਦੋਵਾਂ ਧਿਰਾਂ ਵਿੱਚ ਇਹ ਸਹਿਮਤੀ ਹੋ ਗਈ ਜਾਪਦੀ ਹੈ ਕਿ ਨਾਅਰੇ ਲਗਾਉਣ ਵਾਲਿਆਂ ਖ਼ਿਲਾਫ਼ ਦੇਸ਼-ਧਰੋਹ ਦਾ ਮਾਮਲਾ ਬਣਦਾ ਹੈ। ਇੱਕ ਧਿਰ ਨੇ ਇਨ੍ਹਾਂ ਨਾਅਰਿਆਂ ਨੂੰ ਅਤਿਵਾਦੀ ਕਾਰਵਾਈਆਂ ਅਤੇ ਫ਼ੌਜੀ, ਨੀਮ-ਫ਼ੌਜੀ ਅਤੇ ਪੁਲਿਸ ਮੁਲਾਜ਼ਮਾਂ ਨਾਲ ਜੋੜ ਕੇ ਭਾਵੁਕ ਮਸਲਾ ਬਣਾ ਦਿੱਤਾ ਹੈ। ਦੂਜੀ ਧਿਰ ਨੇ ਆਪਣੀ ਹਰ ਦਲੀਲ ਨਾਲ ਇਹ ਕਹਿਣਾ ਸ਼ੁਰੂ ਕੀਤਾ ਹੈ ਕਿ ਉਹ ਫ਼ੌਜ ਦਾ ਕਿਸੇ ਹੋਰ ਵਾਂਗ ਹੀ ਸਤਿਕਾਰ ਕਰਦੇ ਹਨ।

ਹੁਣ ਇਸ ਦਲੀਲ ਨੂੰ ਜ਼ਰਾ ਖੋਲ੍ਹਣਾ ਬਣਦਾ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਪਛਾਣ ਹੀ ਖੁੱਲ੍ਹਨਜ਼ਰੀ ਅਤੇ ਖੁੱਲ੍ਹਦਿਲੀ ਨਾਲ ਜੁੜੀ ਹੋਈ ਹੈ। ਇਹ ਅਦਾਰੇ ਨੇ ਸਮਝ ਅਤੇ ਪੜਚੋਲ ਵਿੱਚ ਨਿਜ਼ਾਮ ਬਨਾਮ ਆਵਾਮ ਦੀ ਬਹਿਸ ਨੂੰ ਆਵਾਮ ਦੇ ਪੈਂਤੜੇ ਤੋਂ ਪੇਸ਼ ਕਰਦਾ ਆਇਆ ਹੈ। ਹਰ ਤਰ੍ਹਾਂ ਦੇ ਮੰਗਾਂ-




ਮਸਲਿਆਂ ਨੂੰ ਬਾਰੀਕੀ ਨਾਲ ਸਮਝਣ, ਪੇਸ਼ ਕਰਨ, ਪੜਚੋਲ ਕਰਨ ਅਤੇ ਸੁਆਲ-ਦਰ-ਸੁਆਲ ਕਰਨ ਦੀ ਪਿਰਤ ਇੱਥੇ ਮਜ਼ਬੂਤ ਹੋਈ ਹੈ। ਸਥਾਪਤੀ ਉੱਤੇ ਸੁਆਲ ਕਰਨ ਦੀ ਬਿਰਤੀ ਨੂੰ ਮਜ਼ਬੂਤ ਕਰਨਾ ਆਪਣੇ ਆਪ ਵਿੱਚ ਖੱਬੇ-ਪੱਖੀ ਰੁਝਾਨ ਹੈ। ਇਹ ਜ਼ਰੂਰੀ ਨਹੀਂ ਕਿ ਇਸ ਦਾ ਰਿਸ਼ਤਾ ਮਾਰਕਸਵਾਦ ਨਾਲ ਹੋਵੇ ਪਰ ਮਾਰਕਸਵਾਦ ਦਾ ਇਸ ਰੁਝਾਨ ਵਿੱਚ ਅਹਿਮ ਥਾਂ ਹੈ। ਇਸ ਅਦਾਰੇ ਦੇ ਖ਼ਾਸੇ ਮੁਤਾਬਕ ਕਸ਼ਮੀਰ ਵਿੱਚ ਆਜ਼ਾਦੀ ਦੀ ਮੰਗ ਅਤੇ ਅਫ਼ਜ਼ਲ ਦੀ ਫ਼ਾਂਸੀ ਦੀ ਦਲੀਲ ਪੜਚੋਲ ਅਤੇ ਵਿਚਾਰ ਦਾ ਸਬੱਬ ਬਣਦੀ ਹੈ। ਜੇ ਇਨ੍ਹਾਂ ਉੱਤੇ ਵਿਚਾਰ ਕਰਨਾ ਹੀ ਦੇਸ਼-ਧਰੋਹ ਹੈ ਤਾਂ ਯੂਨੀਵਰਸਿਟੀ ਵਰਗੇ ਅਦਾਰਿਆਂ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ। ਸਮਾਜ ਸ਼ਾਸਤਰ ਪੜ੍ਹਨ, ਪੜ੍ਹਾਉਣ ਅਤੇ ਸਮਝਾਉਣ ਦੀ ਜ਼ਿੰਮੇਵਾਰੀ ਤਾਂ ਫਿਰ ਪੁਲਿਸ ਅਤੇ ਫ਼ੌਜ ਨੂੰ ਦੇ ਦਿੱਤੀ ਜਾਣੀ ਚਾਹੀਦੀ ਹੈ।

ਅਫ਼ਜ਼ਲ ਦਾ ਮਾਮਲਾ ਤਿੰਨ ਪੱਖਾਂ ਤੋਂ ਅਹਿਮ ਰਿਹਾ ਹੈ। ਪੂਰੀ ਦੁਨੀਆਂ ਵਿੱਚ ਮੌਤ ਦੀ ਸਜ਼ਾ ਦੇ ਖ਼ਿਲਾਫ਼ ਵੱਡੀ ਮੁਹਿੰਮ ਚੱਲ ਰਹੀ ਹੈ ਜੋ ਇਸ ਤਰ੍ਹਾਂ ਦੀ ਸਜ਼ਾ ਨੂੰ ਗ਼ੈਰ-ਮਨੁੱਖੀ ਅਤੇ ਗ਼ੈਰ-ਜਮਹੂਰੀ ਮੰਨਦੀ ਹੈ। ਇਹ ਸਾਬਤ ਹੋ ਚੁੱਕਿਆ ਹੈ ਕਿ ਇਸ ਸਜ਼ਾ ਨਾਲ ਅਪਰਾਧ ਜਾਂ ਅਤਿਵਾਦ ਘੱਟ ਨਹੀਂ ਜਾਂਦਾ ਅਤੇ ਇਸ ਤੋਂ ਬਿਨਾਂ ਅਪਰਾਧ ਜਾਂ ਅਤਿਵਾਦ ਵਧ ਨਹੀਂ ਜਾਂਦਾ। ਇਸ ਮੁਹਿੰਮ ਨਾਲ ਸਹਿਮਤੀ ਰੱਖਣ ਵਾਲਿਆਂ ਨੇ ਇਹ ਸੁਆਲ ਅਫ਼ਜ਼ਲ ਦੇ ਹਵਾਲੇ ਨਾਲ ਵਾਰ-ਵਾਰ ਕਰਨਾ ਹੈ। ਦੂਜਾ ਅਫ਼ਜ਼ਲ ਦੇ ਮਾਮਲੇ ਦਾ ਕਾਨੂੰਨੀ ਪੱਖ ਹੈ। ਭਾਰਤੀ ਕਾਨੂੰਨ ਮੁਤਾਬਕ ਮੌਤ ਦੀ ਸਜ਼ਾ ਸਿਰਫ਼ ਨਿਆਰਿਆਂ ਵਿੱਚੋਂ ਨਿਆਰੇ ਮਾਮਲੇ ਵਿੱਚ ਦਿੱਤੀ ਜਾਂਦੀ ਹੈ। ਅਫ਼ਜ਼ਲ ਦੀ ਸਜ਼ਾ ਦੇ ਮਾਮਲੇ ਵਿੱਚ ਅਦਾਲਤ ਨੇ ਦਰਜ ਕੀਤਾ ਹੈ ਕਿ ਹਾਲਾਤ ਮੁਤਾਬਕ ਉਸ ਦੀ ਸੰਸਦ ਉੱਤੇ ਹਮਲੇ ਵਿੱਚ ਸ਼ਮੂਲੀਅਤ ਜਾਪਦੀ ਹੈ ਪਰ ਉਸ ਨੂੰ 'ਮੁਲਕ ਦੀ ਸਮੁੱਚੀ ਚੇਤਨਾ ਦੀ ਸੰਤੁਸ਼ਟੀ ਲਈ' ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਠੋਸ ਸਬੂਤ ਦੀ ਘਾਟ ਵਿੱਚ ਉਸ ਨੂੰ ਮੌਤ ਦੀ ਸਜ਼ਾ ਦੇਣ ਦਾ ਫ਼ੈਸਲਾ ਬਹਿਸ ਦਾ ਸਬੱਬ ਹੈ। ਇਸ ਪੱਖੋਂ ਅਦਾਲਤੀ ਕਾਰਵਾਈ ਉੱਤੇ ਸੁਆਲ ਕਰਨਾ ਸੰਵਿਧਾਨਕ ਹਕੂਕ ਦੇ ਘੇਰੇ ਵਿੱਚ ਆਉਂਦਾ ਹੈ। ਤੀਜਾ ਪੱਖ ਸਿਆਸੀ ਹੈ। ਕਈ ਸਿਆਸੀ ਧਿਰਾਂ ਅਤੇ ਸ਼ਹਿਰੀ-ਮਨੁੱਖੀ-ਜਮਹੂਰੀ ਹਕੂਕ ਜਥੇਬੰਦੀਆਂ ਦੀ ਦਲੀਲ ਰਹੀ ਹੈ ਕਿ ਠੋਸ ਸਬੂਤ ਦੀ ਘਾਟ ਕਾਰਨ ਅਫ਼ਜ਼ਲ ਨੂੰ ਮੌਤ ਦੀ ਸਜ਼ਾ ਦੇਣਾ ਹਾਲਾਤ ਨੂੰ ਖ਼ਰਾਬ ਕਰਨ ਦਾ ਕਾਰਨ ਬਣ ਸਕਦਾ ਹੈ। ਇਸ ਦਲੀਲ ਮੁਤਾਬਕ ਅਫ਼ਜ਼ਲ ਨੂੰ ਮੌਤ ਦੀ ਸਜ਼ਾ ਨਾ ਦੇ ਕੇ ਕਸ਼ਮੀਰ ਵਿੱਚ ਬੇਭਰੋਸਗੀ ਨੂੰ ਘੱਟ ਕੀਤਾ ਜਾ ਸਕਦਾ ਸੀ। ਇਸ ਦਲੀਲ ਦੇ ਹਵਾਲੇ ਨਾਲ ਅਫ਼ਜ਼ਲ ਦੀ ਚਰਚਾ ਲਗਾਤਾਰ ਹੋਣੀ ਹੈ। ਜਦੋਂ ਇਹ ਮਸਲੇ ਵਿਚਾਰੇ ਜਾਣਗੇ ਤਾਂ ਇਨ੍ਹਾਂ ਦੀ ਨੁਮਾਇੰਦਗੀ ਸਿਰਫ਼ ਕਿਤਾਬਾਂ ਜਾਂ ਬੰਦ ਕਮਰਿਆਂ ਤੱਕ ਮਹਿਦੂਦ ਨਹੀਂ ਹੋ ਸਕਦੀ। ਇਨ੍ਹਾਂ ਦੀ ਨੁਮਾਇੰਦਗੀ ਸਿਆਸੀ-ਸੱਭਿਆਚਾਰਕ ਅਤੇ ਵਿਦਵਾਨੀ ਪਿੜ ਵਿੱਚ ਹੋਣੀ ਹੈ ਅਤੇ ਇਸ ਦੀ ਗੁੰਜ਼ਾਇਸ਼ ਹੋਣੀ ਚਾਹੀਦੀ ਹੈ। ਜੇ ਭਾਜਪਾ ਨੂੰ ਜੰਮੂ-ਕਸ਼ਮੀਰ ਵਿੱਚ ਗੱਠਜੋੜ ਸਰਕਾਰ ਬਣਾਉਣਾ ਅਹਿਮ ਲੱਗਦਾ ਹੈ ਤਾਂ ਉਸ ਨੂੰ ਯੂਨੀਵਰਸਿਟੀਆਂ ਵਿੱਚ ਇਨ੍ਹਾਂ ਹੀ ਮਸਲਿਆਂ ਉੱਤੇ ਨਾਅਰੇਬਾਜ਼ੀ ਦੇਸ਼-ਧਰੋਹ ਕਿਉਂ ਜਾਪਦੀ ਹੈ?

ਪਾਕਿਸਤਾਨ ਦੇ ਪੱਖ ਵਿੱਚ ਲੱਗੇ ਨਾਅਰੇ ਬਹਿਸ ਦਾ ਕਾਰਨ ਬਣੇ ਹਨ ਅਤੇ ਇਨ੍ਹਾਂ ਨੂੰ ਦੇਸ਼-ਧਰੋਹ ਦਾ ਪੱਕਾ ਸਬੂਤ ਮੰਨ ਲਿਆ ਗਿਆ ਹੈ। ਇਹ ਕਿਸੇ ਨੂੰ ਪਸੰਦ ਹੋਵੇ ਜਾਂ ਨਾ ਪਰ ਭਾਰਤ ਅਤੇ ਪਾਕਿਸਤਾਨ ਗੁਆਂਢੀ ਮੁਲਕ ਹਨ। ਇਨ੍ਹਾਂ ਦਾ ਅਸਰ ਇੱਕ-ਦੂਜੇ ਉੱਤੇ ਹੋਣਾ ਹੈ। ਇਨ੍ਹਾਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ

(ਬਾਕੀ ਸਫ਼ਾ 29 'ਤੇ)

Commitment to Excellent Services
Punjab Insurance Inc
Pii Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca
Harbans Singh
416-817-7142

Century 21
Green Realty Inc. Brokerage
Each Office Independently Owned and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com

Metro Immigration.com
FOR 100% HONEST ADVICE
EXPRESS ENTRY $500
SPOUSAL VISA $750
VISITOR VISA $100
SUPER VISA $200
APPEALS $1000+$2000
PNP = REQUIRED NET WORTH (Assets) of $400,000 (2 crores) & INVEST $200,000
LMIA/AEO (Work Permit) 2X$750
20 YEARS OF SOLID EXPERIENCE
SURESH GUPTA
Licenced Immigration Practitioner
Member ICCRC
Head Office:
Tel: 905-673-1200
Brampton: 905-794-6003 Toronto: 416-840-7554

# ਭਗਤ ਸਿੰਘ ਦੀਆਂ ਲਾਹੌਰ ਵਿਚਲੀਆਂ ਯਾਦਾਂ











**ਹਰਜੀਤ ਬੇਦੀ**

ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜੀਵਨ ਨਾਲ ਲਾਹੌਰ ਦਾ ਬਹੁਤ ਕੁੱਝ ਜੁੜਿਆ ਹੋਇਆ ਹੈ । ਆਪਣੀ ਮੁਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕਰਕੇ ਉਸ ਨੇ ਲਾਹੌਰ ਦੇ ਡੀ ਏ ਵੀ ਸਕੂਤੋਂ ਸਕੂਲੀ ਵਿੱਦਿਆ ਪ੍ਰਾਪਤ ਕੀਤੀ। ਇੱਥੇ ਹੀ ਨੈਸ਼ਨਲ ਕਾਲਜ ਵਿੱਚ ਪੜ੍ਹ ਕੇ ਉਸਨੇ ਸ਼ਪਸ਼ਟ ਵਿਚਾਰਧਾਰਾ ਤੇ ਅਧਾਰਤ ਨੌਜਵਾਨ ਭਾਰਤ ਸਭਾ ਸਥਾਪਤ ਕੀਤੀ ਜਿਸਨੇ ਨੌਜਵਾਨਾਂ ਨੂੰ ਲਾਮਬੰਦ ਕਰਨ ਵਿੱਚ ਮੋਢੀ ਰੋਲ ਅਦਾ ਕੀਤਾ। ਲਾਹੌਰ ਵਿੱਚ ਕਿਲਾਨੁਮਾ ਇਮਾਰਤ ਵਿੱਚ ਸਥਿਤ ਸੁਪਰਡੈਂਟ ਪੁਲੀਸ ਦੇ ਦਫਤਰ ਸਾਹਮਣੇ ਉਹ ਨਿੰਮ ਦਾ ਦਰਖਤ ਹੈ ਜਿਸ ਦੇ ਪਿੱਛੇ ਖੜੋ ਕੇ ਭਗਤ ਸਿੰਘ ਤੇ ਉਸ ਦੇ ਸਾਥੀ ਸੁਖਦੇਵ ਨੇ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਸਮੇਂ ਪੁਲੀਸ ਕਪਤਾਨ ਜੇਮਜ਼ ਸਕਾਟ ਦਾ ਦਫਤਰੋਂ ਨਿਕਲਣ ਦਾ ਇੰਤਜਾਰ ਕੀਤਾ ਸੀ। ਪਰ ਉੱਪ ਪੁਲਸ ਕਪਤਾਨ ਸਾਂਡਰਸ, ਕਪਤਾਨ ਸਕਾਟ ਦੇ ਭੁਲੇਖੇ ਮਾਰਿਆ ਗਿਆ ਸੀ । ਭਗਤ ਸਿੰਘ ਤੇ ਸੁਖਦੇਵ ਗੌਰਮਿੰਟ ਕਾਲਜ ਵਿੱਚ ਜਾ ਕੇ ਭੀੜ ਵਿੱਚ ਅਲੋਪ ਹੋ ਗਏ ਸਨ। ਇਸ ਦਰਖਤ ਦੇ ਪਿੱਛੇ ਗੌਰਮਿੰਟ ਇਸਲਾਮੀਆਂ ਕਾਲਜ ਦੀ ਬਿਲਡਿੰਗ ਹੈ ਜਿਸ ਤੇ ਹਿੰਦੂ ਭਵਨ-ਕਲਾ ਦੀ ਝਲਕ ਸਾਫ ਦਿਖਾਈ ਦਿੰਦੀ ਹੈ । ਵੰਡ ਤੋਂ ਪਹਿਲਾਂ ਦੇ ਲਾਹੌਰ ਵਿੱਚ ਇਸ ਵਿੱਚ ਸਨਾਤਨ ਧਰਮ ਕਾਲਜ ਹੁੰਦਾ ਸੀ ।

ਉਹਨਾਂ ਦਿਨਾਂ ਵਿੱਚ ਲਾਹੌਰ ਵਿੱਦਿਅਕ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ । ਗੌਰਮਿੰਟ ਕਾਲਜ ਤੋਂ ਅੱਗੇ ਹੀ ਪੰਜਾਬ ਯੂਨੀਵਰਸਿਟੀ ਹੈ। ਜਿਸ ਤੇ "ਜਮਾਇਤ" ਦਾ ਵਿਦਿਆਰਥੀਆਂ ਦੇ ਹੋਸਟਲ ਅਤੇ ਯੂਨੀਵਰਸਿਟੀ ਕੈਂਪਸ ਤੇ ਕਬਜ਼ਾ ਹੈ। ਜਮਾਇਤ ਇਸਲਾਮਿਕ ਰਾਜਨੀਤਕ ਸੰਸਥਾ ਜਮਾਇਤ-ਏ-ਇਸਲਾਮੀ ਦਾ ਵਿਦਿਆਰਥੀ ਵਿੰਗ ਹੈ । ਇੱਥੇ ਪਿਛਲੇ ਸਮੇਂ ਵਿੱਚ ਵਾਈਸ ਚਾਂਸਲਰ ਤੇ ਪ੍ਰੋਫੈਸਰਾਂ ਤੇ ਹਮਲੇ ਹੋਏ ਸਨ। ਹੁਣ ਇਹ ਸਿੱਧੇ ਤੌਰ ਤੇ ਇਸ ਗਰੁੱਪ ਦੇ ਅਧੀਨ ਚੱਲ ਰਹੇ ਹਨ। ਜਮਾਇਤ ਦਾਖਲੇ ਸਮੇਂ ਆਪਣੇ ਸਟਾਲ ਲਾਉਂਦੀ ਹੈ। ਇਸ ਦੇ ਮੈਂਬਰ ਹਥਿਆਰਬੰਦ ਹੁੰਦੇ ਹਨ ਤੇ ਇਹ ਮੰਨਿਆ ਜਾਂਦਾ ਹੈ ਕਿ ਉਹਨਾਂ ਦੇ ਅੱਤਵਾਦੀ ਸੰਗਠਨਾਂ ਨਾਲ ਸਬੰਧ ਹਨ । ਯੂਨੀਵਰਸਿਟੀ ਕੈਂਪਸ ਮਿਲਟਰੀ ਕੈਂਪ ਦਾ ਭੁਲੇਖਾ ਪਾਉਂਦਾ ਹੈ ।

ਭਾਰਤ ਵਿੱਚ ਵਿਦਿਆਰਥੀ ਰਾਜਨੀਤੀ ਦਾ ਸੰਕਲਪ ਵੀਹਵੀਂ ਸਦੀ ਦੇ ਮੁੱਢ ਵਿੱਚ ਲੱਗਪੱਗ ਭਗਤ ਸਿੰਘ ਦੇ ਵਿਦਿਆਰਥੀ ਜੀਵਨ ਸਮੇਂ ਹੀ ਆਇਆ ਸੀ । ਰੂਸੀ ਇਨਕਲਾਬ ਨੇ ਭਾਰਤ ਦੀ ਉਸ ਸਮੇਂ ਦੀ ਨੌਜਵਾਨ ਪੀੜ੍ਹੀ ਤੇ ਬਹੁਤ ਅਸਰ ਪਾਇਆ ਅਤੇ ਯੁਵਕਾਂ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਮਹੱਤਵਪੂਰਨ ਰੋਲ ਨਿਭਾਇਆ। ਭਗਤ ਸਿੰਘ ਸਾਹਿਤ ਪੜ੍ਹਨ ਵਿੱਚ ਬਹੁਤ ਦਿਲਚਸਪੀ ਰਖਦਾ ਸੀ। ਭਗਤ ਸਿੰਘ ਦੇ ਵਿਚਾਰ ਇਸ ਅਧਿਅਨ ਕਾਰਨ ਹੀ ਬੜੇ ਸਪਸ਼ਟ ਸਨ । ਉਸ ਨੇ ਕਿਹਾ ਸੀ, "ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ , ਉਸ ਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਏ"। ਭਗਤ ਸਿੰਘ ਇਸ ਘਟਨਾ-ਕ੍ਰਮ ਵਿੱਚੋਂ ਹੀ ਉੱਭਰ ਕੇ ਸਾਹਮਣੇ ਆਇਆ। ਵਿਦਿਆਰਥੀ ਸਿਆਸਤ ਵਿੱਚ ਸ਼ਮੂਲੀਅਤ ਨਾਲ ਹੀ ਉਸ ਨੇ ਰਾਜਨੀਤੀ ਵਿੱਚ ਕੌਮੀ ਪੱਧਰ ਦੀ ਹੈਸੀਅਤ ਦਾ ਦਰਜਾ ਪ੍ਰਾਪਤ ਕੀਤਾ। ਆਜਾਦੀ ਤੋਂ ਬਾਦ ਵੀ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਨੇ ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਦੇਸ਼ਾ ਦੀ ਸਿਆਸਤ ਵਿੱਚ ਮੋਹਰੀ ਰੋਲ ਨਿਭਾਇਆ ਹੈ । ਪਰ ਸੱਤਰਵੇਂ ਦਹਾਕੇ ਦੇ ਅੰਤ ਤੇ ਇਸਲਾਮੀਕਰਨ ਹੋਣਾ ਸ਼ੁਰੂ ਹੋ ਗਿਆ। ਜਮਾਇਤ-ਏ-ਇਸਲਾਮੀ ਇੱਕ ਸ਼ਕਤੀਸ਼ਾਲੀ ਤਾਕਤ ਬਣ ਗਈ। ਮੂਲਵਾਦੀਆ ਨੇ ਕਾਲਜਾਂ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਆਪਣੀ ਜਕੜ ਮਜਬੂਤ ਕਰ ਲਈ।

ਸੁਪਰਡੈਂਟ ਪੁਲੀਸ ਦੇ ਦਫਤਰ ਦੇ ਨੇੜੇ ਹੀ ਬਰੈਡਲੇ ਹਾਲ ਹੈ ਜਿਹੜਾ ਕਦੇ ਨੈਸ਼ਨਲ ਕਾਲਜ ਹੁੰਦਾ ਸੀ। ਇੱਥੇ ਹੀ ਭਗਤ ਸਿੰਘ ਦੀ ਮੁਲਾਕਾਤ ਉਸਦੇ ਦੋਸਤਾਂ ਸੁਖਦੇਵ ਤੇ ਯਸ਼ਪਾਲ ਨਾਲ ਹੋਈ ਸੀ। ਇੱਥੇ ਪੜ੍ਹਦਿਆਂ ਹੀ ਉਹ ਭਾਰਤ ਦੀ ਆਜ਼ਾਦੀ ਲਹਿਰ ਦੇ ਚੋਟੀ ਦੇ ਲੀਡਰਾਂ ਨੂੰ ਮਿਲਿਆ ਤੇ ਉਹਨਾਂ ਦੇ ਵਿਚਾਰ ਸੁਣੇ । ਇਸ ਕਾਲਜ ਦੀ ਸਥਾਪਨਾ ਲਾਲਾ ਲਾਜਪਤ ਰਾਏ ਨੇ ਕੀਤੀ ਸੀ ਤੇ ਬਹੁਤ ਸਾਰੀਆਂ ਸਿਆਸੀ ਸਖਸ਼ੀਅਤਾਂ ਨੂੰ ਇੱਥੇ ਅਕਸਰ ਬ੍ਰਿਟਿਸ਼ ਬਸਤੀਵਾਦ ਅਤੇ ਭਾਰਤ ਦੀ ਆਜ਼ਾਦੀ ਬਾਰੇ ਲੈਕਚਰ ਕਰਨ ਲਈ ਬੁਲਾਇਆ ਜਾਂਦਾ ਸੀ। ਪਰ੍ਹ ਹਣ ਇਹ ਇਮਾਰਤ ਸੁੰਨਸਾਨ ਹੈ ਤੇ ਇਸ ਨੂੰ ਤਾਲਾ ਲੱਗਾ ਹੋਇਆ ਹੈ। ਇਸ ਹਾਲ ਵਿੱਚ ਬਣੀ ਉਹ ਸਟੇਜ ਜਿਸ ਤੋਂ ਭਗਤ ਸਿੰਘ ਆਜ਼ਾਦੀ ਦੇ ਗੀਤ ਗਾਇਆ ਕਰਦਾ ਸੀ ਪਿਛਲੇ ਕਾਫੀ ਸਮੇਂ ਤੋਂ ਢਹਿ ਚੁੱਕੀ ਹੈ। ਇਸ ਦਾ ਪਰਬੰਧ ਅੱਜ ਕੱਲ੍ਹ ਸਰਕਾਰ ਦੁਆਰਾ ਚਲਾਏ ਜਾ ਰਹੇ ਟਰੱਸਟ ਕੋਲ ਹੈ ਜੋ ਗੈਰ ਮੁਸਲਿਮ ਲੋਕਾਂ ਦੁਆਰਾ ਛੱਡੀਆਂ ਜਾਇਦਾਦਾਂ ਦੀ ਦੇਖਭਾਲ ਕਰਦਾ ਹੈ। ਇਸ ਤੇ ਬੋਰਡ ਦੇ ਕਬਜ਼ੇ ਤੋਂ ਪਹਿਲਾਂ ਇਸ ਨੂੰ ਗੁਦਾਮ, ਸਟੀਲ ਮਿੱਲ ਅਤੇ ਤਕਨੀਕੀ ਸਿੱਖਿਆ ਸੰਸਥਾ ਦੇ ਤੌਰ ਤੇ ਵਰਤਿਆ ਜਾਂਦਾ ਰਿਹਾ ਹੈ । ਇਹ ਹਾਲ ਭਗਤ ਸਿੰਘ ਹੋਰਾਂ ਦੀਆਂ ਸਰਗਰਮੀਆਂ ਦਾ ਪਰਮੁੱਖ ਕੇਂਦਰ ਹੁੰਦਾ ਸੀ। ਸੰਨ 1931 ਵਿੱਚ ਭਗਤ ਸਿੰਘ ਦੀ ਸ਼ਹਾਦਤ ਤੋਂ ਬਾਦ ਭਗਤ ਸਿੰਘ ਦੇ ਮਾਂ ਬਾਪ ਕੁੱਝ ਸਮਾਂ ਇਸ ਹਾਲ ਦੇ ਨੇੜੇ ਰਹਿੰਦੇ ਰਹੇ ਸਨ ਅਤੇ ਉਹ ਰੋਜ਼ ਸਵੇਰੇ ਇਸ ਹਾਲ ਦੇ ਬਾਹਰ ਬੈਠ ਕੇ ਭਗਤ ਸਿੰਘ ਦੇ ਪ੍ਰਸ਼ੰਸਕਾ ਨੂੰ ਮਿਲਦੇ ਸਨ।

ਲਾਹੌਰ ਵਿੱਚ ਜਿੱਥੇ ਜੇਲ੍ਹ ਰੋਡ ਤੇ ਫਿਰੋਜ਼ਪੁਰ ਰੋਡ ਮਿਲਦੀਆਂ ਹਨ ਸ਼ਾਮਦਾਨ ਚੌਕ ਹੈ । ਇੱਥੇ ਇੱਕ ਬੋਰਡ ਉੱਪਰ ਲਾਲ ਪੇਂਟ ਨਾਲ ਅੰਗਰੇਜੀ ਤੇ ਉਰਦੂ ਵਿੱਚ "ਭਗਤ ਸਿੰਘ ਚੌਕ" ਲਿਖਿਆ ਹੋਇਆ ਹੈ । ਇਸ ਚੌਕ ਦੇ ਨਾਲ ਲਗਦੀ ਜੇਲ੍ਹ ਦੀ ਚਾਰਦੀਵਾਰੀ ਹੈ ਜਿੱਥੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਜੇਲ੍ਹ ਵਿੱਚ ਰੱਖਣ ਤੋਂ ਬਾਦ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ । ਖੱਬੇ ਪੱਖੀ ਸੰਸਥਾਵਾਂ ਦੇ ਮੈਂਬਰਾਂ ਨੇ ਭਗਤ ਸਿੰਘ ਦੀ ਯਾਦ ਵਿੱਚ ਇਕੱਠੇ ਹੋਕੇ ਇਸ ਚੌਕ ਦਾ ਨਾਂ ਸਰਕਾਰੀ ਤੌਰ ਤੇ "ਭਗਤ ਸਿੰਘ ਚੌਕ" ਰੱਖਣ ਦੀ ਮੰਗ ਕੀਤੀ । ਆਮ ਲੋਕਾਂ ਦੇ ਦਿਲਾਂ ਵਿੱਚ ਭਗਤ ਸਿੰਘ ਦੀ ਦੇਸ਼ ਦੀ ਆਜ਼ਾਦੀ ਲਈ ਦਿੱਤੀ ਸ਼ਹਾਦਤ ਪ੍ਰਤੀ ਸਤਿਕਾਰ ਹੋਣ ਕਰਕੇ ਇਹ ਲਹਿਰ ਛੇਤੀ ਹੀ ਜੋਰ ਫੜ ਗਈ । ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਵਸ ਤੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਲੋਕ ਇਹ ਮੰਗ ਦੁਹਰਾਉਂਦੇ। ਮੀਡੀਏ ਨੇ ਇਸਦਾ ਪੂਰਾ ਨੋਟਿਸ ਲਿਆ। ਅੰਤ ਵਿੱਚ ਸਰਕਾਰ ਨੇ ਇਸ ਚੌਕ ਦਾ ਨਾਂ ਸ਼ਾਮਦਾਨ ਚੌਕ ਤੋਂ ਬਦਲ ਕੇ ਭਗਤ ਸਿੰਘ ਚੌਕ ਰੱਖਣ ਦਾ ਫੈਸਲਾ ਕਰ ਲਿਆ। ਪਰ ਵਿਡੰਬਨਾਂ ਇਹ ਰਹੀ ਕਿ ਨੇੜੇ ਦੀ ਮਾਰਕੀਟ ਦੇ ਵਪਾਰੀ ਤਬਕੇ ਨੇ ਇਸ ਫੈਸਲੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ । ਇਸ ਨਾਲ ਹੀ ਜਮਾਤ-ਉਤ-ਦਾਵਾ ਜਿਹੜੀ ਕਿ ਲਸ਼ਕਰੇ-ਤੋਇਬਾ ਨੂੰ ਫੰਡ ਮੁਹੱਈਆ ਕਰਨ ਦਾ ਵਿੰਗ ਹੈ, ਹਰਕਤ ਵਿੱਚ ਆ ਗਈ । ਉਹਨਾਂ ਨੇ ਇਹ ਉਜ਼ਰ ਕੀਤਾ ਕਿ ਭਗਤ ਸਿੰਘ ਇੱਕ ਸਿੱਖ ਸੀ ਤੇ ਪਾਕਸਤਾਨ ਦੀ ਜਮੀਨ ਤੇ ਬਣੇ ਇਸ ਚੌਕ ਦਾ ਨਾਂ ਕਿਸੇ ਗੈਰ-ਮੁਸਲਿਮ ਦੇ ਨਾਂ ਤੇ ਹਰਗਿਜ ਨਹੀਂ ਰੱਖਣਾ ਚਾਹੀਦਾ । ਇਸ ਤੇ ਸਰਕਾਰ ਨੇ ਆਪਣਾ ਫੈਸਲਾ ਵਾਪਸ ਲੈ ਲਿਆ। ਭਾਰਤ ਦੀ ਵੰਡ ਨੇ ਲੋਕਾਂ ਦੀ ਮਾਨਸਿਕਤਾ ਤੇ ਇਸ ਕਦਰ ਬੁਰਾ ਅਸਰ ਪਾਇਆ ਸੀ ਕਿ ਵਿਚਾਰਧਾਰਾਵਾਂ ਅਤੇ ਰਾਜਨੀਤਕ ਪਾਰਟੀਆਂ ਧਰਮਦੇ ਨਾਂ ਤੇ ਵੰਡੇ ਗਏ। ਜਦੋਂ ਕਿ ਸੱਚ ਇਹ ਸੀ ਕਿ ਭਗਤ ਸਿੰਘ ਐਲਾਨੀਆਂ ਨਾਸਤਿਕ ਸੀ ਤੇ ਉਸ ਲਈ ਹਰ ਮਨੁੱਖ ਇੱਕ ਮਨੁੱਖ ਸੀ ਇਨਸਾਨ ਸੀ। ਭਗਤ ਸਿੰਘ ਦੇ ਜੀਵਨ ਭਰ ਕੀਤੇ ਸੰਘਰਸ਼, ਉਸਦੀ ਵਿਚਾਰਧਾਰਾ ਅਤੇ ਕੁਰਬਾਨੀ ਉਸਦੇ ਸਿੱਖ ਪਰਿਵਾਰ ਵਿੱਚ ਪੈਦਾ ਹੋਣ ਤੇ ਉਸ ਦੇ ਨਾਂ ਨਾਲ ਸਿੰਘ ਲੱਗਾ ਹੋਣ ਦੀ ਭੇਟ ਚੜ੍ਹ ਗਏ ਤੇ ਚੌਕ ਦਾ ਨਾਂ ਭਗਤ ਸਿੰਘ ਦੇ ਨਾਂ ਤੇ ਨਾ ਰੱਖਿਆ ਗਿਆ ਜਦੋਂ ਕਿ ਪਾਕਿਸਤਾਨ ਦੀ ਆਮ ਜਨਤਾ ਉਸ ਦੀ ਬਹੁਤ ਵੱਡੀ ਪ੍ਰਸ਼ੰਸ਼ਕ ਹੈ। ਉਸ ਦੀ ਕੁਰਬਾਨੀ ਦੀ ਕਾਇਲ ਹੈ ਤੇ ਉਹ ਉਹਨਾਂ ਲਈ ਆਜ਼ਾਦੀ ਦੀ ਲੜਾਈ ਦਾ ਹੀਰੋ ਹੈ।

ਇਹ ਗੱਲ ਦਿਮਾਗ ਵਿੱਚ ਆਉਂਦੀ ਹੈ ਕਿ ਜੇ ਭਗਤ ਸਿੰਘ ਆਜ਼ਾਦੀ ਸਮੇਂ ਜਿੰਦਾ ਹੁੰਦਾ ਤਾ ਕੀ ਉਸ ਨੂੰ ਪਾਕਿਸਤਾਨ ਵਿੱਚ ਰਹਿ ਗਏ ਆਪਣੇ ਪੁਰਖਿਆਂ ਦੇ ਪਿੰਡ ਵਿੱਚ ਰਹਿਣਾ ਮਿਲਦਾ ? ਉਸ ਕਾਲੇ ਸਮੇਂ ਵਿੱਚ ਉਸ ਦੇ ਨਾਂ ਨੂੰ ਹੀ ਮੂਹਰੇ ਰੱਖਿਆ ਜਾਣਾ ਸੀ ਨਾਂਕਿ ਉਸਦੀ ਵਿਚਾਰਧਾਰਾ ਤੇ ਸਿਆਸੀ ਸੋਚ ਨੂੰ । ਉਸ ਦੇ ਨਾਂ ਨਾਲ ਸਿੰਘ ਲੱਗਿਆ ਹੋਣ ਕਰ ਕੇ ਉਸ ਨੂੰ ਜਰੂਰ ਹੀ ਹਿੰਦੁਸਤਾਨ ਵਿੱਚ ਜਾਣ ਲਈ ਮਜ਼ਬੂਰ ਕੀਤਾ ਜਾਣਾ ਸੀ । ਧਰਮ ਦੇ ਨਾਂ ਤੇ ਭਾਰਤ ਦੀ ਹੋਈ ਇਹ ਵੰਡ ਮਨੁੱਖਤਾ ਲਈ ਬਹੁਤ ਵੱਡਾ ਸੰਤਾਪ ਸਿੱਧ ਹੋਈ ਹੈ ।

ਲਾਹੌਰ ਤੋਂ 150 ਕਿੱਲੋਮੀਟਰ ਦੀ ਦੂਰੀ ਤੇ ਉਸਦੇ ਪੁਰਖਿਆਂ ਦਾ ਪਿੰਡ ਬੰਗਾ (ਚੱਕ ਨੰਬਰ 105) ਸਥਿਤ ਹੈ । ਜਿਸ ਘਰ ਵਿੱਚ ਭਗਤ ਸਿੰਘ ਨੇ ਆਪਣਾ ਬਚਪਨ ਗੁਜਾਰਿਆ ਸੀ ਓਸ ਵਿੱਚ ਅੱਜ ਕੱਲ੍ਹ ਇੱਕ ਵਕੀਲ ਰਹਿ ਰਿਹਾ ਹੈ। ਘਰ ਦੇ ਵਿਹੜੇ ਵਿੱਚ ਬੇਰੀ ਦਾ ਇੱਕ ਦਰਖਤ ਹੈ। ਜਿਸ ਬਾਰੇ ਕਿਹਾ ਜਾਂਦਾ ਹੈ ਕਿ ਭਗਤ ਸਿੰਘ ਨੇ ਇਸ ਨੂੰ ਲਾਇਆ ਸੀ। ਪਿੰਡ ਦੇ ਜਿਸ ਸਕੂਲ ਵਿੱਚ ਭਗਤ ਸਿੰਘ ਨੇ ਪ੍ਰਇਮਰੀ ਪਾਸ ਕੀਤੀ ਸੀ ਉਹ ਖੰਡਰ ਦਾ ਰੂਪ ਧਾਰਨ ਕਰ ਚੁੱਕਾ ਹੈ। ਉਸ ਦੀ ਛੱਤ ਬਿੱਲਕੁੱਲ ਡਿੱਗ ਚੁੱਕੀ ਹੈ। ਬਿਨਾਂ ਛੱਤ ਵਾਲੇ ਉਸ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਧੁੱਪੇ ਹੀ ਬੈਠਣਾ ਪੈਂਦਾ ਹੈ। ਉਹਨਾਂ ਨੂੰ ਇੱਥੇ ਬਚਪਨ ਵਿੱਚ ਹੀ ਦੇਸ਼ ਭਗਤੀ ਦਾ ਪਾਠ ਪੜ੍ਹਾਉਂਦਿਆਂ ਉਹਨਾਂ ਵਿੱਚ ਧਾਰਮਿਕਕੱਟੜਤਾ ਦੇ ਬੀਅ ਬੀਜ ਦਿੱਤੇ ਜਾਂਦੇ ਹਨ। ਉਹਨਾਂ ਨੂੰ ਅਗਲੇ ਜਨਮ ਵਿੱਚ ਬਹਿਸ਼ਤ ਵਿੱਚ ਬਾਦਸ਼ਾਹ ਬਣਨ ਦਾ ਲਾਲਚ ਦੇ ਕੇ ਮੂਲਵਾਦੀ ਬਣਾਇਆ ਜਾਂਦਾ ਹੈ । ਇਸ ਢੰਗ ਨਾਲ ਉਸ ਦੇ ਆਪਣੇ ਹੀ ਪਿੰਡ ਵਿੱਚ ਉਸ ਨਾਲ ਨਫਰਤ ਕਰਨੀ ਸਿਖਾਈ ਜਾਂਦੀ ਹੈ । ਭਗਤ ਸਿੰਘ ਨੇ ਬਿੱਲਕੁੱਲ ਠੀਕ ਕਿਹਾ ਸੀ, "ਹੁਣ ਤੱਕ ਮੌਜੂਦ ਸਾਰੇ ਧਰਮਾਂ ਨੇ ਮਨੁਖਾਂ ਨੂੰ ਇੱਕ ਦੂਜੇ ਤੋਂ ਜੁਦਾ ਕੀਤਾ ਤੇ ਲਤਾੜਿਆ ਹੈ। ਦੁਨੀਆਂ ਵਿੱਚਹੁਣ ਤੱਕ ਜਿੰਨਾ ਖੂਨ ਖਰਾਬਾ ਧਰਮ ਦੇ ਠੇਕੇਦਾਰਾਂ ਨੇ ਕੀਤਾ ਹੈ ਉਨਾ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਸੱਚੀ ਗੱਲ ਤਾਂ ਇਹ ਕਿ ਧਰਤੀ ਦੇ ਸਵਰਗ ਨੂੰ ਧਰਮ ਦੀ ਓਟ ਲੈ ਕੇ ਹੀ ਉਜਾੜਿਆ ਗਿਆ ਹੈ"। ਇਸ ਦੇ ਨਾਲ ਹੀ ਭਗਤ ਸਿੰਘ ਨੇ ਇਹ ਵੀ ਕਿਹਾ ਸੀ , "ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਉਹਨਾਂ ਨੂੰ ਨਫਰਤ ਕਰਨੀ ਸਿਖਾਵੇ, ਅੰਧ-ਵਿਸ਼ਵਾਸ਼ਾਂ ਨੂੰ ਉਤਸਾਹਿਤ ਕਰ ਕੇ, ਲੋਕਾਂ ਦੇ ਬੌਧਿਕ ਵਿਕਾਸ ਚ ਰੁਕਾਵਟ ਬਣੇ, ਦਿਮਾਗਾਂ ਨੂੰ ਖੁੰਢਾ ਕਰੇ ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ"।

(ਐਚ ਖਾਲਿਦ ਦੇ ਧੰਨਵਾਦ ਸਹਿਤ )

# ਡਾਕਟਰੀ ਦਾ ਪਵਿੱਤਰ ਪੇਸ਼ਾ ਤੇ ਡਰ ਦਾ ਧੰਦਾ



**ਡਾ. ਅਜੀਤਪਾਲ ਸਿੰਘ ਐਮ. ਡੀ.**

ਬੀਤੇ ਸਤੰਬਰ ਮਹੀਨੇ ਦੀ ਗੱਲ ਹੈ ਕਿ ਇਕ ਪੱਤਰਕਰ ਸੁਮਨ ਕੁਮਾਰ ਨੂੰ ਆਪਣੇ 84 ਸਾਲਾ ਬਜ਼ੁਰਗ ਪਿਤਾ ਨੂੰ ਦਿਲ ਸਬੰਧੀ ਕੁਝ ਪ੍ਰੇਸ਼ਾਨੀਆਂ ਕਾਰਨ ਦਿੱਲੀ ਦੇ ਸ਼ਾਲੀਮਾਰ ਬਾਗ ਸਥਿਤ ਇਕ ਡਾਕਟਰ ਕੋਲ ਲੈ ਜਾਣਾ ਪਿਆ। ਡਾਕਟਰ ਨੇ ਸ਼ੁਰੂਆਤੀ ਜਾਂਚ ਕੀਤੀ ਤੇ ਪਹਿਲਾਂ ਦੀ ਇਕ ਰਿਪੋਰਟ ਵੇਖੀ ਅਤੇ ਕਿਹਾ ਕਿ ਫੌਰਨ ਏਂਜਿਓਪਲਾਸਟੀ ਕਰਨੀ ਪਵੇਗੀ ਅਤੇ ਇਕ ਸਟੰਟ ਨਾਲ ਕੰਮ ਚਲ ਜਾਵੇਗਾ। ਇਹੀ ਨਹੀਂ, ਤਿੰਨ ਮਹੀਨੇ ਪੁਰਾਣੀ ਇਕ ਰਿਪੋਰਟ ਵੇਖ ਕੇ ਉਨ੍ਹਾਂ ਨੇ ਪੱਤਰਕਾਰ ਨੂੰ ਕਿਹਾ "ਇਨ੍ਹਾਂ ਨੂੰ ਤਾਂ ਇਕ ਵਾਰੀ ਦਿਲ ਦਾ ਦੌਰਾ ਪੈ ਵੀ ਚੁੱਕਿਆ, ਫੇਰ ਕਰਨ ਨਾਲ ਖਤਰਾ ਵਧ ਜਾਵੇਗਾ।' ਸੁਭਾਵਿਕ ਹੀ ਹੈ ਕਿ ਅਜਿਹੀ ਹਾਲਤ ਵਿਚ ਕੋਈ ਵੀ ਡਰ ਜਾਵੇਗਾ ਪਰ ਇਸ ਪੱਤਰਕਾਰ ਨੇ ਦੂਜੇ ਡਾਕਟਰ ਦੀ ਸਲਾਹ ਲੈਣ ਦਾ ਫੈਸਲਾ ਕਰ ਲਿਆ। ਦੂਜੇ ਡਾਕਟਰ ਕਾਫ਼ੀ ਸਾਲਾਂ ਤੋਂ ਵਾਕਿਫ਼ ਸਨ। ਸਾਰੀਆਂ ਰਿਪੋਰਟ ਦੇਖਣ ਪਿਛੋ ਉਨ੍ਹਾਂ ਨੇ ਕੁਝ ਦਵਾਈ ਦਿੱਤੀ ਅਤੇ 15 ਦਿਨ ਪਿਛੋਂ ਫਿਰ ਬੁਲਾਇਆ। 15 ਦਿਨ ਪਿਛੋਂ ਉਨ੍ਹਾਂ ਨੇ ਕਿਹਾ, "ਇਹ ਤਾਂ ਸਹੀ ਹੈ ਕਿ ਦਿਲ ਦੀ ਹਾਲਤ ਖਰਾਬ ਹੈ ਪਰ ਏਂਜਿਓਪਲਾਸਟੀ ਦੀ ਲੋੜ ਨਹੀਂ ਹੈ।' ਇਕ ਛੋਟੀ ਜਿਹੀ ਮਿਸਾਲ ਹੈ ਇਹ ਘਟਨਾ ਕਿ ਡਾਕਟਰੀ ਦੇ ਪੇਸ਼ੇ ਵਿਚ ਮਰੀਜ਼ਾਂ ਨੂੰ ਡਰਾ ਕੇ ਖਰਚੀਲਾ ਇਲਾਜ ਤੇ ਬੇਲੋੜੀ ਜਾਂਚ ਕਰਵਾਉਣ ਲਈ ਕਿਸ ਤਰ੍ਹਾਂ ਮਜ਼ਬੂਰ ਕੀਤਾ ਜਾਂਦਾ ਹੈ। ਪਿਛਲੇ ਦਿਨੀਂ ਦਿੱਲੀ ਸਰਕਾਰ ਨੇ ਡਾਕਟਰ ਨਰੇਸ਼ ਤ੍ਰੇਹਨ ਵਰਗੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਸਰਜਨ ਵਲੋਂ ਜਾਰੀ ਕੀਤੀਆਂ ਗਈਆਂ ਫੇਫੜਿਆਂ ਦੀ ਦੋ ਤਸਵੀਰਾਂ ਦੇ ਸਹਾਰੇ ਇਸ਼ਤਿਹਾਰ ਜਾਰੀ ਕੀਤਾ ਅਤੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਅੱਧਖੜ ਉਮਰ ਦੇ ਆਮ ਹਿਮਾਚਲੀ ਦੇ ਮੁਕਾਬਲੇ ਦਿਲ ਦੇ ਅੱਧਖੜ ਉਮਰ ਦੇ ਲੋਕਾਂ ਦੇ ਫੇਫੜੇ ਕਾਲੇ ਪੈ ਚੁੱਕੇ ਹਨ। ਇਸ ਨੂੰ ਵੀ ਡਰ ਦੇ ਇਸ ਧੰਦੇ ਦਾ ਵਿਸਥਾਰ ਮੰਨਿਆ ਗਿਆ। ਹਾਲਾਂਕਿ ਇਹ ਇਸ਼ਤਿਹਾਰ ਦਿੱਲੀ 'ਚ ਪ੍ਰਦੂਸ਼ਣ ਦੀ ਖਰਾਬ ਹਾਲਤ ਦੱਸਣ ਲਈ ਜਾਰੀ ਕੀਤਾ ਗਿਆ ਸੀ ਪਰ ਇਹ ਸਵਾਲ ਲਾਜ਼ਮੀ ਹੈ ਕਿ ਕਿ ਕੀ ਦਿੱਲੀ 'ਚ ਹਰ ਵਿਅਕਤੀ ਦਾ ਫੇਫੜਾ ਉਨਾਂ ਹੀ ਕਾਲਾ ਪੈ ਚੁੱਕਿਆ ਹੈ? ਸੁਭਾਵਿਕ ਤੌਰ 'ਤੇ ਇਸ ਦਾ ਜਵਾਬ ਨਾਂਹ ਵਿਚ ਹੈ ਅਤੇ ਗੱਲਬਾਤ ਸਮੇਂ ਡਾਕਟਰ ਤ੍ਰੇਹਨ ਖੁਦ ਵੀ ਮੰਨਦੇ ਹਨ ਕਿ ਸਭ ਦੇ ਫੇਫੜੇ ਉਨੇ ਖ਼ਰਾਬ ਨਹੀਂ ਹੋ ਸਕਦੇ ਪਰ ਉਹ ਇਸ ਇਸ਼ਤਿਹਾਰ ਦੇ ਇਹ ਕਹਿੰਦੇ ਹੋਇਆਂ ਬਚਾਅ ਕਰਦੇ ਹਨ ਕਿ ਇਕ ਵੱਡੇ ਮਕਸਦ ਲਈ ਇਹ ਜਾਰੀ ਕੀਤਾ ਗਿਆ ਹੈ ਅਤੇ ਇਸ ਨਾਲ ਡਰ ਕੇ ਵੀ ਜੇ ਲੋਕ ਗੱਡੀਆਂ ਵਰਤਣ ਤੋਂ ਤੋਬਾ ਕਰਦੇ ਹਨ ਅਤੇ ਕਾਰ ਪੂਲਿੰਗ ਵਰਗੇ ਉਪਾਅ ਅਪਣਾਉਂਦੇ ਹਨ ਤਾਂ ਇਸ ਨਾਲ ਸਮਾਜ ਦਾ ਦੋਹਰਾ ਭਲਾ ਹੋਵੇਗਾ ਅਤੇ ਗੱਡੀਆਂ ਸੜਕਾਂ 'ਤੇ ਘੱਟ ਨਿਕਲਣੀਆਂ, ਦੂਜਾ ਲੋਕਾਂ ਵਿਚਾਲੇ ਆਪਸੀ ਸੰਬੰਧ ਮਜ਼ਬੂਤ ਹੋਵੇਗਾ। ਡਾਕਟਰ ਤ੍ਰੇਹਨ ਆਪਣੀ ਜਗ੍ਹਾ ਠੀਕ ਹੋ ਸਕਦੇ ਹਨ ਪਰ ਇਸ ਗੱਲ ਤੋਂ ਕੋਈ ਨਾਂਹ ਨਹੀਂ ਕਰ ਸਕਦਾ ਕਿ ਦੇਸ਼ ਵਿਚ ਡਾਕਟਰੀ ਇਲਾਜ ਦੇ ਪੇਸ਼ੇ ਵਿਚ ਡਰ ਦਾ ਇਕ ਬੇਲੋੜਾ ਮਾਹੌਲ ਬਣਾਇਆ ਜਾ ਰਿਹਾ ਹੈ। ਕਾਰਪੋਰੇਟ ਹਸਪਤਾਲ ਆਪਣੇ ਡਾਕਟਰਾਂ ਨੂੰ ਮੋਟੀ ਤਨਖਾਹ ਦਿੰਦੇ ਹਨ ਪਰ ਲੋਕਾਂ ਨੂੰ ਇਹ ਨਹੀਂ ਪਤਾ ਕਿ ਇਸ ਤਨਖਾਹ ਦੀ ਪੂਰਤੀ ਕੀਤੀ ਕਿਵੇਂ ਜਾਂਦੀ ਹੈ। ਦਿੱਲੀ ਸਥਿਤ ਹਾਰਟ ਇੰਸਟੀਚਿਊਟ ਦੇ ਸੀ.ਈ.ਓ. ਅਤੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਸਰਜਨ ਡਾ. ਓ. ਪੀ. ਯਾਦਵ ਕਹਿੰਦੇ ਹਨ ਕਿ ਕਈ ਕਾਰਪੋਰੇਟ ਹਸਪਤਾਲਾਂ 'ਚ ਡਾਕਟਰਾਂ ਨੂੰ ਰੋਜ਼ਾਨਾ ਦੀ ਕਮਾਈ ਦਾ ਟੀਚਾ ਦਿੱਤਾ ਜਾਂਦਾ ਹੈ। ਆਊਟ ਡੋਰ ਵਿਭਾਗ ਦੇ ਹਰ ਕਮਰੇ, ਹਰ ਅਪ੍ਰੇਸ਼ਨ ਥੀਏਟਰ ਦਾ ਟੀਚਾ ਤਹਿ ਹੁੰਦਾ ਹੈ ਕਿ ਇਨ੍ਹਾਂ ਤੋਂ ਰੋਜ਼ਾਨਾ ਕਿੰਨਾ ਪੈਸਾ ਹਸਪਤਾਲ ਦੇ ਖਾਤੇ ਵਿਚ ਆਉਣਾ ਹੀ ਚਾਹੀਦਾ ਹੈ। ਸਾਰੇ ਨਹੀਂ ਤਾਂ ਜ਼ਿਆਦਾਤਰ ਕਾਰਪੋਰੇਟ ਹਸਪਤਾਲਾਂ 'ਚ ਅਜਿਹਾ ਹੁੰਦਾ ਹੀ ਖੁੱਲ੍ਹ ਕੇ ਹੈ। ਹੁਣ ਜੇ ਕਿਸੇ ਡਾਕਟਰ ਕੋਲ ਜੇ ਦਿਨ 'ਚ ਦੋ ਜਾਂ ਤਿੰਨ ਗੰਭੀਰ ਹਾਲਤ ਵਾਲੇ ਮਰੀਜ਼ ਆ ਗਏ ਫਿਰ ਤਾਂ ਬਿਨਾ ਬੇਈਮਾਨੀ ਕੀਤੇ ਉਸ ਦਾ ਉਸ ਦਿਨ ਦਾ ਟਾਰਗੇਟ ਪੂਰਾ ਹੋ ਜਾਵੇਗਾ, ਪਰ ਜੇ ਅਜਿਹੇ ਮਰੀਜ਼ ਨਹੀਂ ਆਏ ਤਾਂ ਉਸ ਨੂੰ ਆਮ ਸਾਧਾਰਨ ਮਰੀਜ਼ਾਂ ਨੂੰ ਹੀ ਹਾਲਤ ਗੰਭੀਰ ਦੱਸ ਕੇ ਮੋਟਾ ਪੈਸਾ ਖਰਚ ਕਰਵਾਉਣ ਦੀ ਕੋਸ਼ਿਸ਼ ਕਰਨੀ ਪਵੇਗਾ ਅਤੇ ਇਥੋਂ ਹੀ ਸ਼ੁਰੂ ਹੁੰਦਾ ਹੈ ਡਾਕਟਰੀ ਇਲਾਜ 'ਚ ਡਰ ਪੈਦਾ ਕਰਨ ਦਾ ਧੰਦਾ। ਡਾਕਟਰ ਯਾਦਵ ਦੀ ਗੱਲ ਦੀ ਪੁਸ਼ਟੀ ਅਜਿਹੇ ਹੀ ਹਸਪਤਾਲ 'ਚ ਕੰਮ ਕਰਨ ਵਾਲੇ ਸਰਜਨ ਵੀ ਕਰਦੇ ਹਨ। ਨਾਂ ਨਾ ਛਾਪਣ ਦੀ ਸ਼ਰਤ 'ਤੇ ਉਹ ਦੱਸਦੇ ਹਨ ਕਿ ਤਨਖਾਹ ਤੋਂ ਦਸ ਗੁਣਾ ਕਮਾਈ ਦਾ ਟੀਚਾ (ਟਾਰਗੇਟ) ਹਸਪਤਾਲ ਵਲੋਂ ਤਹਿ ਕਰਨਾ ਆਮ ਗੱਲ ਹੈ। ਇਕ ਹੋਰ ਡਾਕਟਰ ਨਾਂ ਨਾ ਨਸ਼ਰ ਕਰਨ ਦੀ ਸ਼ਰਤ 'ਤੇ ਦੱਸਦੇ ਹਨ ਕਿ ਕਈ ਹਸਪਤਾਲਾਂ 'ਚ ਮਰੀਜ਼ਾਂ ਨੂੰ ਡਾਕਟਰ ਫੌਰੀ ਇਲਾਜ ਦੇ ਨਾਂ 'ਤੇ ਇਕ ਅਜਿਹਾ ਟੀਕਾ ਲਾ ਦਿੰਦੇ ਹਨ ਕਿ ਜਿਸ ਨਾਲ ਉਹ ਫੌਰਨ ਜ਼ੋਰ ਨਾਲ ਤੜਪਣ ਲੱਗਦਾ ਹੈ। ਇਸ ਇੰਜੈਕਸ਼ਨ ਦਾ ਕੋਈ ਖਾਸ ਨੁਕਸਾਨ ਨਹੀਂ ਹੁੰਦਾ ਅਤੇ ਥੋੜ੍ਹੀ ਦੇਰ ਪਿਛੋਂ ਮਰੀਜ਼ ਸ਼ਾਂਤ ਹੋ ਜਾਂਦਾ ਹੈ ਪਰ ਫੌਰੀ ਤੌਰ 'ਤੇ ਉਸ ਦੇ ਸਕੇ ਸਬੰਧੀ ਉਸ ਦੀ ਹਾਲਤ ਵੇਖ ਕੇ ਡਰ ਜਾਂਦੇ ਹਨ ਅਤੇ ਡਾਕਟਰ ਦੇ ਕਹੇ ਅਨੁਸਾਰ ਇਲਾਜ ਕਰਵਾਉਣ ਲਈ ਤਿਆਰ ਹੋ ਜਾਂਦੇ ਹਨ। ਦਰਅਸਲ ਪੂਰੇ ਦੇਸ਼ 'ਚ ਜ਼ਿਆਦਾਤਰ ਨਿੱਜੀ ਹਸਪਤਾਲਾਂ 'ਚ ਅਜਿਹਾ ਹੋਣਾ ਆਮ ਗੱਲ ਹੈ। ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਦੇ ਮੈਡੀਸਨ ਵਿਭਾਗ ਦੇ ਸਾਬਕਾ ਮੁਖੀ ਅਤੇ ਅੱਜ ਕੱਲ੍ਹ ਫੋਰਟਿਸ-ਸੀ ਡਾਨ ਹਸਪਤਾਲ ਦੇ ਡਾਇਰੈਕਟਰ ਪ੍ਰੋਫੈਸਰ ਡਾਕਟਰ ਅਨੂਪ ਮਿਸਰਾ ਵੀ ਮੰਨਦੇ ਹਨ ਕਿ ਡਾਕਟਰੀ ਇਲਾਜ ਦੇ ਪੇਸ਼ੇ 'ਚ ਮਰੀਜ਼ਾਂ ਨੂੰ ਡਰਾਉਣ ਦਾ ਕੰਮ ਹੋ ਰਿਹਾ ਹੈ। ਸਰਜਰੀ ਦੇ ਖੇਤਰ 'ਚ ਅਜਿਹਾ ਕਰਨ ਲਈ ਨਿੱਜੀ ਹਸਪਤਾਲਾਂ ਵਲੋਂ ਦਿੱਤਾ ਜਾਣ ਵਾਲਾ ਟਾਰਗੇਟ ਦੀ ਇਕ ਵਜ੍ਹਾ ਹੋ ਸਕਦੀ ਹੈ ਜਦਕਿ ਮੈਡੀਕਲ ਦੇ ਖੇਤਰ 'ਚ ਵੱਖ ਕਾਰਨਾਂ ਕਰਕੇ ਇਹ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਮੈਡੀਸਨ ਦੇ ਡਾਕਟਰ ਕਈ ਵਾਰ ਖੁਦ ਨੂੰ ਸੁਰੱਖਿਅਤ ਰੱਖਣ ਲਈ ਕਈ ਸਾਰੇ ਟੈਸਟ ਕਰਵਾਉਂਦੇ ਹਨ। ਦਰਅਸਲ ਸਰੀਰਕ ਜਾਂਚ ਕਰਨ ਦੇ ਬਾਵਜੂਦ ਇਨ੍ਹਾਂ ਡਾਕਟਰਾਂ ਨੂੰ ਕਈ ਵਾਰ ਇਹ ਗੱਲ ਸਮਝ ਨਹੀਂ ਆਉਂਦੀ ਕਿ ਮਰੀਜ਼ ਦੀ ਸਮੱਸਿਆ ਹੈ ਕੀ? ਅਜਿਹੇ 'ਚ ਉਹ ਇਕ ਤੋਂ ਬਾਅਦ ਦੂਜੀ ਜਾਂਚ ਕਰਵਾਉਂਦੇ ਜਾਂਦੇ ਹਨ। ਇਸ ਦੇ ਲਈ ਪੂਰੀ ਤਰ੍ਹਾਂ ਦੇਸ਼ 'ਚ ਮੈਡੀਕਲ ਸਿੱਖਿਆ ਦੀ ਡਿਗਦੀ ਹਾਲਤ ਜ਼ਿੰਮੇਵਾਰ ਹੈ ਜੋ ਉਚ ਗੁਣਵੰਣਤਾ ਦੇ ਡਾਕਟਰ ਤਿਆਰ ਨਹੀਂ ਕਰ ਪਾ ਰਹੀ ਹੈ। ਡਾ. ਮਿਸ਼ਰਾ ਇਹ ਵੀ ਕਹਿੰਦੇ ਹਨ ਕਿ ਪੂਰੇ ਦੇਸ਼ 'ਚ ਡਾਕਟਰੀ ਇਲਾਜ ਦੇ ਖੇਤਰ ਲਈ ਕੈਗ ਦੀ ਤਰਜ਼ 'ਤੇ ਇਕ ਆਡਿਟ ਸਿਸਟਮ ਬਣਾਏ ਜਾਣ ਦੀ ਲੋੜ ਹੈ। ਅਜਿਹਾ ਸਿਸਟਮ ਜੋ ਇਹ ਦੇਖੇ ਕਿ ਕਿਹੜਾ ਹਸਪਤਾਲ ਆਪਣੇ ਆਉਣ ਵਾਲੇ ਮਰੀਜ਼ ਨੂੰ ਕਿਸ ਤਰ੍ਹਾਂ ਦਾ ਇਲਾਜ ਦੇ ਰਿਹਾ ਹੈ। ਜਿਵੇਂ ਕਿ ਕਿਸੇ ਹਸਪਤਾਲ ਵਿਚ ਜੇ ਦਿਲ ਦੇ ਰੋਗਾਂ ਦੇ ਸ਼ੱਕ ਕਰਕੇ 10 ਮਰੀਜ਼ ਆਏ ਅਤੇ ਹਸਪਤਾਲ ਨੇ ਸਭ ਦੀ ਸਰਜਰੀ ਜਾਂ ਏਂਜਿਓਪਲਾਸਟੀ ਕਰ ਦਿੱਤੀ ਤਾਂ ਨਿਸ਼ਚੈ ਹੀ ਇਸ ਹਸਪਤਾਲ 'ਚ ਕੁਝ ਗੜਬੜ ਜ਼ਰੂਰ ਹੈ। ਸਿਹਤ ਆਡਿਟ ਨਾਲ ਇਹ ਗੜਬੜ ਪਕੜ ਵਿਚ ਆ ਜਾਵੇਗੀ। ਹਾਲਾਂਕਿ ਡਾ. ਯਾਦਵ ਇਸ ਬਾਰੇ ਦੂਜੀ ਰਾਇ ਰੱਖਦੇ ਹਨ। ਡਾ. ਯਾਦਵ ਕਹਿੰਦੇ ਹਨ ਕਿ ਦੇਸ਼ 'ਚ ਮੈਡੀਕਲ ਸਿੱਖਿਆ ਨੂੰ ਸਸਤਾ ਕੀਤੇ ਬਿਨਾ ਇਸ ਸੰਕਟ ਨਾਲ ਨਹੀਂ ਨਿਪਟਿਆ ਜਾ ਸਕਦਾ। ਉਹ ਸਾਫ਼ ਕਹਿੰਦੇ ਹਨ ਕਿ ਐਮ. ਬੀ. ਬੀ. ਐਸ. ਦੀ ਆਮ ਪੜ੍ਹਾਈ ਲਈ 50 ਤੋਂ 60 ਲੱਖ ਰੁਪਏ ਤੇ ਉਸ ਪਿਛੋਂ ਮੁਹਾਰਤ ਹਾਸਲ ਕਰਨ ਲਈ ਅੱਗੇ ਦੀ ਪੜ੍ਹਾਈ ਲਈ ਘੱਟੋ ਘੱਟ ਇਕ ਕਰੋੜ ਅਤੇ ਕੁਝ ਖਾਸ ਵਿਭਾਗਾਂ 'ਚ ਦੋ ਕਰੋੜ ਰੁਪਏ ਤੱਕ ਲਗਦੇ ਹਨ। ਪੜ੍ਹਾਈ ਪਿਛੋਂ ਜੇ ਕਾਰਪੋਰੇਟ ਹਸਪਤਾਲਾਂ 'ਚ ਮੈਨੇਜਮੈਂਟ ਦਾ ਟਾਰਗੇਟ ਅਤੇ ਜੇ ਆਪਣਾ ਕੋਈ ਕੇਂਦਰ ਖੋਹਲਿਆ ਹੋਵੇ ਤਾਂ ਉਪਰ ਕਰਨ ਵਾਲੇ ਸਟਾਕ ਦਾ ਖਰਚਾ ਵੱਖਰਾ। ਇਕ ਡਾਕਟਰ ਇਸ ਦੀ ਪੂਰਤੀ ਕਿਵੇਂ ਕਰੇਗਾ? ਅਜਿਹੇ 'ਚ ਉਨ੍ਹਾਂ ਵਲੋਂ ਅਪਣਾਏ ਗਏ ਤਰੀਕਿਆਂ ਅਨੈਤਿਕ ਕਿਵੇਂ ਕਰਾਰ ਦੇ ਸਕਦੇ ਹਾਂ? ਡਾਕਟਰ ਯਾਦਵ ਇਹ ਵੀ ਕਹਿੰਦੇ ਹਨ ਕਿ ਡਾਕਟਰੀ ਪੇਸ਼ੇ 'ਚ ਬੇਈਮਾਨੀ ਕੋਈ ਬਾਹਰੋਂ ਆਈ ਚੀਜ਼ ਨਹੀਂ ਹੈ। ਡਾਕਟਰ ਵੀ ਸਾਡੇ ਸਮਾਜ ਤੋਂ ਹੀ ਆਉਂਦੇ ਹਨ ਅਤੇ ਉਹੀ ਕਰਦੇ ਹਨ ਜੋ ਬਚਪਨ ਤੋਂ ਆਪਣਾ ਇਰਦ ਗਿਰਦ ਵਾਪਰਿਆ ਵੇਖਦੇ ਹਨ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਮਾਨਯੋਗ ਜਨਰਲ ਸਕੱਤਰ ਤੇ ਉਚ ਦਿਲ ਦੇ ਰੋਗਾਂ ਦੇ ਮਾਹਿਰ ਡਾ. ਕੇ. ਕੇ ਅਗਰਵਾਲ ਕਹਿੰਦੇ ਹਨ ਕਿ ਸਮਾਜ 'ਚ ਇਕ ਅਜਿਹਾ ਤਬਕਾ ਹੁੰਦਾ ਹੈ ਜੋ ਕੈਰੀਅਰ 'ਚ ਗਲਤ ਤਰੀਕੇ ਅਪਣਾਉਂਦਾ ਹੈ ਅਤੇ ਡਾਕਟਰੀ ਪੇਸ਼ਾ ਅਲੱਗ ਨਹੀਂ ਹੈ। ਇਥੇ ਵੀ ਕੁਝ ਲੋਕ ਅਜਿਹੇ ਹਨ ਪਰ ਖਾਸ ਗੱਲ ਇਹ ਹੈ ਕਿ ਇਸ ਬਾਰੇ ਮੈਡੀਕਲ ਕਾਊਂਸਲ ਆਫ਼ ਇੰਡੀਆ ਦਾ ਨਿਯਮ ਬਹੁਤ ਸਖ਼ਤ ਹੈ। ਜੇ ਕਿਸੇ ਮਰੀਜ਼ ਨੂੰ ਲੱਗਦਾ ਹੈ ਕਿ ਡਾਕਟਰ ਉਸ ਦੀ ਸਥਿਤੀ ਬਾਰੇ ਉਸ ਨੂੰ ਸਹੀ ਜਾਣਕਾਰੀ ਨਹੀਂ ਦੇ ਰਿਹਾ ਹੈ ਤਾਂ ਉਹ ਕੌਂਸਲ ਨੂੰ ਸ਼ਿਕਾਇਤ ਕਰ ਸਕਦਾ ਹੈ ਅਤੇ ਸ਼ਿਕਾਇਤ ਸਹੀ ਪਾਏ ਜਾਣ 'ਤੇ ਸਬੰਧਤ ਡਾਕਟਰ ਦੀ ਰਜਿਸਟ੍ਰੇਸ਼ਨ ਰੱਦ ਕੀਤੀ ਜਾ ਸਕਦੀ ਹੈ। ਨਿਯਮਾਂ ਦੀ ਦੁਹਾਈ ਆਪਣੀ ਥਾਂ, ਹਕੀਕਤ ਤਾਂ ਇਹੀ ਹੈ ਕਿ ਮਰੀਜ਼ ਹੁਣ ਵੀ ਡਾਕਟਰਾਂ 'ਤੇ ਭਰੋਸਾ ਰੱਖਦੇ ਹਨ। ਡਾਕਟਰਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਹੋ ਸਕਦੀਆਂ ਹਨ ਪਰ ਮਰੀਜ਼ਾਂ ਨੂੰ ਹੁਣ ਇਹ ਜਾਨਣ ਦੀ ਲੋੜ ਹੈ ਕਿ ਕਾਰਪੋਰੇਟ ਹਸਪਤਾਲਾਂ ਵਿਚ ਡਾਕਟਰਾਂ ਲਈ ਪੀ. ਐਲ. ਪੀ. ਯਾਨੀ ਪਰਫਾਰਮੈਂਸ ਲਿੰਕਡ ਪੇ (ਪ੍ਰਦਰਸ਼ਨ ਆਧਾਰਤ ਭੁਗਤਾਨ) ਵਿਵਸਥਾ ਲਾਗੂ ਕੀਤੀ ਹੈ ਅਤੇ ਇਥੇ ਪ੍ਰਦਰਸ਼ਨ ਦਾ ਅਰਥ ਇਹ ਨਹੀਂ ਕਿ ਕਿਸ ਡਾਕਟਰ ਨੇ ਕਿੰਨੀ ਮਿਹਨਤ ਤੇ ਤਨਦੇਹੀ ਨਾਲ ਮਰੀਜ਼ ਦਾ ਇਲਾਜ ਕੀਤਾ ਹੈ ਬਲਕਿ ਅਰਥ ਇਹ ਹੈ ਕਿ ਡਾਕਟਰ ਨੇ ਆਪਣੀ ਤਨਖਾਹ ਦੇ ਅਨੁਕੂਲ ਕਿੰਨਾ ਪੈਸਾ ਕਮਾ ਕੇ ਹਸਪਤਾਲ ਨੂੰ ਦਿੱਤਾ ਹੈ। ਇਹ ਸਥਿਤੀ ਨਿਸ਼ਚਿਤ ਤੌਰ 'ਤੇ ਮੰਦਭਾਗੀ ਹੈ।

98156-29301

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

## ਪਲਸ ਮੰਚ ਵਲੋਂ ਵਿਚਾਰਾਂ ਦੀ ਆਜ਼ਾਦੀ ਲਈ ਜਨਤਕ ਲਹਿਰ ਉਸਾਰਨ ਲਈ ਮੁਹਿੰਮ ਦਾ ਸੱਦਾ

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨੇ ਪੰਜਾਬ ਭਰ ਦੇ ਰੰਗ ਕਰਮੀਆਂ, ਬੁੱਧੀਜੀਵੀਆਂ, ਸਾਹਿਤਕਾਰਾਂ, ਲੇਖਕਾਂ, ਤਰਕਸ਼ੀਲਾਂ, ਜਮਹੂਰੀ ਇਨਸਾਫ਼ ਪਸੰਦ ਜਥੇਬੰਦੀਆਂ ਅਤੇ ਸ਼ਖਸੀਅਤਾਂ ਨੂੰ ਮੁਲਕ ਅੰਦਰ ਹਕੂਮਤੀ ਥਾਪੜੇ ਸਦਕਾ, ਫਿਰਕੂ ਫਾਸ਼ੀ ਹੱਲੇ ਬੋਲ ਰਹੀਆਂ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਦੇ ਗਲ ਗੂਠਾ ਦੇ ਰਹੀਆਂ ਲੋਕ ਦੋਖੀ ਤਾਕਤਾਂ ਖਿਲਾਫ਼ ਇਕਜੁਟ ਹੋ ਕੇ ਜਬਰਦਸਤ ਜਨਤਕ ਜਮਹੂਰੀ ਲਹਿਰ ਉਸਾਰਨ ਦਾ ਸੱਦਾ ਦਿੱਤਾ ਹੈ।

ਪਲਸ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ 'ਚ ਇਥੇ ਹੋਈ ਸੂਬਾ ਕਮੇਟੀ ਦੀ ਮੀਟਿੰਗ 'ਚ ਫੈਸਲਾ ਲਿਆ ਗਿਆ ਕਿ 23 ਮਾਰਚ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸਖਦੇਵ 8 ਮਾਰਚ ਕੌਮਾਂਤਰੀ ਔਰਤ ਦਿਹਾੜੇ, 27 ਮਾਰਚ ਵਿਸ਼ਵ ਰੰਗ ਮੰਚ ਦਿਵਸ, 8 ਅਪ੍ਰੈਲ ਕਾਲੇ ਕਾਨੂੰਨਾਂ ਖਿਲਾਫ਼ ਗਰਜ਼ਵੀ ਆਵਾਜ਼ ਉਠਾਉਣ ਵਾਲੇ ਇਤਿਹਾਸਕ ਦਿਵਸ, 13 ਅਪ੍ਰੈਲ ਜਲ੍ਹਿਆਂਵਾਲਾ ਬਾਗ, 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਵਸ ਨੂੰ ਸਮਰਪਿਤ ਕਰਦੇ ਹੋਏ ਅੱਜ ਤੋਂ ਹੀ 'ਵਿਚਾਰਾਂ ਦੀ ਆਜ਼ਾਦੀ-ਜ਼ਿੰਦਾਬਾਦ! ਮੁਹਿੰਮ' ਲਾਮਬੰਦ ਕੀਤੀ ਜਾਏਗੀ। ਇਸ ਮੁਹਿੰਮ ਦੌਰਾਨ ਨਾਟਕ, ਨੁਕੜ ਨਾਟਕ, ਵਿਚਾਰ ਗੋਸ਼ਟੀਆਂ, ਜਾਗੋਆਂ, ਪ੍ਰਭਾਤਵ ਫੇਰੀਆਂ, ਦਸਤਾਵੇਜ਼ੀ ਫ਼ਿਲਮਾਂ ਲੈ ਕੇ ਲੋਕਾਂ ਤੱਕ ਜਾਇਆ ਜਾਵੇਗਾ। ਮਾਂ ਬੋਲੀ, ਮਾਂ ਧਰਤੀ, ਕੁਦਰਤੀ ਵਸੀਲਿਆਂ, ਜਮਹੂਰੀ ਹੱਕਾਂ ਦਾ ਘਾਣ ਕਰਨ ਤੇ ਉਤਰੀ ਭਾਜਪਾ ਹਕੂਮਤ ਖਿਲਾਫ਼ ਲੋਕ ਰਾਏ ਅਤੇ ਲੋਕ ਸਭਿਆਚਾਰ ਦੀ ਜਨਤਕ ਸ਼ਕਤੀ ਖੜ੍ਹੀ ਕੀਤੀ ਜਾਵੇਗੀ। ਪਲਸ ਮੰਚ ਨੇ ਸਮੂਹ ਲੋਕ ਜਥੇਬੰਦੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਪ੍ਰੈਸ ਨੂੰ ਇਹ ਜਾਣਕਾਰੀ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਦਿੱਤੀ।

**ਅਮੋਲਕ ਸਿੰਘ**, 94170-76735



# ਜ਼ੀ ਨਿਊਜ਼ ਦੇ ਘਿਣਾਉਣੇ ਪਾਪਾਂ ਤੋਂ ਅੱਕੇ-ਸਤੇ ਪ੍ਰੋਡਿਊਸਰ ਵਿਸ਼ਵਦੀਪਕ ਨੇ ਅਸਤੀਫ਼ਾ ਦਿੱਤਾ

*[ਜ਼ੀ ਨਿਊਜ਼ ਦੇ ਇਕ ਪ੍ਰੋਡਿਊਸਰ ਵਿਸ਼ਵਦੀਪਕ ਨੇ ਇਸ ਨਿਊਜ਼ ਚੈਨਲ ਤੋਂ ਅਸਤੀਫ਼ਾ ਦੇਕੇ ਕਾਰਪੋਰੇਟ ਮੀਡੀਆ ਦੇ ਪਾਪਾਂ ਦਾ ਭਾਂਡਾ ਭੰਨ ਦਿੱਤਾ ਹੈ। ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ (ਆਈ. ਆਈ. ਐੱਮ. ਸੀ.) ਦਿੱਲੀ ਦਾ ਗਰੈਜੂਏਟ ਦੀਪਕ ਨੇ ਪਹਿਲਾਂ ਜਨਸੱਤਾ ਅਤੇ ਸੰਸਕਾਰ ਲਈ ਫਰੀਲਾਂਸ ਕਾਂਟਰੀਬਿਊਟਰ ਵਜੋਂ ਕੰਮ ਕੀਤਾ। ਫਿਰ ਨਿਊਜ਼ 24, ਆਜਤਕ, ਨਿਊ ਨੇਸ਼ਨ, ਬੀ.ਬੀ.ਸੀ., ਡਾਇਚੇ ਵੇਲੇ ਨਾਲ ਵੀ ਕੰਮ ਕਰ ਚੁੱਕਾ ਹੈ। 2014 'ਚ ਉਹ ਜ਼ੀ ਨਿਊਜ਼ ਵਿਚ ਆਇਆ। ਜੇ.ਐੱਨ.ਯੂ. ਦੀਆਂ ਘਟਨਾਵਾਂ ਵਿਚ ਜ਼ੀ ਨਿਊਜ਼ ਦੀ ਘਿਣਾਉਣੀ ਭੂਮਿਕਾ ਨੇ ਉਸਦੀ ਜ਼ਮੀਰ ਨੂੰ ਝੰਜੋੜਿਆ। ਉਸ ਦਾ ਅਸਤੀਫ਼ਾ ਵਿਕਾਊ ਮੀਡੀਆ ਵਿਚ ਚਲ ਰਹੇ ਘਾਲੇਮਾਲੇ ਨੂੰ ਸਮਝਣ ਲਈ ਸਾਡੇ ਵਕਤ ਦਾ ਇਕ ਅਹਿਮ ਦਸਤਾਵੇਜ਼ ਹੋ ਨਿੱਬੜਿਆ ਹੈ। -ਅਨੁਵਾਦਕ]*

"ਅਸੀਂ ਪੱਤਰਕਾਰ ਅਕਸਰ ਦੂਸਰਿਆਂ ਉੱਪਰ ਸਵਾਲ ਉਠਾਉਂਦੇ ਹਾਂ ਲੇਕਿਨ ਕਦੇ ਆਪਣੇ ਉੱਪਰ ਨਹੀਂ। ਅਸੀਂ ਦੂਸਰਿਆਂ ਦੀ ਜ਼ਿੰਮੇਦਾਰੀ ਤੈਅ ਕਰਦੇਹਾਂ ਲੇਕਿਨ ਆਪਣੀ ਨਹੀਂ ਕਰਦੇ। ਸਾਨੂੰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ ਲੇਕਿਨ ਕੀ ਅਸੀਂ, ਸਾਡੀਆਂ ਸੰਸਥਾਵਾਂ, ਸਾਡੀ ਸੋਚ ਅਤੇ ਸਾਡੀ ਕਾਰਜਪ੍ਰਣਾਲੀ ਜਮਹੂਰੀ ਹੈ? ਇਹ ਸਵਾਲ ਸਿਰਫ਼ ਮੇਰੇ ਲਈ ਨਹੀਂ, ਸਾਰਿਆਂ ਲਈ ਹੈ।

ਜੇ.ਐੱਨ.ਯੂ.ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਨੂੰ ਜਿਵੇਂ 'ਰਾਸ਼ਟਰਵਾਦ' ਦੇ ਨਾਂ 'ਤੇ ਫਸਾਇਆ ਗਿਆ ਅਤੇ ਮੀਡੀਆ ਟਰਾਇਲ ਕਰਕੇ 'ਦੇਸ਼ਧ੍ਰੋਹੀ' ਸਾਬਤ ਕੀਤਾ ਗਿਆ, ਉਹ ਬੇਹੱਦ ਖ਼ਤਰਨਾਕ ਪ੍ਰਵਿਰਤੀ ਹੈ। ਸਾਡੀ ਪੱਤਰਕਾਰਾਂ ਦੀ ਜ਼ਿੰਮੇਦਾਰੀ ਸੱਤਾ ਨੂੰ ਸਵਾਲ ਕਰਨਾ ਹੈ ਨਾ ਕਿ ਸੱਤਾ ਦੇ ਨਾਲ ਸੰਤੁਲਨ ਬਣਾਕੇ ਕੰਮ ਕਰਨਾ। ਪੱਤਰਕਾਰੀ ਦੇ ਇਤਿਹਾਸ ਵਿਚ ਅਸੀਂ ਜੋ ਵੀ ਬਿਹਤਰ ਅਤੇ ਖ਼ੂਬਸੂਰਤ ਹਾਸਲ ਕੀਤਾ ਹੈ ਉਹ ਇਨ੍ਹਾਂ ਸਵਾਲਾਂ ਦਾ ਸਿੱਟਾ ਹੈ।

ਸਵਾਲ ਕਰਨਾ ਜਾਂ ਨਾ ਕਰਨਾ ਹਰ ਕਿਸੇ ਦਾ ਨਿੱਜੀ ਮਾਮਲਾ ਹੈ ਲੇਕਿਨ ਮੇਰਾ ਮੰਨਣਾ ਹੈ ਕਿ ਜੋ ਨਿੱਜੀ ਹੈ ਉਹ ਪੁਲੀਟੀਕਲ ਵੀ ਹੈ। ਇਕ ਐਸਾ ਵਕਤ ਆਉਂਦਾ ਹੈ ਜਦੋਂ ਤੁਸੀਂ ਆਪਣੀਆਂ ਪੇਸ਼ੇਵਰ ਜ਼ਿੰਮੇਦਾਰੀਆਂ ਅਤੇ ਆਪਣੀ ਸਿਆਸੀ-ਸਮਾਜੀ ਤਰਫ਼ਦਾਰੀ ਵਿੱਚੋਂ ਕਿਸੇ ਇਕ ਪਾਲੇ ਵਿਚ ਖੜ੍ਹਾ ਹੋਣਾ ਹੁੰਦਾ ਹੈ। ਮੈਂ ਦੂਜੇ ਨੂੰ ਚੁਣਿਆ ਹੈ ਅਤੇ ਆਪਣੀ ਸੰਸਥਾ ਜ਼ੀ ਨਿਊਜ਼ ਤੋਂ ਇਨ੍ਹਾਂ ਮੱਤਭੇਦਾਂ ਦੇ ਕਾਰਨ 19 ਫਰਵਰੀ ਨੂੰ ਅਸਤੀਫ਼ਾ ਦੇ ਦਿੱਤਾ ਹੈ।

ਮੇਰਾ ਅਸਤੀਫ਼ਾ ਇਸ ਮੁਲਕ ਦੇ ਲੱਖਾਂ-ਕਰੋੜਾਂ ਕਨ੍ਹੱਈਆਂ ਅਤੇ ਜੇ.ਐੱਨ.ਯੂ. ਦੇ ਉਨ੍ਹਾਂ ਦੋਸਤਾਂ ਨੂੰ ਸਮਰਪਿਤ ਹੈ ਜੋ ਆਪਣੀਆਂ ਅੱਖਾਂ ਵਿਚ ਖ਼ੂਬਸੂਰਤ ਸੁਪਨੇ ਸੰਜੋਈ ਸੰਘਰਸ਼ ਕਰ ਰਹੇ ਹਨ, ਕੁਰਬਾਨੀਆਂ ਦੇ ਰਹੇ ਹਨ।"

**ਅਨੁਵਾਦ ਤੇ ਪੇਸ਼ਕਸ਼ : ਬੂਟਾ ਸਿੰਘ**

ਪਿਆਰੇ ਜ਼ੀ ਨਿਊਜ਼,

ਇਕ ਸਾਲ ਚਾਰ ਮਹੀਨੇ ਅਤੇ 4 ਚਾਰ ਦਿਨ ਬਾਦ ਹੁਣ ਵਕਤ ਆ ਗਿਆ ਹੈ ਕਿ ਮੈਂ ਹੁਣ ਤੁਹਾਡੇ ਤੋਂ ਨਾਤਾ ਤੋੜ ਲਵਾਂ। ਹਾਲਾਂਕਿ ਐਸਾ ਪਹਿਲਾਂ ਕਰਨਾ ਚਾਹੀਦਾ ਸੀ ਲੇਕਿਨ ਹੁਣ ਵੀ ਨਾ ਕੀਤਾ ਤਾਂ ਖ਼ੁਦ ਨੂੰ ਕਦੇ ਮੁਆਫ਼ ਨਹੀਂ ਕਰ ਸਕਾਂਗਾ।

ਅੱਗੇ ਜੋ ਮੈਂ ਕਹਿਣ ਜਾ ਰਿਹਾ ਹਾਂ ਉਹ ਕਿਸੇ ਭੜਕਾਹਟ, ਗੁੱਸੇ ਜਾਂ ਖਿਝ ਦਾ ਸਿੱਟਾ ਨਹੀਂ ਹੈ, ਸਗੋਂ ਇਕ ਸੋਚ-ਸਮਝਕੇ ਦਿੱਤਾ ਬਿਆਨ ਹੈ। ਮੈਂ ਪੱਤਰਕਾਰ ਹੋਣ ਦੇ ਨਾਲ-ਨਾਲ ਉਸ ਮੁਲਕ ਦਾ ਇਕ ਨਾਗਰਿਕ ਵੀ ਹਾਂ ਜਿਸਦੇ ਨਾਂ 'ਤੇ ਅੰਧ 'ਰਾਸ਼ਟਰਵਾਦ' ਦਾ ਜ਼ਹਿਰ ਫੈਲਾਇਆ ਜਾ ਰਿਹਾ ਹੈ ਅਤੇ ਇਸ ਮੁਲਕ ਨੂੰ ਖ਼ਾਨਾਜੰਗੀ ਵੱਲ ਧੱਕਿਆ ਜਾ ਰਿਹਾ ਹੈ। ਮੇਰੀ ਨਾਗਰਿਕ ਦੀ ਜ਼ਿੰਮੇਦਾਰੀ ਅਤੇ ਪੇਸ਼ੇਵਰ ਜ਼ਿੰਮੇਦਾਰੀ ਕਹਿੰਦੀ ਹੈ ਕਿ ਮੈਂ ਇਸ ਜ਼ਹਿਰ ਨੂੰ ਫੈਲਣ ਤੋਂ ਰੋਕਾਂ। ਮੈਂ ਜਾਣਦਾ ਹਾਂ ਕਿ ਮੇਰੀ ਕੋਸ਼ਿਸ਼ ਕਿਸ਼ਤੀ ਦੇ ਸਹਾਰੇ ਸਮੁੰਦਰ ਪਾਰ ਕਰਨ ਵਰਗੀ ਹੈ ਲੇਕਿਨ ਫਿਰ ਵੀ ਮੈਂ ਸ਼ੁਰੂਆਤ ਕਰਨਾ ਚਾਹੁੰਦਾ ਹਾਂ। ਇਸੇ ਸੋਚ ਦੇ ਤਹਿਤ ਜੇਐੱਨਯੂ.ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਦੇ ਪੱਜ ਸ਼ੁਰੂ ਕੀਤੀ ਗਈ ਅੰਧ-ਰਾਸ਼ਟਰਵਾਦ ਦੀ ਮੁਹਿੰਮ ਅਤੇ ਉਸ ਨੂੰ ਵਧਾਉਣ ਵਿਚ ਸਾਡੀ ਭੂਮਿਕਾ ਦੇ ਵਿਰੋਧ ਵਿਚ ਮੈਂ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੰਦਾ ਹਾਂ। ਮੈਂ ਚਾਹੁੰਦਾ ਹਾਂ ਇਸ ਨੂੰ ਬਗ਼ੈਰ ਕਿਸੇ ਵਿਅਕਤੀਗਤ ਦਵੈਖ ਦੇ ਸਵੀਕਾਰ ਕਰ ਲਿਆ ਜਾਵੇ।

ਦਰਅਸਲ ਗੱਲ ਵਿਅਕਤੀਗਤ ਹੈ ਵੀ ਨਹੀਂ। ਗੱਲ ਪੇਸ਼ੇਵਰ ਜ਼ਿੰਮੇਦਾਰੀ ਦੀ ਹੈ। ਸਮਾਜੀ ਜ਼ਿੰਮੇਦਾਰੀ ਦੀ ਹੈ ਅਤੇ ਆਖ਼ਿਰ ਦੇਸ਼ਪ੍ਰੇਮ ਦੀ ਵੀ ਹੈ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਨ੍ਹਾਂ ਤਿੰਨਾਂ ਮਾਪਦੰਡਾਂ ਉੱਪਰ ਇਕ ਸੰਸਥਾ ਵਜੋਂ ਤੁਹਾਡੇ ਨਾਲ ਜੁੜੇ ਹੋਣ ਦੇ ਨਾਤੇ ਇਕ ਪੱਤਰਕਾਰ ਦੇ ਤੌਰ 'ਤੇ ਮੈਂ ਪਿਛਲੇ ਇਕ ਸਾਲ ਵਿਚ ਕਈ ਵਾਰ ਫੇਲ੍ਹ ਹੋਇਆ ਹਾਂ।

ਮਈ 2014 ਤੋਂ ਬਾਦ ਜਦੋਂ ਤੋਂ ਸ੍ਰੀ ਨਰਿੰਦਰ ਮੋਦੀ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਬਣਿਆ ਹੈ, ਓਦੋਂ ਤੋਂ ਘੱਟੋਘੱਟ ਮੁਲਕ ਦੇ ਹਰ ਨਿਊਜ਼ ਰੂਮ ਦਾ ਫਿਰਕੂਕਰਨ ਹੋਇਆ ਹੈ ਲੇਕਿਨ ਸਾਡੇ ਇਥੇ ਹਾਲਾਤ ਹੋਰ ਵੀ ਭਿਆਨਕ ਹਨ। ਇਹ ਭਾਰੀ ਭਰਕਮ ਲਫ਼ਜ਼ ਇਸਤੇਮਾਲ ਕਰਨ ਲਈ ਮੁਆਫ਼ੀ ਚਾਹੁੰਦਾ ਹਾਂ ਲੇਕਿਨ ਇਸ ਤੋਂ ਬਿਨਾ ਕੋਈ ਹੋਰ ਲਫ਼ਜ਼ ਨਹੀਂ ਹਨ। ਆਖ਼ਿਰ ਐਸਾ ਕਿਉਂ ਹੁੰਦਾ ਹੈ ਕਿ ਖ਼ਬਰਾਂ ਨੂੰ ਮੋਦੀ ਐਂਗਲ ਨਾਲ ਜੋੜਕੇ ਦਿਖਾਇਆ ਜਾਂਦਾ ਹੈ? ਇਹ ਸੋਚਕੇ ਖ਼ਬਰਾਂ ਲਿਖਵਾਈਆਂ ਜਾਂਦੀਆਂ ਹਨ ਕਿ ਇਸ ਨਾਲ ਮੋਦੀ ਸਰਕਾਰ ਦੇ ਏਜੰਡੇ ਨੂੰ ਕਿੰਨੀ ਗਤੀ ਮਿਲੇਗੀ?

ਮੈਨੂੰ ਡੂੰਘਾਈ ਵਿਚ ਸ਼ੱਕ ਹੋਣ ਲੱਗਿਆ ਹੈ ਕਿ ਅਸੀਂ ਪੱਤਰਕਾਰ ਹਾਂ ਵੀ। ਐਸਾ ਲਗਦਾ ਹੈ ਕਿ ਅਸੀਂ ਸਰਕਾਰ ਦੇ ਧੁਤੂ ਹਾਂ ਜਾਂ ਸੁਪਾਰੀ ਕਿੱਲਰ ਹਾਂ? ਮੋਦੀ ਸਾਡੇ ਮੁਲਕ ਦਾ ਪ੍ਰਧਾਨ ਮੰਤਰੀ ਹੈ, ਮੇਰਾ ਵੀ ਹੈ; ਲੇਕਿਨ ਇਕ ਪੱਤਰਕਾਰ ਵਜੋਂ ਐਨੀ ਮੋਦੀ ਭਗਤੀ ਹੁਣ ਹਜ਼ਮ ਨਹੀਂ ਹੋ ਰਹੀ ਹੈ। ਮੇਰੀ ਜ਼ਮੀਰ ਮੇਰੇ ਖ਼ਿਲਾਫ਼ ਬਗ਼ਾਵਤ ਕਰਨ ਲੱਗੀ ਹੈ। ਇੰਞ ਲਗਦਾ ਹੈ ਜਿਵੇਂ ਮੈਂ ਰੋਗੀ ਹੋ ਗਿਆ ਹੋਵਾਂ।

ਹਰ ਖ਼ਬਰ ਦੇ ਪਿੱਛੇ ਏਜੰਡਾ, ਹਰ ਨਿਊਜ਼ ਸ਼ੋਅ ਦੇ ਪਿੱਛੇ ਮੋਦੀ ਸਰਕਾਰ ਨੂੰ ਮਹਾਨ ਸਾਬਤ ਕਰਨ ਦੀ ਕੋਸ਼ਿਸ਼, ਹਰ ਬਹਿਸ ਦੇ ਪਿੱਛੇ ਮੋਦੀ ਵਿਰੋਧੀਆਂ ਨੂੰ ਸ਼ੂਟ ਕਰਨ ਦਾ ਯਤਨ? ਅਟੈਕ, ਯੁੱਧ ਤੋਂ ਘੱਟ ਕੋਈ ਲਫ਼ਜ਼ ਸਾਨੂੰ ਮਨਜ਼ੂਰ ਹੀ ਨਹੀਂ। ਕੀ ਹੈ ਇਹ ਸਭ? ਕਦੇ ਰੁਕਕੇ ਸੋਚਦਾ ਹਾਂ ਤਾਂ ਲਗਦਾ ਹੈ ਕਿ ਪਾਗਲ ਹੋ ਗਿਆ ਹਾਂ।

ਆਖ਼ਿਰ ਸਾਨੂੰ ਏਨਾ ਦੀਨਹੀਣ, ਅਨੈਤਿਕ ਅਤੇ ਗਿਰਿਆ ਹੋਇਆ ਕਿਉਂ ਬਣਾ ਦਿੱਤਾ ਗਿਆ? ਮੁਲਕ ਦੀ ਸਰਵਉੱਚ ਮੀਡੀਆ ਸੰਸਥਾ ਵਿਚ ਪੜ੍ਹਾਈ ਕਰਨ ਅਤੇ ਆਜਤਕ ਤੋਂ ਲੈਕੇ ਬੀ.ਬੀ.ਸੀ. ਅਤੇ ਡਾਇਚੇ ਵੇਲੇ ਵਰਗੀਆਂ ਨਾਮੀ ਸੰਸਥਾਵਾਂ ਵਿਚ ਕੰਮ ਕਰਨ ਤੋਂ ਬਾਦ ਮੇਰਾ ਪੱਤਰਕਾਰੀ ਹਾਸਲ ਇਹੀ ਹੈ ਕਿ ਲੋਕ ਮੈਨੂੰ 'ਛੀ ਨਿਊਜ਼ ਪੱਤਰਕਾਰ' ਕਹਿਣ ਲੱਗ ਪਏ ਹਨ। ਸਾਡੇ ਈਮਾਨ ਦੀਆਂ ਧੱਜੀਆਂ ਉੱਡ ਚੁੱਕੀਆਂ ਹਨ। ਇਸਦੀ ਜ਼ਿੰਮੇਦਾਰੀ ਕੌਣ ਲਵੇਗਾ?

**ਨਿਊਜ਼ ਰੂਮ ਅੰਦਰ ਤੁਅੱਸਬ**

ਕਿਹੜੀ ਕਿਹੜੀ ਗੱਲ ਕਹਾਂ। ਦਿੱਲੀ ਦੇ ਮੁੱਖਮੰਤਰੀ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਲਗਾਤਾਰ ਮੁਹਿੰਮ ਚਲਾਈ ਗਈ ਅਤੇ ਅੱਜ ਵੀ ਚਲਾਈ ਜਾ ਰਹੀ ਹੈ। ਆਖ਼ਿਰ ਕਿਉਂ? ਬਿਜਲੀ-ਪਾਣੀ, ਸਿਖਿਆ ਅਤੇ ਜਿਸਤ-ਟਾਂਕ ਵਰਗੀਆਂ ਜਨਤਾ ਨੂੰ ਰਾਹਤ ਦੇਣ ਵਾਲੀਆਂ ਬੁਨਿਆਦੀ ਨੀਤੀਆਂ ਉੱਪਰ ਵੀ ਸਵਾਲ ਉਠਾਏ ਗਏ। ਕੇਜਰੀਵਾਲ ਨਾਲ ਅਸਹਿਮਤੀ ਦਾ ਅਤੇ ਉਸਦੀ ਆਲੋਚਨਾ ਦਾ ਹਰ ਕਿਸੇ ਨੂੰ ਪੂਰਾ ਹੱਕ ਹੈ ਲੇਕਿਨ ਕੇਜਰੀਵਾਲ ਦੀ ਸੁਪਾਰੀ ਕਿੱਲਿੰਗ ਦਾ ਹੱਕ ਇਕ ਪੱਤਰਕਾਰ ਦੇ ਤੌਰ 'ਤੇ ਨਹੀਂ ਹੈ। ਕੇਜਰੀਵਾਲ ਦੇ ਖ਼ਿਲਾਫ਼ ਕੀਤੀ ਗਈ ਨੈਗੇਟਿਵ ਸਟੋਰੀ ਦੀ ਵੱਖਰੀ ਸੂਚੀ ਬਣਾਉਣ ਲੱਗਾਂਗਾ ਤਾਂ ਕਈ ਸਫ਼ੇ ਭਰ ਜਾਣਗੇ। ਮੈਂ ਜਾਨਣਾ ਚਾਹੁੰਦਾ ਹਾਂ ਕਿ ਪੱਤਰਕਾਰੀ ਦੇ ਬੁਨਿਆਦੀ ਸਿਧਾਂਤ 'ਨਿਰਪੱਖਤਾ' ਦਾ ਅਤੇ ਦਰਸ਼ਕਾਂ ਪ੍ਰਤੀ ਈਮਾਨਦਾਰੀ ਦਾ ਕੋਈ ਮੁੱਲ ਹੈ ਕਿ ਨਹੀਂ?

ਦਲਿਤ ਸਕਾਲਰ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਦੇ ਮੁੱਦੇ ਉੱਪਰ ਇੰਞ ਹੀ ਹੋਇਆ। ਪਹਿਲਾਂ ਅਸੀਂ ਉਸ ਨੂੰ ਦਲਿਤ ਸਕਾਲਰ ਲਿਖਿਆ ਫਿਰ ਦਲਿਤ ਵਿਦਿਆਰਥੀ ਲਿਖਣ ਲੱਗ ਪਏ। ਚਲੋ ਠੀਕ ਹੈ ਲੇਕਿਨ ਘੱਟੋਘੱਟ ਖ਼ਬਰ ਤਾਂ ਢੰਗ ਨਾਲ ਲਿਖਦੇ। ਰੋਹਿਤ ਵੇਮੂਲਾ ਨੂੰ ਖ਼ੁਦਕੁਸ਼ੀ ਤਕ ਧੱਕਣ ਦੇ ਪਿੱਛੇ ਏ.ਬੀ.ਵੀ.ਪੀ. ਆਗੂ ਅਤੇ ਭਾਜਪਾ ਦੇ ਆਗੂ ਬੰਡਾਰੂ ਦੱਤਾਤ੍ਰਿਯਾ ਦੀ ਭੂਮਿਕਾ ਸਭ ਤੋਂ ਗੰਭੀਰ ਸਵਾਲਾਂ ਦੇ ਘੇਰੇ ਵਿਚ ਹੈ (ਸਾਰਾ ਕੁਛ ਪੂਰੀ ਤਰ੍ਹਾਂ ਸਪਸ਼ਟ ਹੈ) ਲੇਕਿਨ ਇਕ ਮੀਡੀਆ ਹਾਊਸ ਵਜੋਂ ਸਾਡਾ ਕੰਮ ਮੁੱਦੇ ਨੂੰ ਕਮਜ਼ੋਰ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਦਾ ਕਿਰਦਾਰ ਨਿਭਾਉਣਾ ਸੀ।

ਮੈਨੂੰ ਯਾਦ ਹੈ ਕਿ ਜਦੋਂ ਅਸਹਿਣਸ਼ੀਲਤਾ ਦੇ ਮੁੱਦੇ ਉੱਪਰ ਉਦੈ ਪ੍ਰਕਾਸ਼ ਸਮੇਤ ਮੁਲਕ ਦੀਆਂ ਸਾਰੀਆਂ ਭਾਸ਼ਾਵਾਂ ਦੇ ਨਾਮੀ ਲੇਖਕਾਂ ਨੇ ਅਕਾਦਮੀ ਸਨਮਾਨ ਵਾਪਸ ਮੋੜਨੇ ਸ਼ੁਰੂ ਕਰ ਦਿੱਤੇ ਤਾਂ ਅਸੀਂ ਉਨ੍ਹਾਂ ਉੱਪਰ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਜੇ ਸਿਰਫ਼ ਉਦੈ ਪ੍ਰਕਾਸ਼ ਦੀ ਹੀ ਗੱਲ ਕਰੀਏ ਤਾਂ ਲੱਖਾਂ ਲੋਕ ਉਸਨੂੰ ਪੜ੍ਹਦੇ ਹਨ। ਅਸੀਂ ਜਿਹੜੀ ਭਾਸ਼ਾ ਬੋਲਦੇ ਹਾਂ, ਜਿਸ ਵਿਚ ਸਾਡਾ ਰੋਜ਼ਗਾਰ ਹੈ ਉਸਦੀ ਸ਼ਾਨ ਨੇ ਉਹ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਡੀ ਜ਼ਿੰਦਗੀ, ਸਾਡੇ ਸੁਪਨੇ, ਸੰਘਰਸ਼ ਝਲਕਦੇ ਹਨ ਲੇਕਿਨ ਅਸੀਂ ਇਹ ਸਾਬਤ ਕਰਨ ਵਿਚ ਲੱਗੇ ਰਹੇ ਕਿ ਇਹ ਸਭ ਯੋਜਨਾਬੱਧ ਸੀ। ਦੁੱਖ ਤਾਂ ਓਦੋਂ ਵੀ ਹੋਇਆ ਸੀ, ਲੇਕਿਨ ਬਰਦਾਸ਼ਤ ਕਰ ਗਿਆ ਸੀ।

**ਲੇਕਿਨ ਕਦੋਂ ਤਕ ਕਰਾਂ ਅਤੇ ਕਿਉਂ??**

ਮੈਨੂੰ ਸਹੀ ਤਰ੍ਹਾਂ ਨੀਂਦ ਨਹੀਂ ਆ ਰਹੀ। ਮੈਂ ਬੇਚੈਨ ਹਾਂ। ਸ਼ਾਇਦ ਇਹ ਅਪਰਾਧ-ਬੋਧ ਦਾ ਸਿੱਟਾ ਹੈ। ਕਿਸੇ ਸ਼ਖ਼ਸ ਦੀ ਜ਼ਿੰਦਗੀ ਵਿਚ ਜੋ ਸਭ ਤੋਂ ਵੱਡਾ ਕਲੰਕ ਲੱਗ ਸਕਦਾ ਹੈ ਉਹ ਹੈ ਦੇਸ਼ਧ੍ਰੋਹ। ਲੇਕਿਨ ਸਵਾਲ ਇਹ ਹੈ ਕਿ ਇਕ ਪੱਤਰਕਾਰ ਦੇ ਤੌਰ 'ਤੇ ਸਾਨੂੰ ਕੀ ਹੱਕ ਹੈ ਕਿਸੇ ਨੂੰ ਦੇਸ਼ਧ੍ਰੋਹੀ ਦੀ ਡਿਗਰੀ ਵੰਡਣ ਦਾ? ਇਹ ਕੰਮ ਤਾਂ ਅਦਾਲਤ ਦਾ ਹੈ ਕਿ ਨਹੀਂ?

**ਜੇ.ਐੱਨ.ਯੂ. ਕਹਾਣੀ ਦੀ ਤੋੜ-ਮਰੋੜ**

ਕਨ੍ਹੱਈਆ ਸਮੇਤ ਜੇ.ਐੱਨ.ਯੂ. ਦੇ ਕਈ ਵਿਦਿਆਰਥੀਆਂ ਨੂੰ ਅਸੀਂ ਲੋਕਾਂ ਦੀਆਂ ਨਜ਼ਰਾਂ ਵਿਚ 'ਦੇਸ਼ਧ੍ਰੋਹੀ' ਬਣਾ ਦਿੱਤਾ। ਜੇ ਕੱਲ੍ਹ ਨੂੰ ਇਨ੍ਹਾਂ ਵਿੱਚੋਂ ਕਿਸੇ ਦੀ ਹੱਤਿਆ ਹਜੂਮ ਵਲੋਂ ਕਰ ਦਿੱਤੀ ਜਾਂਦੀ ਹੈ ਤਾਂ ਇਸਦੀ ਜ਼ਿੰਮੇਦਾਰੀ ਕੌਣ ਲਵੇਗਾ? ਅਸੀਂ ਸਿਰਫ਼ ਕਿਸੇ ਦੀ ਹੱਤਿਆ ਅਤੇ ਕੁਛ ਪਰਿਵਾਰਾਂ ਨੂੰ ਬਰਬਾਦ ਕਰਨ ਦੇ ਹਾਲਾਤ ਹੀ ਪੈਦਾ ਨਹੀਂ ਕੀਤੇ ਸਗੋਂ ਦੰਗੇ ਭੜਕਾਉਣ ਅਤੇ ਖ਼ਾਨਾਜੰਗੀ ਦੀ ਨੌਬਤ ਪੈਦਾ ਕਰ ਦਿੱਤੀ ਹੈ। ਕਿਹੜੀ ਦੇਸ਼ਭਗਤੀ ਹੈ ਇਹ? ਆਖ਼ਿਰ ਕਿਹੜੀ ਪੱਤਰਕਾਰੀ ਹੈ ਇਹ?

ਕੀ ਅਸੀਂ ਭਾਜਪਾ ਜਾਂ ਆਰ.ਐੱਸ.ਐੱਸ. ਦੇ ਬੁਲਾਰੇ ਹਾਂ ਕਿ ਉਹ ਜੋ ਬੋਲਣਗੇ ਉਹੀ ਕਹਾਂਗੇ? ਜਿਸ ਵੀਡੀਓ ਵਿਚ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਹੈ ਹੀ ਨਹੀਂ ਸੀ ਉਸ ਨੂੰ ਅਸੀਂ ਵਾਰ-ਵਾਰ ਜਨੂੰਨ ਫੈਲਾਉਣ ਲਈ ਚਲਾਇਆ। ਹਨੇਰੇ ਵਿਚ ਆ ਰਹੀਆਂ ਕੁਛ ਆਵਾਜ਼ਾਂ ਨੂੰ ਅਸੀਂ ਕਿਵੇਂ ਮੰਨ ਲਿਆ ਕਿ ਇਹ ਕਨ੍ਹੱਈਆ ਜਾਂ ਉਨ੍ਹਾਂ ਦੇ ਸਾਥੀਆਂ ਦੀਆਂ ਹਨ? 'ਭਾਰਤੀ ਕੋਰਟ ਜ਼ਿੰਦਾਬਾਦ' ਸਾਡੇ ਤੁਅੱਸਬਾਂ ਨਾਲ ਭਰੇ ਕੰਨਾਂ ਨੂੰ 'ਪਾਕਿਸਤਾਨ ਜ਼ਿੰਦਾਬਾਦ' ਸੁਣਾਈ ਦਿੱਤਾ ਅਤੇ ਸਰਕਾਰ ਦੀ ਲਾਈਨ ਉੱਪਰ ਕੰਮ ਕਰਦੇ ਹੋਏ ਅਸੀਂ ਕੁਛ ਲੋਕਾਂ ਦਾ ਭਵਿੱਖ, ਉਨ੍ਹਾਂ ਦੀਆਂ ਉਮੀਦਾਂ ਅਤੇ ਪਰਿਵਾਰ ਨੂੰ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ। ਚੰਗਾ ਹੁੰਦਾ ਕਿ ਅਸੀਂ ਏਜੰਸੀਆਂ ਨੂੰ ਜਾਂਚ ਕਰਨ ਦਿੰਦੇ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਇੰਤਜ਼ਾਰ ਕਰਦੇ।

ਲੋਕ ਉਮਰ ਖ਼ਾਲਿਦ ਦੀ ਭੈਣ ਨਾਲ ਬਲਾਤਕਾਰ ਕਰਨ ਅਤੇ ਉਸ ਉੱਪਰ ਤੇਜ਼ਾਬ ਸੁੱਟਣ ਦੀਆਂ ਧਮਕੀਆਂ ਦੇ ਰਹੇ ਹਨ। ਉਸ ਨੂੰ ਗ਼ਦਾਰ ਦੀ ਭੈਣ ਕਹਿ ਰਹੇ ਹਨ। ਜ਼ਰਾ ਸੋਚੋ ਜੇ ਐਸਾ ਹੋਇਆ ਤਾਂ ਕੀ ਇਸਦੀ ਜ਼ਿੰਮੇਦਾਰੀ ਸਾਡੀ ਨਹੀਂ ਹੋਵੇਗੀ? ਕਨ੍ਹੱਈਆ ਨੇ ਇਕ ਵਾਰ ਨਹੀਂ ਹਜ਼ਾਰ ਵਾਰ ਕਿਹਾ ਕਿ ਉਹ ਮੁਲਕ ਵਿਰੋਧੀ ਨਾਅਰਿਆਂ ਦੀ ਹਮਾਇਤ ਨਹੀਂ ਕਰਦਾ ਲੇਕਿਨ ਉਸਦੀ ਇਕ ਨਹੀਂ ਸੁਣੀ ਗਈ, ਕਿਉਂਕਿ ਅਸੀਂ ਜੋ ਜਨੂੰਨ ਫੈਲਾਇਆ ਸੀ ਉਹ ਐੱਨ.ਡੀ.ਏ. ਸਰਕਾਰ ਦੀ ਲੀਹ ਅਨੁਸਾਰ ਸੀ। ਕੀ ਅਸੀਂ ਕਨ੍ਹੱਈਆ ਦੇ ਘਰ ਨੂੰ ਗ਼ੌਰ ਨਾਲ ਦੇਖਿਆ ਹੈ? ਕਨ੍ਹੱਈਆ ਦਾ ਘਰ, 'ਘਰ' ਨਹੀਂ ਇਸ ਮੁਲਕ ਦੇ ਕਿਸਾਨਾਂ ਅਤੇ ਆਮ ਆਦਮੀ ਦੀ ਬੇਵਸੀ ਦਾ ਦਰਦਨਾਕ ਪ੍ਰਤੀਕ ਹੈ। ਉਨ੍ਹਾਂ ਉਮੀਦਾਂ ਦਾ ਕਬਰਸਤਾਨ ਹੈ ਜੋ ਇਸ ਮੁਲਕ ਵਿਚ ਹਰ ਪਲ ਦਫ਼ਨ ਹੋ ਰਹੀਆਂ ਹਨ। ਲੇਕਿਨ ਅਸੀਂ ਅੰਨ੍ਹੇ ਹੋ ਚੁੱਕੇ ਹਾਂ।

ਇਸ ਬਾਰੇ ਗੱਲ ਕਰਦੇ ਹੋਏ ਮੈਨੂੰ ਦੁੱਖ ਹੋ ਰਿਹਾ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਵੀ ਬਹੁਤ ਘਰ ਐਸੇ ਹਨ। ਹਿੰਦੁਸਤਾਨ ਦੀ ਪੇਂਡੂ ਜ਼ਿੰਦਗੀ ਓਨੀ ਹੀ ਬਦਰੰਗ ਹੈ। ਉਨ੍ਹਾਂ ਟੁੱਟੀਆਂ ਹੋਈਆਂ ਕੰਧਾਂ ਅਤੇ ਪਹਿਲਾਂ ਹੀ ਕਮਜ਼ੋਰ ਹੋ ਚੁੱਕੀਆਂ ਜ਼ਿੰਦਗੀਆਂ ਵਿਚ ਅਸੀਂ ਰਾਸ਼ਟਰਵਾਦ ਦੀ ਜ਼ਹਿਰ ਦਾ ਟੀਕਾ ਲਗਾਇਆ ਹੈ, ਬਿਨਾ ਇਹ ਸੋਚੇ ਕਿ ਇਸਦਾ ਅੰਜਾਮ ਕੀ ਹੋ ਸਕਦਾ ਹੈ! ਜੇ ਕਨ੍ਹੱਈਆ ਦੇ ਅਧਰੰਗ ਮਾਰੇ ਬਾਪ ਦੀ ਸਦਮੇ ਨਾਲ ਮੌਤ ਹੋ ਗਈ ਤਾਂ ਕੀ ਅਸੀਂ ਜ਼ਿੰਮੇਦਾਰ ਨਹੀਂ ਹੋਵਾਂਗੇ? ਜੇ 'ਦੀ ਇੰਡੀਅਨ ਐਕਸਪ੍ਰੈੱਸ' ਨੇ ਸਟੋਰੀ ਨਾ ਕੀਤੀ ਹੁੰਦੀ ਤਾਂ ਇਸ ਮੁਲਕ ਨੂੰ ਪਤਾ ਨਹੀਂ ਸੀ ਲੱਗਣਾ ਕਿ ਵਾਂਝਿਆਂ ਦੇ ਹੱਕ ਵਿਚ ਬੋਲਣ ਦੀ ਪ੍ਰੇਰਨਾ ਕਨ੍ਹੱਈਆ ਨੂੰ ਕਿੱਥੋਂ ਮਿਲਦੀ ਹੈ!

**ਹਜੂਮ ਨੂੰ ਸ਼ਿਸ਼ਕੇਰਨਾ**

ਰਾਮਾ ਨਾਗਾ ਅਤੇ ਦੂਸਰਿਆਂ ਦਾ ਹਾਲ ਵੀ ਐਸਾ ਹੀ ਹੈ। ਬਹੁਤ ਮਾਮੂਲੀ ਪਿਛੋਕੜ ਅਤੇ ਗ਼ਰੀਬੀ ਨਾਲ ਸੰਘਰਸ਼ ਕਰਦੇ ਹੋਏ ਇਹ ਲੜਕੇ ਜੇ.ਐੱਨ.ਯੂ. ਵਿਚ ਮਿਲ ਰਹੀ ਸਬਸਿਡੀ ਦੀ ਵਜ੍ਹਾ ਨਾਲ ਪੜ੍ਹਾਈ ਕਰ ਲੈਂਦੇ ਹਨ। ਅੱਗੇ ਵਧਣ ਦਾ ਹੌਸਲਾ ਕਰਦੇ ਹਨ। ਲੇਕਿਨ ਟੀ.ਆਰ.ਪੀ. ਦੀ ਬਜਾਰੂ ਲਾਲਸਾ ਅਤੇ ਸਾਡੀ ਵਿਕੀ ਹੋਈ ਬੁੱਧੀ ਨੇ ਉਨ੍ਹਾਂ ਦੇ ਭਵਿੱਖ ਨੂੰ ਲਗਭਗ ਤਬਾਹ ਹੀ ਕਰ ਦਿੱਤਾ ਹੈ।

ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਦੀ ਸਿਆਸਤ ਨਾਲ ਸਹਿਮਤ ਨਾ ਹੋਈਏ ਜਾਂ ਉਨ੍ਹਾਂ ਦੇ ਵਿਚਾਰ ਇੰਤਹਾਪਸੰਦ ਹੋਣ ਲੇਕਿਨ ਉਹ ਦੇਸ਼ਧ੍ਰੋਹੀ ਕਿਵੇਂ ਹੋ ਗਏ? ਅਦਾਲਤ ਦਾ ਕੰਮ ਅਸੀਂ ਕਿਵ ਕਰ ਸਕਦੇ ਹਾਂ? ਕੀ ਇਹ ਮਹਿਜ਼ ਇਤਫ਼ਾਕ ਹੈ ਕਿ ਦਿੱਲੀ ਪੁਲਿਸ ਨੇ ਆਪਣੀ ਐੱਫ.ਆਈ.ਆਰ. ਵਿਚ ਜ਼ੀ ਨਿਊਜ਼ ਦਾ ਹਵਾਲਾ ਦਿੱਤਾ ਹੈ? ਇਹ ਕਿਹਾ ਜਾਂਦਾ ਹੈ ਕਿ ਦਿੱਲੀ ਪੁਲਿਸ ਨਾਲ ਸਾਡੀ ਮਿਲੀਭੁਗਤ ਹੈ? ਦੱਸੋ ਅਸੀਂ ਲੋਕਾਂ ਨੂੰ ਕੀ ਜਵਾਬ ਦੇਈਏ?

ਆਖ਼ਿਰ ਜੇ.ਐੱਨ.ਯੂ. ਨਾਲ ਜਾਂ ਜੇ. ਐੱਨ. ਯੂ. ਦੇ ਵਿਦਿਆਰਥੀਆਂ ਨਾਲ ਸਾਡੀ ਕੀ ਦੁਸ਼ਮਣੀ ਹੈ? ਮੇਰਾ ਮੰਨਣਾ ਹੈ ਕਿ ਆਧੁਨਿਕ ਜੀਵਨ ਮੁੱਲਾਂ, ਜਮਹੂਰੀਅਤ, ਵੰਨ-ਸੁਵੰਨਤਾ ਅਤੇ ਵਿਰੋਧੀ ਵਿਚਾਰਾਂ ਦੀ ਸਹਿਹੋਂਦ ਦਾ ਜੇ ਮੁਲਕ ਵਿਚ ਕੋਈ ਸਭ ਤੋਂ ਖ਼ੂਬਸੂਰਤ ਬਗ਼ੀਚਾ ਹੈ ਤਾਂ ਉਹ ਜੇ.ਐੱਨ.ਯੂ. ਹੈ ਲੇਕਿਨ ਉਸ ਨੂੰ ਗ਼ੈਰਕਾਨੂੰਨੀ ਅਤੇ ਦੇਸ਼ਧ੍ਰੋਹ ਦਾ ਅੱਡਾ ਦੱਸਿਆ ਜਾ ਰਿਹਾ ਹੈ।

ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜੇ. ਐੱਨ. ਯੂ. ਗ਼ੈਰਕਾਨੂੰਨੀ ਹੈ ਜਾਂ ਭਾਜਪਾ ਦਾ ਉਹ ਵਿਧਾਇਕ ਜੋ ਅਦਾਲਤ ਵਿਚ ਘੁਸਕੇ ਖੱਬੇਪੱਖੀ ਕਾਰਕੁਨਾਂ ਦੀ ਕੁੱਟਮਾਰ ਕਰ ਰਿਹਾ ਸੀ? ਵਿਧਾਇਕ ਅਤੇ ਉਸਦੇ ਹਮਾਇਤੀ ਸੜਕ ਉੱਪਰ ਡਿਗੇ ਹੋਏ ਸੀ.ਪੀ.ਆਈ. ਦੇ ਕਾਰਕੁਨ ਅਮੀਕ ਜਮੇਈ ਨੂੰ ਬੂਟਾਂ ਹੇਠ ਦਰੜ ਰਹੇ ਸਨ ਲੇਕਿਨ ਲਾਗੇ ਖੜ੍ਹੀ ਪੁਲਿਸ ਤਮਾਸ਼ਾ ਦੇਖ ਰਹੀ ਸੀ। ਸਕ੍ਰੀਨ ਉੱਪਰ ਕੁੱਟਮਾਰ ਦੀਆਂ ਤਸਵੀਰਾਂ ਚਲ ਰਹੀਆਂ ਸਨ ਅਤੇ ਅਸੀਂ ਲਿਖ ਰਹੇ ਸੀ – ਓਪੀ ਸ਼ਰਮਾ ਉਪਰ ਕੁੱਟਮਾਰ ਦਾ ਇਲਜ਼ਾਮ। ਮੈਂ ਪੁੱਛਿਆ ਕਿ ਇਲਜ਼ਾਮ ਕਿਉਂ? ਦੱਸਿਆ ਗਿਆ 'ਉੱਪਰੋਂ' ਹੁਕਮ ਹੈ? ਸਾਡਾ 'ਉੱਪਰ' ਐਨਾ ਗਿਰਿਆ ਹੋਇਆ ਕਿਵੇਂ ਹੋ ਸਕਦਾ ਹੈ? ਮੋਦੀ ਤਕ ਤਾਂ ਫਿਰ ਵੀ ਸਮਝ ਆਉਂਦਾ ਹੈ ਲੇਕਿਨ ਹੁਣ ਸਟੋਰੀ ਲਿਖਦੇ ਵਕਤ ਅਸੀਂ ਓਪੀ ਸ਼ਰਮਾ ਵਰਗੇ ਭਾਜਪਾ ਆਗੂਆਂ ਅਤੇ ਏ.ਬੀ.ਵੀ.ਪੀ. ਦੇ ਕਾਰਕੁਨਾਂ ਨੂੰ ਵੀ ਬਚਾਉਣ ਲੱਗੇ ਹੋਏ ਹਾਂ।

ਘਿਣ ਆਉਣੀ ਸ਼ੁਰੂ ਹੋ ਗਈ ਹੈ ਮੈਨੂੰ ਆਪਣੇ ਵਜੂਦ ਤੋਂ। ਆਪਣੀ ਪੱਤਰਕਾਰੀ ਤੋਂ ਅਤੇ ਆਪਣੀ ਬੇਵਸੀ ਤੋਂ। ਕੀ ਮੈਂ ਇਸ ਲਈ ਹੋਰ ਸਾਰੇ ਕੰਮ ਛੱਡਕੇ ਪੱਤਰਕਾਰ ਬਣਨ ਦਾ ਫ਼ੈਸਲਾ ਕੀਤਾ ਸੀ। ਸ਼ਾਇਦ ਨਹੀਂ।

ਹੁਣ ਮੇਰੇ ਅੱਗੇ ਦੋ ਹੀ ਰਾਹ ਹਨ। ਜਾਂ ਤਾਂ ਮੈਂ ਪੱਤਰਕਾਰੀ ਛੱਡ ਦਿਆਂ ਜਾਂ ਫਿਰ ਇਨ੍ਹਾਂ ਹਾਲਾਤ ਤੋਂ ਖ਼ੁਦ ਨੂੰ ਵੱਖ ਕਰ ਲਵਾਂ। ਮੈਂ ਦੂਜਾ ਰਾਹ ਚੁਣ ਰਿਹਾ ਹਾਂ। ਮੈਂ ਕੋਈ ਫ਼ੈਸਲਾ ਨਹੀਂ ਸੁਣਾਇਆ ਬਸ ਕੁਛ ਸਵਾਲ ਕੀਤੇ ਹਨ ਜੋ ਮੇਰੇ ਪੇਸ਼ੇ ਨਾਲ ਅਤੇ ਮੇਰੀ ਪਛਾਣਨਾਲ ਜੁੜੇ ਹੋਏ ਹਨ। ਛੋਟੀ ਹੀ ਸਹੀ ਲੇਕਿਨ ਮੇਰੀ ਵੀ ਜਵਾਬਦੇਹੀ ਹੈ। ਦੂਸਰਿਆਂ ਲਈ ਘੱਟ, ਖ਼ੁਦ ਦੇ ਲਈ ਜ਼ਿਆਦਾ। ਮੈਨੂੰ ਪੱਕੇ ਤੌਰ 'ਤੇ ਅਹਿਸਾਸ ਹੈ ਕਿ ਹੁਣ ਹੋਰ ਥਾਵਾਂ ਉੱਪਰ ਵੀ ਨੌਕਰੀ ਨਹੀਂ ਮਿਲੇਗੀ। ਮੈਂ ਇਹ ਵੀ ਸਮਝਦਾ ਹਾਂ ਕਿ ਜੇ ਮੈਂ ਇਥੇ ਹੀ ਟਿਕਿਆ ਰਹਾਂਗਾ ਤਾਂ ਦੋ ਸਾਲ ਦੇ ਅੰਦਰ ਲੱਖ ਰੁਪਏ ਦੇ ਦਾਇਰੇ ਵਿਚ ਪਹੁੰਚ ਜਾਵਾਂਗਾ। ਮੇਰੀ ਤਨਖ਼ਾਹ ਵਧੀਆ ਹੈ ਲੇਕਿਨ ਇਹ ਸਹੂਲਤ ਬਹੁਤ ਸਾਰੀਆਂ ਹੋਰ ਕੁਰਬਾਨੀਆਂ ਲੈ ਰਹੀ ਹੈ, ਜੋ ਮੈਂ ਕਰਨਾ ਨਹੀਂ ਚਾਹੁੰਦਾ। ਸਧਾਰਨ ਮੱਧਵਰਗੀ ਪਰਿਵਾਰ ਵਿੱਚੋਂ ਆਉਣ ਕਰਕੇ ਮੈਂ ਜਾਣਦਾ ਹਾਂ ਕਿ ਬਿਨਾ ਤਨਖ਼ਾਹ ਦੇ ਦਿੱਕਤਾਂ ਵੀ ਬਹੁਤ ਹੋਣਗੀਆਂ ਲੇਕਿਨ ਫਿਰ ਵੀ ਮੈਂ ਆਪਣੀ ਜ਼ਮੀਰ ਦੀ ਆਵਾਜ਼ ਨੂੰ ਦਬਾਉਣਾ ਨਹੀਂ ਚਾਹੁੰਦਾ।

ਮੈਂ ਇਕ ਵਾਰ ਫਿਰ ਕਹਿ ਰਿਹਾ ਹਾਂ ਕਿ ਮੈਨੂੰ ਕਿਸੇ ਨਾਲ ਕੋਈ ਨਿੱਜੀ ਸ਼ਿਕਾਇਤ ਨਹੀਂ ਹੈ। ਮੇਰੇ ਸਵਾਲ ਸੰਸਥਾਈ ਅਤੇ ਸੰਪਾਦਕੀ ਨੀਤੀ ਨਾਲ ਜੁੜੇ ਹੋਏ ਹਨ। ਉਮੀਦ ਹੈ ਇਨ੍ਹਾਂ ਨੂੰ ਇਸੇ ਤਰ੍ਹਾਂ ਸਮਝਿਆ ਜਾਵੇਗਾ।

ਮੈਂ ਇਹ ਕਹਿਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਜੇ ਇਕ ਮੀਡੀਆ ਹਾਊਸ ਨੂੰ ਆਪਣੇ ਸੱਜੇਪੱਖੀ ਰੁਝਾਨ ਅਤੇ ਰੁਚੀ ਨੂੰ ਜ਼ਾਹਿਰ ਕਰਨ ਦਾ, ਵਖਿਆਨ ਕਰਨ ਦਾ ਹੱਕ ਹੈ ਤਾਂ ਇਕ ਵਿਅਕਤੀ ਦੇ ਤੌਰ 'ਤੇ ਸਾਡੇ ਵਰਗੇ ਲੋਕਾਂ ਨੂੰ ਵੀ ਆਪਣੇ ਸਿਆਸੀ ਝੁਕਾਅ ਦੇ ਬਾਰੇ ਵਿਚ ਗੱਲ ਕਰਨ ਦਾ ਪੂਰਾ ਹੱਕ ਹੈ। ਪੱਤਰਕਾਰ ਦੇ ਤੌਰ 'ਤੇ ਅਤੇ ਇਕ ਜਾਗਰੂਕ ਨਾਗਰਿਕ ਦੇ ਤੌਰ 'ਤੇ ਮੇਰਾ ਰਾਹ ਉਸ ਖੱਬੇਪੱਖ ਦਾ ਹੈ ਜੋ ਪਾਰਟੀ ਦਫ਼ਤਰਾਂ ਤੋਂ ਵੱਧ ਸਾਡੀਆਂ ਜ਼ਿੰਦਗੀਆਂ ਵਿਚ ਮਿਲਦਾ ਹੈ। ਇਹੀ ਮੇਰੀ ਪਛਾਣ ਹੈ।

ਅਤੇ ਅਖ਼ੀਰ ਵਿਚ ਇਕ ਸਾਲ ਤਕ ਲਮਕਣ ਵਾਲੀ ਖਿੱਚੋਤਾਣ ਲਈ ਧੰਨਵਾਦ। ਇਸ ਖਿੱਚੋਤਾਣ ਦੀ ਵਜ੍ਹਾ ਨਾਲ ਜ਼ੀ ਨਿਊਜ਼ ਵਿਚ ਮੇਰੇ ਕੁਛ ਵਧੀਆ ਦੋਸਤ ਬਣ ਸਕੇ।

ਆਦਰ ਤੇ ਸਨੇਹ ਸਹਿਤ,

**ਵਿਸ਼ਵਦੀਪਕ**

**19 ਫਰਵਰੀ 2016**

# ਆਈ. ਕਿਊ. ਟੈਸਟਿੰਗ : ਬੁੱਧੀਮਾਨਤਾ ਦਾ ਸਰਮਾਏਦਾਰਾ ਪੈਮਾਨਾ

ਡਾ.ਅੰਮ੍ਰਿਤ

ਜਦੋਂ ਕਿਸੇ ਦਾ ਜੁਆਕ ਕਿਸੇ ਮੁਕਾਬਲੇ ਦੇ ਇਮਤਿਹਾਨ ਵਿੱਚ ਰੈਂਕ ਕੱਢ ਲੈਂਦਾ ਹੈ ਤਾਂ ਲਵੇ ਦੇ ਘਰਾਂ ਦੇ ਪੜ੍ਹੇ-ਲਿਖੇ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਇਸ ਬੱਚੇ ਦਾ ਤਾਂ ਜੀ ਆਈ. ਕਿਊ. ਪਹਿਲਾਂ ਤੋਂ ਹੀ ਬਹੁਤ ਹਾਈ ਸੀ। ਪਹਿਲਾਂ ਤੋਂ ਹੀ ਤੋਂ ਉਹਨਾਂ ਦਾ ਭਾਵ ਜਨਮ ਤੋਂ ਹੀ ਹੁੰਦਾ ਹੈ। ਇਸ ਤੋਂ ਉਲਟਾ ਵੀ ਹੁੰਦਾ ਹੈ, ਜੇ ਕਿਸੇ ਦਾ ਜੁਆਕ ਰੈਂਕ ਨਾ ਕੱਢ ਸਕੇ ਤਾਂ ਉਸਦੇ ਪਰਿਵਾਰ ਵਾਲ਼ੇ ਕਹਿਣਗੇ ਕਿ ਸਾਡੇ ਮੁੰਡੇ ਦਾ ਆਈ. ਕਿਊ. ਤਾਂ ਜੀ ਬਹੁਤ ਹੈ, ਬੱਸ ਕਈ ਵਾਰੀ ਕਿਸਮਤ ਹੀ ਸਾਥ ਨਹੀਂ ਦਿੰਦੀ! ਅਜਿਹੀ ਹੀ ਕਿਸਮ ਦੀ ਹੋਰ ਕਿੰਨੀ ਗੱਲਬਾਤ ਅਸੀਂ ਰੋਜ਼ਾਨਾ ਜਿੰਦਗੀ ਵਿੱਚ ਸੁਣਦੇ ਰਹਿੰਦੇ ਹਾਂ ਜਿਸ ਵਿੱਚ ਮਨੁੱਖ ਦੀ ਬੌਧਿਕ ਸਮਰੱਥਾ ਨੂੰ ਉਸਦਾ ਜਨਮ ਤੋਂ ਮਿਲ਼ਿਆ ਗੁਣ ਮੰਨਿਆ ਜਾਂਦਾ ਹੈ ਜੋ ਕਿ ਬਾਅਦ ਵਿੱਚ ਉਸਦੀਆਂ ਬੌਧਿਕ ਪ੍ਰਾਪਤੀਆਂ ਦਾ ਅਧਾਰ ਬਣਦਾ ਹੈ। ਪਰ ਕੀ ਵਾਕਈ ਹੀ ਆਈ. ਕਿਊ. ਨਾਂ ਦੀ ਕੋਈ ਸ਼ੈਅ ਹੈ ਜਿਹੜੀ ਮਨੁੱਖ ਦੀ ਬੌਧਿਕ ਸਮਰੱਥਾ ਨੂੰ ਇੱਕ ਅੰਕੜੇ ਦੇ ਰੂਪ ਵਿੱਚ ਦਰਸਾ ਸਕਦੀ ਹੈ ਜਿਵੇਂ ਸਾਡੀ ਇਮਤਿਹਾਨਾਂ ਦੀ ਪ੍ਰਣਾਲ਼ੀ ਵਿੱਚ ਵਿਦਿਆਰਥੀ ਦਾ ਮੁਲੰਕਣ ਨੰਬਰਾਂ ਦੀ ਫੀਸਦੀ ਤੱਕ ਸਮੇਟ ਦਿੱਤਾ ਜਾਂਦਾ ਹੈ? ਦੂਸਰਾ ਆਈ. ਕਿਊ. ਦਾ ਪੂਰਾ ਸੰਕਲਪ ਹੀ ਕੀ ਹੈ? ਕੀ ਇਸਦਾ ਕੋਈ ਵਿਗਿਆਨਕ ਅਧਾਰ ਹੈ? ਕੀ ਸਾਰੇ ਵਿਗਿਆਨੀ ਇਸ ਨਾਲ਼ ਸਹਿਮਤ ਹਨ ਜਿਵੇਂ ਕਿ ਅਕਸਰ ਇਸਨੂੰ ਇੱਕ ਆਮ ਪ੍ਰਵਾਨਤ ਵਿਗਿਆਨਕ ਸੱਚ ਵਜੋਂ ਪ੍ਰਚਾਰਿਆ ਜਾਂਦਾ ਹੈ? ਅਜਿਹੇ ਹੀ ਸਵਾਲਾਂ ਨੂੰ ਅਸੀਂ ਹੱਥਲੇ ਲੇਖ ਵਿੱਚ ਰੂਬਰੂ ਹੋਵਾਂਗੇ।

ਮਨੁੱਖ ਦੀ ਬੌਧਿਕ ਸਮਰੱਥਾ ਨੂੰ ਕੁਝ ਕੁ ਨੰਬਰਾਂ ਜਾਂ ਗ੍ਰੇਡਾਂ ਤੱਕ ਸਮੇਟ ਦੇਣ ਦੀ ਕੋਸ਼ਿਸ਼ ਕਰਨ ਵਾਲ਼ਿਆਂ ਵਿੱਚੋਂ ਪਹਿਲਾ ਸਖਸ਼ ਫ੍ਰਾਂਸਿਸ ਗਾਲਤਨ ਸੀ। ਫ੍ਰਾਂਸਿਸ ਗਾਲਤਨ ਬੇਸ਼ੱਕ ਇੱਕ ਜ਼ਹੀਨ ਵਿਗਿਆਨੀ ਸੀ, ਬਹੁਤ ਸਾਰੀਆਂ ਵਿਗਿਆਨਕ ਖੋਜਾਂ, ਜਿਵੇਂ ਇਹ ਖੋਜ ਕਿ ਹੱਥਾਂ ਦੇ ਨਿਸ਼ਾਨ ਹਰ ਵਿਅਕਤੀ ਦੇ ਅਲੱਗ-ਅਲੱਗ ਹੁੰਦੇ ਹਨ, ਉਸਦੇ ਨਾਂ ਹਨ ਪਰ ਉਸਦੇ ਬਹੁਤ ਸਾਰੇ ਵਿਚਾਰ ਵਿਵਾਦਮਈ ਰਹੇ। ਯੂਜੇਨਿਕਸ ਭਾਵ ਮਨੁੱਖੀ ਨਸਲ ਸੁਧਾਰ ਵਿਗਿਆਨ ਜਿਹੇ ਬਦਨਾਮ ਵਿਚਾਰਾਂ ਦਾ ਉਹ ਜਨਮਦਾਤਾ ਸੀ। ਯਾਦ ਰਹੇ ਇਸੇ ਅਖੌਤੀ ਵਿਗਿਆਨ ਨੂੰ ਅਧਾਰ ਬਣਾ ਕੇ ਜਰਮਨੀ ਵਿੱਚ ਨਾਜ਼ੀਆਂ ਨੇ ਨਸਲੀ ਸ਼ੁੱਧਤਾ ਲਈ ਮੁਹਿੰਮਾਂ ਖੜੀਆਂ ਕੀਤੀਆਂ ਸਨ ਜਿਹਨਾਂ ਅਧੀਨ ਉਹਨਾਂ ਨੇ ਬੁੱਧੀਮਾਨ ਬੱਚੇ ਪੈਦਾ ਕਰਨ ਲਈ ਔਰਤਾਂ ਦੀਆਂ ਟੋਲੀਆਂ ਬਣਾਈਆਂ ਜਿਹਨਾਂ ਨੂੰ ਬੱਚੇ ਪੈਦਾ ਕਰਨ ਦੀਆ ਮਸ਼ੀਨਾਂ ਬਣਾ ਦਿੱਤਾ ਗਿਆ। ਮਨੁੱਖ ਦੀ ਬੌਧਿਕ ਸਮਰੱਥਾ ਨੂੰ ਅੰਕੜਿਆਂ ਰਾਹੀਂ ਦਰਸਾਉਣ ਦੀਆਂ ਕੋਸ਼ਿਸ਼ਾਂ ਵਿੱਚ ਫ੍ਰਾਂਸਿਸ ਗਾਲਤਨ ਅਸਫ਼ਲ ਰਿਹਾ ਹੈ ਅਤੇ ਅੰਤ ਵਿੱਚ ਉਸਨੇ ਇਸ ਵਿਚਾਰ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ। ਪ੍ਰੰਤੂ ਇਸਦੇ ਬਾਵਜੂਦ ਇਹ ਯਤਨ ਜਾਰੀ ਰਹੇ। 1905 ਵਿੱਚ ਫਰਾਂਸੀਸੀ ਮਨੋਵਿਗਿਆਨੀ ਅਲਫ੍ਰਡ ਬਿਨੇਟ ਨੇ ਆਪਣੇ ਸਾਥੀਆਂ ਵਿਕਟਰ ਹੈਨਰੀ ਅਤੇ ਥੇਓਡੋਰ ਸਿਮੋਨ ਨਾਲ਼ ਮਿਲ਼ਕੇ ਬਿਨੇਟ-ਸਿਮੋਨ ਨਾਂ ਦਾ ਟੈਸਟ ਈਜਾਦ ਕੀਤਾ ਜਿਹੜਾ ਮਨੁੱਖ ਦੀ ਜਾਣਕਾਰੀਆਂ ਦੀ ਵਰਤੋਂ ਕਰਦੇ ਹੋਏ ਸਮੱਸਿਆਵਾਂ ਨੂੰ ਹੱਲ ਕਰਨ ਦੀ ਸਮਰੱਥਾ ਨੂੰ ਪਰਖਣ ਲਈ ਈਜਾਦ ਕੀਤਾ ਗਿਆ ਸੀ। ਪਰ ਅਲਫ੍ਰਡ ਤੇ ਉਸਦੇ ਸਾਥੀਆਂ ਦਾ ਮਕਸਦ ਮਨੁੱਖਾਂ ਦੀ ਸਮਰੱਥਾ ਨੂੰ ਨੰਬਰ ਜਾਂ ਗ੍ਰੇਡ ਦੇਕੇ ਉਹਨਾਂ ਦੀ ਦਰਜਾਬੰਦੀ ਕਰਨਾ ਨਹੀਂ ਸੀ ਸਗੋਂ ਉਹਨਾਂ ਨੇ ਇਸ ਟੈਸਟ ਨੂੰ ਇਸ ਲਈ ਈਜਾਦ ਕੀਤਾ ਸੀ ਤਾਂ ਕਿ ਅਜਿਹੇ ਬੱਚਿਆਂ ਦੀ ਸ਼ਨਾਖਤ ਕੀਤੀ ਜਾ ਸਕੇ ਜਿਹੜੇ ਸਕੂਲ ਵਿੱਚ ਉਮੀਦ ਮੁਤਾਬਕ ਵਿੱਦਿਅਕ ਯੋਗਤਾ ਹਾਸਲ ਨਹੀਂ ਕਰ ਪਾਉਂਦੇ ਸਨ ਤੇ ਫਿਰ ਉਹਨਾਂ ਦੀ ਇਸ ਸਥਿਤੀ ਤੋਂ ਉਭਰਨ ਵਿੱਚ ਮਦਦ ਕੀਤੀ ਜਾ ਸਕੇ। ਸਮੇਂ ਨਾਲ਼ ਜਿਵੇਂ-ਜਿਵੇਂ ਮੈਡੀਕਲ ਵਿਗਿਆਨ ਵਿਕਸਤ ਹੋਇਆ ਤਾਂ ਬਿਨੇਟ-ਸਿਮੋਨ ਟੈਸਟ ਨੂੰ ਵਿਸਥਾਰਿਆ ਤੇ ਸੁਧਾਰਿਆ ਗਿਆ ਅਤੇ ਇਸਦੀ ਵਰਤੋਂ ਦਿਮਾਗ਼ੀ ਰੋਗਾਂ ਦੀ ਸਟੀਕ ਨਿਸ਼ਾਨਦੇਹੀ ਕਰਨ ਲਈ ਕੀਤੀ ਜਾਣ ਲੱਗੀ, ਮਸਲਨ ਦਿਮਾਗ਼ ਦੇ ਕਿਸੇ ਖਾਸ ਹਿੱਸੇ ਦੀ ਬਿਮਾਰੀ ਹੋਣ ਜਾਂ ਕਿਸੇ ਖਾਸ ਹਿੱਸੇ ਨੂੰ ਨੁਕਸਾਨ ਪਹੁੰਚਣ ਨਾਲ਼ ਉਸ ਹਿੱਸੇ ਨਾਲ਼ ਸਬੰਧਤ ਮਨੁੱਖੀ ਬੌਧਿਕ ਸਮਰੱਥਾ ਉੱਤੇ ਪ੍ਰਭਾਵ ਪੈਂਦਾ ਹੈ, ਜਿਸਨੂੰ ਪਛਾਣਨ ਲਈ ਇਹ ਟੈਸਟ ਬੇਹੱਦ ਸਾਰਥਿਕ ਭੂਮਿਕਾ ਨਿਭਾਉਂਦੇ ਹਨ।

ਬਿਲਕੁਲ ਇਸੇ ਸਮੇਂ ਹੀ, ਭਾਵ ਕਿ 1904 ਵਿੱਚ ਬ੍ਰਿਟੇਨ ਦਾ ਇੱਕ ਵਿਗਿਆਨੀ ਚਾਰਲਸ ਸਪੀਅਰਮੈਨ ਵੀ ਆਈ. ਕਿਊ. ਟੈਸਟਾਂ ਉੱਤੇ ਕੰਮ ਕਰ ਰਿਹਾ ਸੀ। ਆਪਣੇ ਤਜਰਬਿਆਂ ਨੂੰ ਸਮੇਟਦੇ ਹੋਏ ਉਸਨੇ ਇਹ ਨਤੀਜਾ ਕੱਢਿਆ ਕਿ ਮਨੁੱਖ ਦੀ ਬੁੱਧੀਮਾਨਤਾ ਨੂੰ ਇੱਕ ਬੌਧਿਕ-ਫੈਕਟਰ ਰਾਹੀਂ ਦਰਸਾਇਆ ਜਾ ਸਕਦਾ ਹੈ ਜਿਸਨੂੰ ਉਸਨੇ ਜੀ-ਫੈਕਟਰ ਕਿਹਾ। ਉਸ ਦੇ ਸਿਧਾਂਤ ਅਨੁਸਾਰ ਜੀ-ਫੈਕਟਰ ਇੱਕ ਅਜਿਹਾ ਕਾਰਕ ਹੈ ਜਿਹੜਾ ਮਨੁੱਖ ਦੇ ਦਿਮਾਗ਼ ਦੀ ਸਮੁੱਚੀ ਸਰਗਰਮੀ ਨੂੰ ਦਰਸਾ ਸਕਦਾ ਹੈ ਅਤੇ ਇਹ ਕਾਰਕ ਮੂਲ ਰੂਪ ਵਿੱਚ ਮਨੁੱਖ ਨੂੰ ਪੀੜ੍ਹੀ-ਦਰ-ਪੀੜ੍ਹੀ ਹਾਸਲ ਹੁੰਦਾ ਹੈ, ਇਸ ਉੱਤੇ ਮਨੁੱਖ ਦੇ ਵਾਤਾਵਰਨ ਅਤੇ ਉਸਦੇ ਸਮਾਜਕ-ਪਰਿਵਾਰਕ ਪਾਲਣ-ਪੋਸ਼ਣ ਦਾ ਕੋਈ ਖਾਸ ਪ੍ਰਭਾਵ ਨਹੀਂ ਪੈਂਦਾ। ਕੁਝ ਕੁ ਵਿਗਿਆਨੀਆਂ ਨੇ ਇਸਨੂੰ ਦਿਮਾਗ਼ ਦੇ ਅਕਾਰ ਨਾਲ਼ ਜੋੜਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਵੀ ਇਸ ਦੇ ਮੂਲ ਰਵਾਨਗੀ ਨੁਕਤਾ ਕਿ ਮਨੁੱਖੀ ਬੌਧਿਕ ਸਮਰੱਥਾ ਮਨੁੱਖ ਦੇ ਜੀਵਨ ਹਾਲਤਾਂ ਉੱਤੇ ਨਹੀਂ ਸਗੋਂ ਉਸਦੀ ਅਨੁਵੰਸ਼ਕ (ਜੇਨੇਟਿਕ) ਬਣਤਰ ਉੱਤੇ ਨਿਰਭਰ ਹੁੰਦੀ ਹੈ, ਤੋਂ ਬਹੁਤਾ ਇੱਧਰ-ਉੱਧਰ ਨਹੀਂ ਹੋ ਸਕੇ। ਬੱਸ ਇੱਥੋਂ ਹੀ ਸ਼ੁਰੂ ਹੁੰਦੀ ਆਈ. ਕਿਊ. ਟੈਸਟਿੰਗ ਦਾ ਆਧੁਨਿਕ ਸਫ਼ਰ ਜੋ ਅੱਜ ਹਰ ਤਰ੍ਹਾਂ ਦੇ ਨਸਲੀ, ਅਮੀਰੀ-ਗਰੀਬੀ, ਲਿੰਗਕ ਭੇਦਭਾਵ ਨੂੰ ਸਹੀ ਠਹਿਰਾਉਣ ਦਾ ਵਿਗਿਆਨ ਬਣਿਆ ਹੋਇਆ ਹੈ। ਸਪੀਅਰਮੈਨ ਦੇ ਇਸ ਜੀ-ਫ਼ੈਕਟਰ ਦੇ ਸਿਧਾਂਤ ਨੂੰ ਅਧਾਰ ਬਣਾਉਂਦੇ ਹੋਏ ਹੁਣ ਕਿੰਨੇ ਹੀ ਤਰ੍ਹਾਂ ਦੇ ਆਈ. ਕਿਊ. ਟੈਸਟ ਕਰਨ ਵਾਲੇ ਢੰਗ ਤਰੀਕੇ ਹੋਂਦ ਵਿੱਚ ਆ ਸਕਦੇ ਹਨ।

ਜਮਾਤਾਂ ਵਿੱਚ ਵੰਡੇ ਸਮਾਜ ਵਿੱਚ ਵਿਗਿਆਨ ਸਿਆਸਤ ਤੇ ਵਿਚਾਰਧਾਰਾਵਾਂ ਦੇ ਭੇੜ ਤੋਂ ਅਛੂਤਾ ਨਹੀਂ ਰਹਿੰਦਾ, ਵਿਗਿਆਨਕ ਸਿਧਾਂਤਾਂ ਨੂੰ ਵੱਖ-ਵੱਖ ਵਿਚਾਰਧਾਰਾਵਾਂ ਤੇ ਉਹਨਾਂ ਉੱਤੇ ਅਧਾਰਤ ਸਿਆਸਤ ਵੱਲੋਂ ਆਪੋ-ਆਪਣੇ ਫਾਇਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ; ਆਈ. ਕਿਊ. ਟੈਸਟਿੰਗ ਨਾਲ਼ ਵੀ ਇਹੀ ਕੁੱਝ ਹੋਇਆ। 1789 ਦੇ ਫਰਾਂਸੀਸੀ ਇਨਕਲਾਬ ਦੌਰਾਨ ਸਰਮਾਏਦਾਰ ਜਮਾਤ ਨੇ ਬਰਾਬਰੀ ਦੇ ਜਿਹੜੇ ਵਾਅਦੇ ਮਨੁੱਖਤਾ ਨਾਲ਼ ਕੀਤੇ ਸਨ, ਉਹਨਾਂ ਦੀ ਫੂਕ ਬਹੁਤ ਜਲਦ ਹੀ ਨਿੱਕਲ਼ ਚੁੱਕੀ ਸੀ। ਵਿਗਿਆਨ ਦੇ ਵਿਕਾਸ ਦੀ ਵਰਤੋਂ ਨਾਲ਼ ਜਿੱਥੇ ਸਰਮਾਏਦਾਰੀ ਨੇ ਮਨੁੱਖ ਦੀ ਪੈਦਾਵਾਰੀ ਤਾਕਤ ਨੂੰ ਬਹੁਤ ਵਧਾ ਦਿੱਤਾ, ਉਸਨੂੰ ਕੁਦਰਤ ਨਾਲ਼ ਸੰਘਰਸ਼ ਖਿਲਾਫ਼ ਮਜਬੂਤੀ ਦਿੱਤੀ, ਉੱਥੇ ਹੀ ਸਰਮਾਏਦਾਰੀ ਨੇ ਵਿਗਿਆਨਕ ਸਿਧਾਂਤਾਂ ਨੂੰ ਆਪਣੇ ਮਕਸਦ ਲਈ ਘੜਨਾ-ਛਿੱਲਣਾ ਸ਼ੁਰੂ ਕਰ ਦਿੱਤਾ। ਵਿਗਿਆਨ ਨੂੰ ਸਰਮਾਏਦਾਰੀ ਦੁਆਰਾ ਬਰਾਬਰੀ ਸਥਾਪਤ ਕਰਨ ਦੇ ਆਪਣੇ ਵਾਅਦਿਆਂ ਤੋਂ ਮੁੱਕਰਨ ਲਈ ਬਹਾਨੇ ਘੜਨ ਲਈ ਵਰਤਿਆ ਜਾਣ ਲੱਗਿਆ। ਡਾਰਵਿਨ ਦੇ ਜੀਵ-ਵਿਕਾਸ ਦੇ ਇਨਕਲਾਬੀ ਸਿਧਾਂਤ ਨਾਲ਼ ਸਰਮਾਏਦਾਰੀ ਨੇ ਅਜਿਹਾ ਕੁਝ ਹੀ ਕੀਤਾ ਜਦੋਂ ਉਸ ਦੇ ਬੌਧਿਕ ਚਾਕਰਾਂ ਨੇ ਜੀਵ-ਵਿਕਾਸ ਦੇ ਸਿਧਾਂਤ ਨੂੰ ਸਮਾਜ ਵਿਗਿਆਨ ਵਿੱਚ ਘੁਸੇੜ ਕੇ ਸਮਾਜਕ ਡਾਰਵਿਨਵਾਦ ਦਾ ਮਨੁੱਖਤਾ-ਵਿਰੋਧੀ ਸਿਧਾਂਤ ਖੜ੍ਹਾ ਕੀਤਾ। ਆਈ. ਕਿਊ.




ਦਾ ਸਿਧਾਂਤਕ ਚੌਖਟਾ ਵੀ ਸਮਾਜਕ ਡਾਰਵਿਨਵਾਦ ਦਾ ਹੀ ਵਿਗਾੜਿਆ ਤੇ ਨਵੇਂ ਲੀੜੇ ਪਵਾ ਕੇ ਪੇਸ਼ ਕੀਤਾ ਗਿਆ ਸਿਧਾਂਤ ਹੈ।

ਸਰਮਾਏਦਾਰੀ ਆਈ. ਕਿਊ. ਨੂੰ ਆਪਣੇ ਫਾਇਦੇ ਲਈ ਕਿਵੇਂ ਇਸਤੇਮਾਲ ਕਰਦੀ ਹੈ ਜਾਂ ਸਮਝਦੀ ਹੈ ਇਹ ਉਸਦਾ ਫਾਇਦਾ ਕਰਦਾ ਹੈ, ਇਸਦੀਆਂ ਕਈ ਮਿਸਾਲਾਂ ਹਨ। ਜੀ-ਫੈਕਟਰ ਦਾ ਸਿਧਾਂਤ ਆਉਣ ਦੇ ਨਾਲ਼ ਹੀ ਪਹਿਲੀ ਸੰਸਾਰ ਜੰਗ ਸਮੇਂ ਅਮਰੀਕਾ ਸਰਕਾਰ ਨੇ ਜੀ-ਫੈਕਟਰ ਦੀ ਵਰਤੋਂ ਫੌਜੀ ਭਰਤੀ ਲਈ ਕੀਤੀ ਕਿਉਂਕਿ ਅਮਰੀਕੀ ਫੌਜੀ ਸਲਾਹਕਾਰਾਂ ਅਨੁਸਾਰ ਜੀ-ਫੈਕਟਰ ਦੇ ਖਾਸ 'ਸਕੋਰ' ਵਾਲ਼ੇ ਵਿਅਕਤੀ ਅਫ਼ਸਰ ਬਣਨ ਦੇ ਲਾਇਕ ਸਨ ਤੇ ਘੱਟ 'ਸਕੋਰ' ਵਾਲ਼ੇ ਸਿਪਾਹੀ। ਉਸ ਤੋਂ ਬਾਅਦ ਜੀ-ਫੈਕਟਰ ਜੋ ਕਿ ਫ੍ਰਾਂਸਿਸ ਗਾਲਤਨ ਦੇ ਸਿਧਾਂਤਾਂ ਦਾ ਹੀ ਅਗਲਾ ਰੂਪ ਸੀ, ਨੂੰ ਨਾਜ਼ੀਆਂ ਨੇ ਆਪਣੇ ਸੰਸਾਰ-ਜਿੱਤਣ ਤੇ ਸਮੁੱਚੀ ਦੁਨੀਆਂ ਨੂੰ ਆਪਣਾ ਗੁਲਾਮ ਬਣਾਉਣ ਦੇ ਪ੍ਰੋਜੈਕਟ ਲਈ ਵਰਤਿਆ ਹੈ ਜਿਸ ਅਧੀਨ ਲੋਕਾਂ ਤੇ ਖਾਸ ਕਰਕੇ ਔਰਤਾਂ ਉੱਤੇ ਜਿਹੜੇ ਜ਼ੁਲਮ ਢਾਹੇ ਗਏ, ਉਹ ਇੱਕ ਵੱਖਰੀ ਕਹਾਣੀ ਹੈ। ਦੂਜੀ ਜੰਗ ਖਤਮ ਹੋਣ ਤੋਂ ਬਾਅਦ ਸੰਸਾਰ ਭਰ ਵਿੱਚ ਸਰਮਾਏਦਾਰੀ ਨੂੰ ਕੁਝ ਸਮੇਂ ਲਈ ਸਾਹ ਮਿਲ਼ਿਆ ਅਤੇ ਸਰਮਾਏਦਾਰੀ ਦਾ ਕੰਮ-ਧੰਦਾ ਫੈਲਣ ਲੱਗਾ। ਹੁਣ ਆਈ. ਕਿਊ. ਟੈਸਟਿੰਗ ਦੀ ਵਰਤੋਂ ਸਰਮਾਏਦਾਰੀ ਨੇ ਆਪਣੇ ਅਧੀਨ ਵੱਖ-ਵੱਖ ਕਿੱਤਿਆਂ ਲਈ ਕਰਨੀ ਸ਼ੁਰੂ ਕੀਤੀ। ਅਜਿਹੇ 'ਚਾਰਟ' ਹੋਂਦ ਵਿੱਚ ਆਉਣ ਲੱਗੇ ਜਿਹੜੇ ਇਹ ਦੱਸਦੇ ਸਨ ਕਿ ਕਿੰਨੇ ਆਈ. ਕਿਊ. ਵਾਲ਼ੇ ਵਿਅਕਤੀ ਨੂੰ ਪ੍ਰੋਫੈਸਰ-ਬੁੱਧੀਜੀਵੀ ਬਣਾਇਆ ਜਾਵੇ, ਕਿੰਨੇ ਆਈ. ਕਿਊ. ਵਾਲ਼ੇ ਵਿਅਕਤੀ ਨੂੰ ਪ੍ਰਸ਼ਾਸ਼ਕ ਤੇ ਕਿੰਨੇ ਆਈ. ਕਿਊ. ਵਾਲ਼ੇ ਵਿਅਕਤੀ ਨੂੰ ਸੇਲਜ਼ਮੈਨ। ਇਹਨਾਂ ਚਾਰਟਾਂ ਦਾ ਦੂਜਾ ਅਰਥ ਜੋ ਜਲਦ ਹੀ ਸਾਹਮਣੇ ਆਇਆ, ਉਹ ਇਹ ਸੀ ਕਿ ਕੋਈ ਵਿਅਕਤੀ ਪ੍ਰੋਫੈਸਰ ਇਸ ਲਈ ਬਣਦਾ ਹੈ ਕਿਉਂਕਿ ਉਸਦਾ ਆਈ. ਕਿਊ. ਜ਼ਿਆਦਾ ਹੈ ਤੇ ਸੇਲਜ਼ਮੈਨ ਇਸ ਲਈ ਬਣਦਾ ਹੈ ਕਿਉਂਕਿ ਉਸਦਾ ਆਈ. ਕਿਊ. ਘੱਟ ਹੈ। ਭਾਵ ਕਿ ਕੋਈ ਵਿਅਕਤੀ ਕਿਸੇ ਕਿੱਤੇ ਵਿੱਚ ਲੱਗਿਆ, ਇਸ ਸਭ ਦਾ ਉਸਦੀਆਂ ਸਮਾਜਕ ਹਾਲਤਾਂ ਨਾਲ਼ ਕੋਈ ਲੈਣਾ-ਦੇਣਾ ਨਹੀਂ, ਸਗੋਂ ਇਹ ਤਾਂ ਉਸਦਾ ਆਈ. ਕਿਊ. ਹੈ ਜੋ ਉਸਨੂੰ ਜਨਮ ਤੋਂ ਮਿਲ਼ਿਆ ਹੈ ਅਤੇ ਅੰਤ ਵਿੱਚ ਇਸਦਾ ਅਸਲੀ ਅਰਥ ਸਾਹਮਣਾ ਆਇਆ, ਕਿ ਕੋਈ ਵਿਅਕਤੀ ਮਜ਼ਦੂਰੀ ਕਰਦਾ ਹੈ, ਜਾਂ ਅਜਿਹਾ ਹੀ ਹੋਰ ਕੰਮ ਕਰਦਾ ਹੈ ਜਿਸਦੀ ਤਨਖਾਹ ਬੇਹੱਦ ਘੱਟ ਹੈ ਤਾਂ ਇਹ ਉਸ ਆਦਮੀ ਦਾ ਆਈ. ਕਿਊ. ਘੱਟ ਹੋਣਾ ਹੈ ਜਿਸ ਕਾਰਨ ਉਸਦੀ ਤਨਖਾਹ ਘੱਟ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਿਸ ਤਰ੍ਹਾਂ ਸਰਮਾਏਦਾਰੀ ਦੇ ਬੌਧਿਕ ਚਾਕਰਾਂ ਨੇ ਸਮਾਜ ਵਿੱਚ ਮਜ਼ਦੂਰਾਂ ਭਾਵ ਬਹੁਗਿਣਤੀ ਲੋਕਾਂ ਦੀ ਲੁੱਟ-ਖਸੁੱਟ ਨੂੰ ਵਿਗਿਆਨ ਦਾ ਜਾਮਾ ਪਹਿਨਾ ਦਿੱਤਾ ਅਤੇ ਇਸਨੂੰ ਇੱਕ ਵਿਗਿਆਨਕ ਸੱਚਾਈ ਐਲਾਨ ਦਿੱਤਾ।

ਸਰਮਾਏਦਾਰੀ ਦੇ ਕੁਝ ਬੌਧਿਕ ਚਾਕਰਾਂ ਨੇ ਤਾਂ 9 ਜੁਰਮਾਂ ਨੂੰ ਵੀ ਆਈ. ਕਿਊ. ਨਾਲ਼ ਜੋੜ ਦਿੱਤਾ ਹੈ। ਇਹਨਾਂ ਦਾ ਕਹਿਣਾ ਹੈ ਕਿ ਘੱਟ ਆਈ. ਕਿਊ. ਦੇ ਲੋਕ ਹੀ ਆਮ ਕਰਕੇ ਅਪਰਾਧਾਂ ਨੂੰ ਅੰਜ਼ਾਮ ਦਿੰਦੇ ਹਨ, ਸੁਭਾਵਿਕ ਹੈ ਕਿ ਇਹਨਾਂ ਦੇ ਪੈਮਾਨਿਆਂ ਅਨੁਸਾਰ ਘੱਟ ਆਈ. ਕਿਊ. ਵਾਲੇ ਲੋਕ ਗਰੀਬ ਲੋਕ ਹੀ ਹੁੰਦੇ ਹਨ, ਇਸ ਲਈ ਅਪਰਾਧ ਵੀ ਗਰੀਬ ਲੋਕ ਹੀ ਕਰਦੇ ਹਨ, ਜਾਂ ਕਿਹਾ ਜਾਵੇ ਗਰੀਬਾਂ ਵਿੱਚ ਹੀ ਅਪਰਾਧੀ ਪ੍ਰਵਿਰਤੀਆਂ ਹੁੰਦੀਆਂ ਹਨ। ਬਿਲਕੁਲ ਅਜਿਹਾ ਹੀ ਸਿਧਾਂਤ ਵਾਧੂ ਕ੍ਰੋਮੋਸੋਮ ਦਾ ਸਿਧਾਂਤ ਹੈ ਜਿਸ ਅਨੁਸਾਰ ਕੋਈ ਵਿਆਤੀ ਇਸ ਲਈ ਅਪਰਾਧੀ ਹੁੰਦਾ ਹੈ ਕਿਉਂਕਿ ਉਸ ਵਿੱਚ ਇੱਕ ਵਾਧੂ ਕ੍ਰੋਮੋਸੋਮ ਹੁੰਦਾ ਹੈ, ਭਾਵੇਂ ਇਹ ਸਿਧਾਂਤ ਹੁਣ ਬੁਰੀ ਪਿਟ ਚੁੱਕਾ ਹੈ। ਹੋਰ ਤਾਂ ਹੋਰ, ਕਈ ਲੱਕੜਸਿਰੇ ਤਾਂ ਅਜਿਹੇ ਵੀ ਹਨ ਜਿਹੜੇ ਯੂਰਪ ਵੱਲੋਂ ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਦੇ ਦੇਸ਼ਾਂ ਦੇ ਗੁਲਾਮ ਬਣਨ ਦਾ ਕਾਰਨ ਵੀ ਯੂਰਪੀ ਲੋਕਾਂ ਦੇ ਉੱਚੇ ਆਈ. ਕਿਊ. ਨੂੰ ਦੱਸਦੇ ਹਨ। ਅਜਿਹੇ ਲੱਕੜਸਿਰੇ ਸੁਭਾਵਿਕ ਹੈ ਭਾਰਤ ਵਿੱਚ ਜ਼ਿਆਦਾ ਮਿਲ਼ਦੇ ਹਨ!! ਅਸਲ ਵਿੱਚ ਇਹ ਸਾਰੇ ਅਲੋਕਾਰੇ ਸਿਧਾਂਤ ਮਨੁੱਖੀ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦਾ ਸਮਾਜ-ਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਥਾਂ ਦੂਜਿਆਂ ਵਿਗਿਆਨਾਂ ਦੇ ਸਿਧਾਂਤਾਂ ਨੂੰ ਤੋੜ-ਮਰੋੜ ਕੇ ਮਨੁੱਖੀ ਸਮਾਜ ਉੱਤੇ ਲਾਗੂ ਕਰਦੇ ਹੋਏ ਮੌਜੂਦਾ ਸਮਾਜ ਦੀ ਨਾ-ਬਰਾਬਰੀ, ਲੁੱਟ-ਖਸੁੱਟ ਵਾਲ਼ੀ ਹਾਲਤ ਨੂੰ ਤਰਕਸੰਗਤ ਤੇ ਇੱਕ ਕੁਦਰਤੀ ਹਾਲਤ ਵਜੋਂ ਸਿੱਧ ਕਰਨਾ ਹੁੰਦਾ ਹੈ। ਜਿਵੇਂ ਮੱਧਕਾਲ ਵਿੱਚ ਬਹੁਗਿਣਤੀ ਅਬਾਦੀ ਦੀ ਰਾਜੇ ਅੱਗੇ ਅਧੀਨਗੀ ਨੂੰ ਰੱਬੀ ਹੁਕਮ ਕਹਿ ਕੇ ਇੱਕ ਕੁਦਰਤੀ ਹਾਲਤ ਵਜੋਂ ਸਿੱਧ ਕਰਨ ਦਾ ਠੇਕਾ ਧਰਮ ਦੇ ਪੁਜਾਰੀਆਂ ਨੇ ਲਿਆ ਹੋਇਆ ਸੀ, ਉਹੀ ਕੁਝ ਸਰਮਾਏਦਾਰੀ ਢਾਂਚਾ ਜਿਹੜਾ ਧਰਮ ਦੀ ਉਸ ਤਰੀਕੇ ਨਾਲ਼ ਵਰਤੋਂ ਨਹੀਂ ਕਰ ਸਕਦਾ, ਆਪਣੇ-ਆਪ ਨੂੰ ਨਿਆਈਂ ਤੇ ਕੁਦਰਤੀ ਸਿੱਧ ਕਰਨ ਲਈ ਵਿਗਿਆਨ ਦਾ ਨਕਾਬ ਚੜ੍ਹੇ ਹੋਏ ਸਿਧਾਂਤਾਂ ਰਾਹੀਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਲਈ ਸਰਮਾਏਦਾਰਾ ਵਿੱਦਿਅਕ ਢਾਂਚਾ ਅਜਿਹੇ ਵਿਗਿਆਨੀਆਂ ਦੀ ਵੱਡੀ ਫੌਜ ਤਿਆਰ ਕਰਦਾ ਹੈ।

ਪਰ ਅਜਿਹਾ ਨਹੀਂ ਹੈ ਕਿ ਅਜਿਹੇ ਕੋਝੇ ਸਿਧਾਂਤਾਂ ਦਾ ਕੋਈ ਵਿਰੋਧ ਨਹੀਂ ਹੋਇਆ, ਇਹਨਾਂ ਦੀ ਵਿਗਿਆਨਕਤਾ ਨੂੰ ਨੰਗਾ ਨਹੀਂ ਕੀਤਾ ਗਿਆ। 1994 ਵਿੱਚ ਆਈ. ਕਿਊ. ਸਿਧਾਂਤ ਦੇ ਪੱਖ ਵਿੱਚ ਲਿਖੀ ਗਈ ਸਭ ਤੋਂ ਬਦਨਾਮ ਕਿਤਾਬ ਬੈਲ ਕਰਵ ਆਈ ਜਿਸਦੇ ਮੁੱਖ ਸਿੱਟੇ ਇਹ ਸਨ 1) ਮਨੁੱਖ ਦੀ ਬੌਧਿਕ ਸਮਰੱਥਾ ਨੂੰ ਇੱਕ ਅੰਕੜੇ ਰਾਹੀਂ ਦਰਸਾਉਣਾ ਸੰਭਵ ਹੈ, 2) ਹਰੇਕ ਵਿਅਕਤੀ ਨੂੰ ਦਿੱਤੇ ਗਏ ਆਈ. ਕਿਊ. ਦੇ ਅੰਕਾਂ ਦੇ ਅਧਾਰ ਉੱਤੇ ਵਿਅਕਤੀਆਂ ਦੀਆਂ ਦਰਜਾਬੰਦੀ ਕਰਨੀ ਸੰਭਵ ਹੈ, 3) ਮਨੁੱਖ ਦਾ ਆਈ. ਕਿਊ. ਮੁੱਖ ਰੂਪ ਵਿੱਚ ਅਨੁਵੰਸ਼ਕ ਤੌਰ 'ਤੇ ਤੈਅ ਹੁੰਦਾ ਹੈ, 4) ਆਈ. ਕਿਊ. ਮਨੁੱਖ ਦੀ ਪੂਰੀ ਉਮਰ ਦੌਰਾਨ ਅਬਦਲ ਰਹਿੰਦਾ ਹੈ। ਇਹ ਕਿਤਾਬ ਇਸ ਤੋਂ ਵੀ ਅੱਗੇ ਗਈ, ਇਸ ਨੇ ਗੋਰੇ ਲੋਕਾਂ ਨੂੰ ਕਾਲ਼ੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਬੁੱਧੀਮਾਨ ਸਿੱਧ ਕਰਨ ਲਈ ਆਈ. ਕਿਊ. ਦੇ ਸਿਧਾਂਤ ਦਾ ਭੱਦਾ ਇਸਤੇਮਾਲ ਕੀਤਾ ਜਿਸਦਾ ਦੁਨੀਆਂ ਭਰ ਵਿੱਚ ਵਿਰੋਧ ਹੋਇਆ। ਇਸ ਕਿਤਾਬ ਦੀ ਸਭ ਤੋਂ ਪਹਿਲੀ ਤੇ ਤਿੱਖੀ ਆਲੋਚਨਾ ਮਸ਼ਹੂਰ ਵਿਗਿਆਨੀ ਸਟੀਫ਼ਨ ਜੇ. ਗਾਊਲਡ ਨੇ ਲਿਖੀ ਜਿਸ ਨੇ ਇਸ ਸਮੁੱਚੇ ਸਿਧਾਂਤ ਦਾ ਖੋਖਲਾਪਣ ਜੱਗ-ਜ਼ਾਹਿਰ ਕਰ ਦਿੱਤਾ। ਸਟੀਫ਼ਨ ਗਾਊਲਡ ਦਾ ਕਹਿਣਾ ਸੀ ਕਿ ਜੇ ਇਸ ਦੇ ਚਾਰਾਂ ਸਿੱਟਿਆਂ ਵਿੱਚੋਂ ਇੱਕ ਵੀ ਗਲਤ ਸਿੱਧ ਕਰ ਦਿੱਤਾ ਜਾਂਦਾ ਹੈ ਤਾਂ ਇਹ ਸਮੁੱਚਾ ਸਿਧਾਂਤ ਮੂਧੇ-ਮੂੰਹ ਡਿੱਗ ਪੈਂਦਾ ਹੈ ਅਤੇ ਸਟੀਫ਼ਨ ਗਾਊਲਡ ਨੇ ਇਸਦੇ ਇੱਕ ਨਹੀਂ, ਚਾਰਾਂ ਸਿੱਟਿਆਂ ਦੀ ਆਪਣੀਆਂ ਦਲੀਲਾਂ ਨਾਲ਼ ਐਸੀ-ਤੈਸੀ ਕੀਤੀ। ਪਹਿਲਾ, ਮਨੁੱਖ ਦੀ ਬੌਧਿਕ ਸਮਰੱਥਾ ਦੇ ਬਹੁਤ ਸਾਰੇ ਆਯਾਮ ਹਨ। ਸਰੀਰਕ ਕਿਰਤ ਦੀਆਂ ਵੱਖ-ਵੱਖ ਕਿਸਮਾਂ ਤੋਂ ਲੈ ਕੇ ਮਾਨਸਿਕ ਕਿਰਤ ਦੀਆਂ ਅਨੇਕਾਂ ਕਿਸਮਾਂ ਹਨ ਜਿਹਨਾਂ ਵਿੱਚ ਵੱਖ-ਵੱਖ ਮਨੁੱਖਾਂ ਦੀ ਮੁਹਾਰਤ ਦਾ ਦਰਜਾ ਵੱਖ-ਵੱਖ ਹੁੰਦਾ ਹੈ। ਮਿਸਾਲ ਵਜੋਂ, ਕੋਈ ਮਨੁੱਖ ਸੰਗੀਤ ਦਾ ਬਹੁਤ ਚੰਗਾ ਜਾਣਕਾਰ ਹੋ ਸਕਦਾ ਹੈ, ਤਾਂ ਦੂਜਾ ਗਣਿਤ ਦਾ ਮਾਹਰ ਹੋ ਸਕਦਾ ਹੈ, ਤੀਜਾ ਇਮਾਰਤਸਾਜੀ ਦਾ ਮਾਹਰ ਹੋ ਸਕਦਾ ਹੈ ਤੇ ਕੋਈ ਚੌਥਾ ਖੇਤੀ ਦੇ ਕੰਮ ਦਾ ਮਾਹਰ ਹੋ ਸਕਦਾ ਹੈ ਅਤੇ ਪੰਜਵਾਂ ਮਸ਼ੀਨਾਂ ਨੂੰ ਵਰਤਣ ਵਿੱਚ ਗਜ਼ਬ ਦੀ ਮੁਹਾਰਤ ਰੱਖ ਸਕਦਾ ਹੈ। ਇਸ ਲਈ ਮਨੁੱਖ ਦੀ ਬੌਧਿਕ ਸਮਰੱਥਾ ਨੂੰ ਕਿਸੇ ਇੱਕ ਅੰਕੜੇ ਤੱਕ ਸੀਮਤ ਕਰਨਾ ਸੰਭਵ ਹੀ ਨਹੀਂ ਹੈ; ਮਸ਼ਹੂਰ ਵਿਗਿਆਨੀ ਰਾਬਰਟ ਸਟਰਨਬਰਗ ਅਨੁਸਾਰ ਆਈ. ਕਿਊ. ਨੰਬਰ ਇੱਕ ਮਿੱਥ ਤੋਂ ਵੱਧ ਕੇ ਕੁਝ ਨਹੀਂ ਹੈ। ਦੂਜਾ, ਕਿਉਂਕਿ ਮਨੁੱਖਾਂ ਦੇ ਗਲ਼ ਵਿੱਚ ਬੌਧਿਕ ਸਮਰੱਥਾ ਦਾ ਇੱਕ ਅੰਕੜੇ ਦਾ ਲਾਕਟ ਲਟਕਾਉਣਾ ਸੰਭਵ ਹੀ ਨਹੀਂ ਹੈ, ਇਸ ਲਈ ਦਰਜੇਬੰਦੀ ਵਾਲ਼ਾ ਨੁਕਤਾ ਆਪਣੇ ਆਪ ਹੀ ਅਪ੍ਰਸੰਗਿਕ ਹੋ ਜਾਂਦਾ ਹੈ। ਇਸ ਕਿਤਾਬ ਦਾ ਤੀਜਾ ਸਿੱਟਾ, ਕਿ ਬੌਧਿਕ ਸਮਰੱਥਾ ਅਨੁਵੰਸ਼ਕ (ਜੇਨੇਟਿਕ) ਹੁੰਦੀ ਹੈ, ਸਭ ਤੋਂ ਵੱਧ ਵਿਵਾਦਮਈ ਹੈ ਅਤੇ ਸਭ ਤੋਂ ਵਧੇਰੇ ਹਾਸੋਹੀਣਾ ਵੀ। ਇਹ ਨੁਕਤਾ ਇੰਨਾ ਹਾਸੋਹੀਣਾ ਹੈ ਕਿ ਅਮੇਰਿਕਨ ਸਾਈਕੋਲੋਜਿਸਟ ਅਸੋਸ਼ੀਏਸ਼ਨ ਨੂੰ ਇਸਦੀ ਇਹ ਕਹਿ ਕੇ ਅਲੋਚਨਾ ਕਰਨੀ ਪਈ ਕਿ ਅੱਜਕੱਲ੍ਹ ਦੇ ਆਈ. ਕਿਊ. ਨਾਲ਼ ਸਬੰਧਿਤ ਬਹੁਤੇ ਖੋਜਕਾਰਜ ਸਿਆਸੀ ਹਿਤਾਂ ਤੋਂ ਪ੍ਰੇਰਿਤ ਹਨ, ਇਹਨਾਂ ਦਾ ਵਿਗਿਆਨ ਨਾਲ਼ ਬਹੁਤ ਥੋੜ੍ਹਾ ਸਬੰਧ ਹੈ। ਇਸ ਸਿੱਟੇ ਦਾ ਸਿੱਧਾ ਜਿਹਾ ਮਤਲਬ ਇਹ ਕੱਢਿਆ ਜਾਂਦਾ ਹੈ ਕਿ ਕੋਈ ਵਿਅਕਤੀ ਜੇ ਬੌਧਿਕ ਰੂਪ ਵਿੱਚ ਸਮਰੱਥ ਹੈ, ਭਾਵ ਉਸਦਾ ਆਈ. ਕਿਊ. ਉੱਚਾ ਹੈ ਤਾਂ ਉਹ ਲਾਜ਼ਮੀ ਹੀ ਉੱਚੇ ਅਹੁਦੇ (ਸਾਡੇ ਪੰਜਾਬ ਵਿੱਚ ਤਾਂ ਉੱਚੇ ਅਹੁਦੇ ਤੋਂ ਸਰਕਾਰੀ ਅਫਸਰੀ ਜਾਂ ਕਿਸੇ ਹੋਰ ਤਰੀਕੇ ਨਾਲ਼ ਪੈਸਾ ਕੁੱਟਣਾ ਹੀ ਹੁੰਦਾ ਹੈ! ਖੈਰ!!) ਉੱਤੇ ਪਹੁੰਚੇਗਾ, ਉਸਨੂੰ ਮਿਲਣ ਵਾਲ਼ੀ ਸਿੱਖਿਆ, ਉਸਦਾ ਪਾਲਣ-ਪੋਸ਼ਣ, ਉਸਨੂੰ ਮਿਲਣ ਵਾਲ਼ੀ ਖ਼ੁਰਾਕ, ਉਸਦਾ ਪਰਿਵਾਰਕ ਮਾਹੌਲ ਆਦਿ ਇਹ ਸਭ ਕਾਰਕ ਕੋਈ ਭੂਮਿਕਾ ਨਹੀਂ ਨਿਭਾਉਂਦੇ, ਜਾਂ ਫਿਰ ਬਹੁਤ ਨਿਗੂਣੀ ਭੂਮਿਕਾ ਨਿਭਾਉਂਦੇ ਹਨ। ਇਹ ਨੁਕਤਾ ਇੰਨਾ ਬੇਪੈਰਾ ਹੈ ਕਿ ਜ਼ਰਾ ਜਿੰਨਾ ਸੋਚਣ ਵਾਲ਼ਾ ਵਿਅਕਤੀ ਵੀ ਸਮਝ ਸਕਦਾ ਹੈ ਕਿ ਚੰਗੀ ਖ਼ੁਰਾਕ, ਚੰਗਾ ਪਾਲਣ-ਪੋਸ਼ਣ, ਚੰਗੀ ਸਿੱਖਿਆ ਕਿਸੇ ਵਿਅਕਤੀ ਦੇ ਬੌਧਿਕ ਵਿਕਾਸ ਲਈ ਕਿੰਨੀ ਅਹਿਮ ਹੈ; ਇਹਨਾਂ ਤੋਂ ਬਿਨਾਂ ਕੋਈ ਵਿਅਕਤੀ ਚਾਹੇ 1000 ਆਈ. ਕਿਊ. ਦਾ ਮਾਲਕ ਵੀ ਕਿਉਂ ਨਾ ਹੋਵੇ, ਕੁਝ ਨਹੀਂ ਕਰ ਸਕਦਾ। ਅਜਿਹੇ ਮਾਹੌਲ ਵਿੱਚ ਕੋਈ ਇੱਕਾ-ਦੁੱਕਾ ਛੋਟਾਂ ਤਾਂ ਹੋ ਸਕਦੀਆਂ ਹਨ ਪਰ ਇੱਕ ਆਮ ਵਰਤਾਰਾ ਨਹੀਂ। ਅਸਲ ਵਿੱਚ ਇਸ ਤਰਕ ਦਾ ਕੇਂਦਰੀ ਭਾਵ ਇਹ ਹੈ ਕਿ ਗਰੀਬੀ, ਸਿੱਖਿਆ ਦੀ ਅਣਹੋਂਦ, ਘਟੀਆ ਹਾਲਤਾਂ ਵਿੱਚ ਰਹਿਣਾ, ਢੰਗ ਦੀ ਖ਼ੁਰਾਕ ਨਾ ਮਿਲਣਾ ਆਦਿ ਵਿਅਕਤੀ ਦੇ ਵਿਕਾਸ ਵਿੱਚ ਕੋਈ ਰੁਕਾਵਟ ਨਹੀਂ ਬਣਦੀਆਂ; ਇਸ ਲਈ ਇਹਨਾਂ ਹਾਲਤਾਂ ਨੂੰ ਬਦਲਣਾ ਜ਼ਰੂਰੀ ਨਹੀਂ ਹੈ, ਸਗੋਂ ਅਜਿਹਾ ਕਰਨਾ ਗੈਰ-ਵਿਗਿਆਨਕ ਹੈ। ਫੇਸਬੁੱਕ ਜਾਂ ਅਖ਼ਬਾਰਾਂ ਵਿੱਚ ਅਕਸਰ ਛਪਣ ਵਾਲ਼ੀਆਂ ਖਬਰਾਂ ਕਿ ਇੱਕ ਰਿਕਸ਼ੇ ਵਾਲੇ ਦੀ ਧੀ ਡੀਸੀ ਬਣੀ, ਇੱਕ ਝੌਂਪੜੀ ਵਿੱਚ ਰਹਿਣ ਵਾਲ਼ਾ ਮੁੰਡਾ ਮੈਟ੍ਰਿਕ ਦਾ ਟਾਪਰ ਬਣਿਆ ਆਦਿ ਰਾਹੀਂ ਵੀ ਇਹੀ ਸੋਚ ਨੂੰ ਪ੍ਰਚਾਰਿਆ ਜਾਂਦਾ ਹੈ ਪਰ ਇਹ ਅਜਿਹਾ ਕਰਦੇ ਹੋਏ ਵਿਗਿਆਨਕ ਵਿਸ਼ਲੇਸ਼ਣ ਦੇ ਤਰੀਕਿਆਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਕਿਉਂਕਿ ਵਿਗਿਆਨ ਦਾ ਕੋਈ ਵੀ ਨਤੀਜਾ ਕਿਸੇ ਇੱਕ ਘਟਨਾ ਤੋਂ ਨਹੀਂ ਕੱਢਿਆ ਜਾਂਦਾ, ਸਗੋਂ ਵਿਗਿਆਨਕ ਵਿਸ਼ਲੇਸ਼ਣ ਵਿੱਚ ਬਹੁਤ ਸਾਰੀਆਂ ਘਟਨਾਵਾਂ ਨੂੰ ਲੰਮੇ ਸਮੇਂ ਲਈ ਵਾਚਦੇ ਹੋਏ ਉਹਨਾਂ ਦੇ ਆਪਸੀ ਸਬੰਧਾਂ ਬਾਰੇ ਕੋਈ ਸਿੱਟਾ ਕੱਢਿਆ ਜਾਂਦਾ ਹੈ। ਬਿਲਕੁਲ ਇਹੀ ਨੁਕਤਾ ਸਟੀਫ਼ਨ ਗਾਊਲਡ ਬੈਲ ਕਰਵ ਦੇ ਲੇਖਕਾਂ ਦੀ ਪੱਧਤੀ ਉੱਤੇ ਉਠਾਉਂਦੇ ਹਨ।

ਆਈ. ਕਿਊ. ਦੇ ਸਿਧਾਂਤ ਅਨੁਸਾਰ ਗਰੀਬਾਂ ਦਾ ਆਈ. ਕਿਊ. ਘੱਟ ਹੁੰਦਾ ਹੈ ਜਿਹੜਾ

ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਦਾ ਜਾਂਦਾ ਹੈ, ਬੱਸ ਕਿਤੇ ਨਾ ਕਿਤੇ ਛੋਟ ਵਜੋਂ ਵੱਧ ਦਿਮਾਗ਼ ਵਾਲਾ ਵਿਅਕਤੀ ਪੈਦਾ ਹੋ ਜਾਂਦਾ ਹੈ। ਸਟੀਫਨ ਗਾਊਲਡ ਇਸ ਤਰਕ ਨੂੰ ਕੱਟਦੇ ਹਨ। ਫਰਜ਼ ਕਰੋ, ਕਿਸੇ ਗਰੀਬ ਪਿੰਡ ਦੇ ਬਸ਼ਿੰਦਿਆਂ ਦਾ ਕੱਦ ਮਾਪਿਆ ਜਾਂਦਾ ਹੈ ਤਾਂ ਇਹ ਸਾਹਮਣੇ ਆਵੇਗਾ ਕਿ ਔਸਤ ਕੱਦ ਚੰਗੀ ਖ਼ੁਰਾਕ ਮਿਲਣ ਵਾਲ਼ੀ ਅਬਾਦੀ ਨਾਲ਼ੋਂ ਘੱਟ ਹੋਵੇਗਾ, ਪਰ ਇਹ ਵੀ ਦੇਖਣ ਨੂੰ ਮਿਲ਼ੇਗਾ ਕਿ ਔਸਤਨ ਘੱਟ ਕੱਦ ਵਾਲ਼ੀ ਅਬਾਦੀ ਵਿੱਚ ਵੀ ਮੁਕਾਬਲਤਨ ਵੱਧ ਕੱਦ ਵਾਲ਼ੇ ਮਾਪਿਆਂ ਦੇ ਬੱਚਿਆਂ ਦਾ ਕੱਦ ਵੱਧ ਹੋਵੇਗਾ, ਜਿਸ ਤੋਂ ਇਹ ਸਿੱਧ ਹੁੰਦਾ ਪ੍ਰਤੀਤ ਹੁੰਦਾ ਹੈ ਕਿ ਕੱਦ ਇੱਕ ਪੂਰੀ ਤਰ੍ਹਾਂ ਅਨੁਵੰਸ਼ਕ ਗੁਣ ਹੈ। ਪਰ ਇਸਦਾ ਇਹ ਮਤਲਬ ਇਹ ਨਹੀਂ ਹੈ ਕਿ ਜੇ ਉਸ ਪਿੰਡ ਨੂੰ ਚੰਗੀ ਖ਼ੁਰਾਕ ਮਿਲਣ ਲੱਗੇ, ਤਾਂ ਇੱਕ-ਦੋ ਪੀੜ੍ਹੀਆਂ ਬਾਅਦ ਵੀ ਔਸਤ ਕੱਦ ਓਨਾ ਹੀ ਰਹੇਗਾ, ਕਦੇ ਵੀ ਨਹੀਂ। ਚੰਗੀ ਖ਼ੁਰਾਕ ਤੇ ਜੀਵਨ-ਪੱਧਰ ਉੱਚਾ ਹੋਣ ਨਾਲ਼ ਇੱਕ-ਦੋ ਪੀੜ੍ਹੀਆਂ ਬਾਅਦ ਹੀ ਔਸਤ ਕੱਦ ਵਧਣ ਲੱਗਦਾ ਹੈ। ਇਸ ਲਈ ਕੱਦ ਦੇ ਪੂਰੀ ਤਰ੍ਹਾਂ ਅਨੁਵੰਸ਼ਕ ਗੁਣ ਹੋਣ ਦਾ ਸਿਧਾਂਤ ਹਵਾ ਹੋ ਜਾਂਦਾ ਹੈ। ਬਿਲਕੁਲ ਇਹੀ ਤਰਕ ਮਨੁੱਖ ਦੀ ਬੌਧਿਕ ਸਮਰੱਥਾ ਉੱਤੇ ਵੀ ਲਾਗੂ ਹੁੰਦਾ ਹੈ। ਪ੍ਰੋਟੀਨ, ਵਿਟਾਮਿਨ ਤੇ ਖਣਿਜ ਦੀ ਘਾਟ ਦਾ ਮਨੁੱਖੀ ਦਿਮਾਗ਼ ਦੇ ਵਿਕਾਸ ਉੱਤੇ ਪੈਣ ਵਾਲ਼ੇ ਮਾੜੇ ਪ੍ਰਭਾਵਾਂ ਬਾਰੇ ਮੈਡੀਕਲ ਸਾਹਿਤ ਵਿੱਚ ਬਥੇਰੀ ਸਮੱਗਰੀ ਮਿਲ਼ ਜਾਂਦੀ ਹੈ ਪਰ ਫਿਰ ਵੀ ਆਈ.ਕਿਊ. ਜਿਹੇ ਲੰਗੜੇ ਸਿਧਾਂਤ ਧੜੱਲੇ ਨਾਲ਼ ਵਿਕਦੇ ਹਨ ਕਿਉਂਕਿ ਇਹਨਾਂ ਸਿਧਾਂਤਾਂ ਦੇ ਬਹਾਨੇ ਸਮਾਜ ਦੀਆਂ ਬਹੁਤ ਸਾਰੀਆਂ ਕੁਰੂਪਤਾਵਾਂ ਤੇ ਅਪਰਾਧ ਢਕੇ ਜਾਂਦੇ ਹਨ।

ਚੌਥੇ ਸਿੱਟੇ ਦੀ ਗੱਲ ਕਰੀਏ, ਜੇ ਆਈ.ਕਿਊ. ਅਨੁਵੰਸ਼ਕ ਹੈ ਅਤੇ ਮਨੁੱਖ ਦੀ ਸਾਰੀ ਉਮਰ ਵਿੱਚ ਅਬਦਲ ਰਹਿੰਦਾ ਹੈ ਤਾਂ ਫਿਰ ਵਿੱਦਿਅਕ ਤਕਨੀਕਾਂ ਵਿੱਚ ਸੁਧਾਰ ਜਾਂ ਹੋਰ ਢੰਗਾਂ ਰਾਹੀਂ ਮਨੁੱਖ ਦੀ ਬੌਧਿਕ ਸਮਰੱਥਾ ਵਿੱਚ ਵਾਧਾ ਕਰਨਾ ਸੰਭਵ ਹੀ ਨਹੀਂ ਹੈ ਜਦਕਿ ਇਹ ਬਿਲਕੁਲ ਹੀ ਬੇਸਿਰਪੈਰ ਗੱਲ ਹੈ। ਮਨੁੱਖ ਦੀ ਬੌਧਿਕ ਸਮਰੱਥਾ ਬਦਲਦੀ ਹੈ, ਉਹ ਘਟ ਸਕਦੀ ਹੈ ਜੇ ਮਨੁੱਖ ਦਿਮਾਗ਼ ਨੂੰ ਵਰਤੇ ਹੀ ਨਾ ਅਤੇ ਜੇ ਮਨੁੱਖ ਮਿਹਨਤ ਕਰਦਾ ਹੈ ਤਾਂ ਮਨੁੱਖ ਦੀ ਬੌਧਿਕ ਸਮਰੱਥਾ ਵਧਦੀ ਜਾਂਦੀ ਹੈ। ਇਹ ਇੱਕ ਆਮ ਸਵੈਸਿੱਧ ਗੱਲ ਹੈ, ਪਰ ਜਦੋਂ ਕਿਸੇ ਨੇ ਸੱਚਾਈ ਤੋਂ ਮੂੰਹ ਫੇਰਨ ਦੀ ਪੱਕੀ ਠਾਣ ਲਈ ਹੋਵੇ ਤਾਂ ਸਵੈਸਿੱਧ ਗੱਲਾਂ ਵੀ ਸ਼ੱਕੀ ਹੋ ਜਾਂਦੀਆਂ ਹਨ।

ਹੁਣ ਇੱਕ ਹੋਰ ਅਹਿਮ ਸਵਾਲ, ਕੀ ਮਨੁੱਖ ਦੀ ਬੌਧਿਕ ਸਮਰੱਥਾ ਨੂੰ ਬਿਲਕੁਲ ਹੀ ਮਾਪਿਆ ਨਹੀਂ ਜਾ ਸਕਦਾ, ਜਾਂ ਅਜਿਹਾ ਕਰਨਾ ਹੀ ਨਹੀਂ ਚਾਹੀਦਾ? ਜਿਵੇਂ ਕਿ ਅਸੀਂ ਸ਼ੁਰੂ ਵਿੱਚ ਦੇਖਿਆ ਸੀ ਕਿ ਬਿਨੇਟ-ਸਿਮੋਨ ਟੈਸਟ ਦੀ ਵਰਤੋਂ ਬੱਚਿਆਂ ਦੇ ਵਿਕਾਸ ਨੂੰ ਜਾਨਣ ਲਈ ਅਤੇ ਮੈਡੀਕਲ ਖੇਤਰ ਵਿੱਚ ਮਰੀਜ਼ਾਂ ਦੀ ਜਾਂਚ ਲਈ ਕੀਤੀ ਜਾਂਦੀ ਸੀ, ਹੁਣ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਬੌਧਿਕ ਸਮਰੱਥਾ ਨੂੰ ਮਾਪਣਾ ਜਾਂ ਪਰਖਣਾ ਆਪਣੇ-ਆਪ ਵਿੱਚ ਕੋਈ ਗਲਤ ਨਹੀਂ ਹੈ। ਪਰ ਇਹਨਾਂ ਟੈਸਟਾਂ ਵਿੱਚ ਇਹ ਮੰਨ ਚੱਲਿਆ ਜਾਂਦਾ ਹੈ ਕਿ ਮਨੁੱਖ ਦੀ ਬੌਧਿਕ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ ਜੇ ਉਸਨੂੰ ਸਹੀ ਮਾਹੌਲ ਦਿੱਤਾ ਜਾਵੇ ਅਤੇ ਉਹ ਕਾਰਕ ਦੂਰ ਕੀਤੇ ਜਾਣ ਜਿਹੜੇ ਕਿਸੇ ਖਾਸ ਵਿਅਕਤੀ ਨੂੰ ਆਪਣੀ ਸਮਰੱਥਾ ਨੂੰ ਵਿਕਸਤ ਕਰਨ ਤੋਂ ਰੋਕ ਰਹੇ ਹਨ। ਬਿਲਕੁਲ ਇਹਨਾਂ ਗੱਲਾਂ ਨੂੰ ਮੂਲ ਵਿੱਚ ਰੱਖ ਕੇ ਸੋਵੀਅਤ ਯੂਨੀਅਨ ਦੇ ਮਨੋਵਿਗਿਆਨੀਆਂ ਨੇ ਇਸ ਖੇਤਰ ਵਿੱਚ ਸ਼ਾਨਦਾਰ ਕੰਮ ਕੀਤੇ। ਉੱਘੇ ਸੋਵੀਅਤ ਮਨੋਵਿਗਿਆਨੀ ਅਲੈਗਜ਼ੈਂਡਰ ਲੂਰੀਆ ਦੇ ਸਿਧਾਂਤਾਂ ਤੇ ਖੋਜਾਂ ਦੇ ਅਧਾਰ ਉੱਤੇ ਕਈ ਅਜਿਹੇ ਟੈਸਟ ਈਜਾਦ ਕੀਤੇ ਗਏ ਜਿਹਨਾਂ ਰਾਹੀਂ ਬੱਚਿਆਂ ਦੇ ਬੌਧਿਕ ਵਿਕਾਸ ਦੀ ਦੇਖ-ਰੇਖ ਕੀਤੀ ਜਾ ਸਕਣੀ ਸੰਭਵ ਹੋਈ ਅਤੇ ਇਹ ਵੀ ਸੰਭਵ ਹੋਇਆ ਕਿ ਜੇ ਕੋਈ ਬੱਚਾ ਬੌਧਿਕ ਵਿਕਾਸ ਵਿੱਚ ਪਛੜ ਰਿਹਾ ਹੈ ਤਾਂ ਸਮੇਂ ਸਿਰ ਉਸਦੇ ਕਾਰਨਾਂ ਦੀ ਤਲਾਸ਼ ਕਰਕੇ ਉਹਨਾਂ ਕਾਰਨਾਂ ਨੂੰ ਦੂਰ ਕੀਤਾ ਜਾਵੇ। ਇਹਨਾਂ ਟੈਸਟਾਂ ਦੀ ਮਦਦ ਨਾਲ਼ ਵੱਖ-ਵੱਖ ਵਿਅਕਤੀਆਂ ਦੀਆਂ ਵੱਖ-ਵੱਖ ਯੋਗਤਾਵਾਂ ਨੂੰ ਪਛਾਨਣ ਅਤੇ ਉਹਨਾਂ ਯੋਗਤਾਵਾਂ ਉੱਤੇ ਵਿਸ਼ੇਸ਼ ਧਿਆਨ ਦੇਣਾ ਵੀ ਸੰਭਵ ਹੋ ਸਕਦਾ ਹੈ। ਪਰ ਇਹ ਸਾਰਾ ਕੁਝ ਸਰਮਾਏਦਾਰਾ ਢਾਂਚੇ ਅਧੀਨ ਨਹੀਂ ਹੋ ਸਕਦਾ ਕਿਉਂਕਿ ਇੱਥੇ ਬੌਧਿਕ ਸਮਰੱਥਾ ਨੂੰ ਪਰਖਣ ਦਾ ਮੰਤਵ ਮਨੁੱਖਾਂ ਦੀ ਮਦਦ ਕਰਨਾ ਨਹੀਂ, ਸਗੋਂ ਲੋਕਾਂ ਵਿੱਚੋਂ ਆਪਣੇ ਕੰਮ ਦੇ ਬੰਦੇ ਲੱਭਣਾ ਹੈ, ਬਿਲਕੁਲ ਜਿਵੇਂ ਸਾਡੇ ਅੱਜ ਦੇ ਮੁਕਾਬਲੇ ਦੇ ਇਮਤਿਹਾਨ ਹਨ ਜਿਹਨਾਂ ਦਾ ਮਕਸਦ ਲੋਕਾਂ ਨੂੰ ਸਿੱਖਿਅਤ ਕਰਨਾ ਨਹੀਂ ਸਗੋਂ ਢਾਂਚੇ ਵੱਲੋਂ ਆਪਣੇ ਲਈ ਭਰੋਸੇਯੋਗ ਨੌਕਰ ਛਾਂਟਣਾ ਹੁੰਦਾ ਹੈ। ਸਰਮਾਏਦਾਰਾ ਢਾਂਚੇ ਵਿੱਚ ਵਿਗਿਆਨ ਸਰਮਾਏਦਾਰਾਂ ਦੇ ਹਿੱਤਾਂ ਲਈ ਵਰਤਿਆ ਜਾਂਦਾ ਹੈ, ਜਿਸ ਲਈ ਵਿਗਿਆਨ ਦੀ ਆਤਮਾ ਮਾਰ ਦਿੱਤੀ ਜਾਂਦੀ ਹੈ ਅਤੇ ਵਿਗਿਆਨ ਨੂੰ ਵਿਗਿਆਨ ਹੀ ਨਹੀਂ ਰਹਿਣ ਦਿੱਤਾ ਜਾਂਦਾ। ਵਿਗਿਆਨ ਆਪਣੇ ਪੂਰੇ ਰੰਗ ਵਿੱਚ ਤਾਂ ਹੀ ਖਿੜੇਗਾ ਜੇ ਇਸਨੂੰ ਮੁਨਾਫ਼ੇ 'ਤੇ ਅਧਾਰਤ ਢਾਂਚੇ ਦੀਆਂ ਬੇੜੀਆਂ ਤੋਂ ਮੁਕਤ ਕਰਵਾਇਆ ਜਾਵੇ, ਜੋ ਇਸ ਨੂੰ ਨਾਇਨਸਾਫੀ, ਲੁੱਟ-ਖਸੁੱਟ, ਗਰੀਬੀ, ਨਾ-ਬਰਾਬਰੀ ਜਿਹੇ ਮਨੁੱਖਤਾ ਵਿਰੋਧੀ ਵਰਤਾਰਿਆਂ ਨੂੰ ਸਹੀ ਠਹਿਰਾਉਣ ਦੇ ਬੋਝ ਤੋਂ ਅਜ਼ਾਦ ਕਰਵਾਇਆ ਜਾਵੇ।

ਲਲਕਾਰ-ਤਬਦੀਲੀ ਪਸੰਦ ਨੌਜਵਾਨਾਂ ਵਿਦਿਆਰਥੀਆਂ ਦੀ ਮੈਗਜ਼ੀਨ 'ਚੋਂ ਧੰਨਵਾਦ ਸਹਿਤ

# ਅੰਤਰਰਸ਼ਟਰੀ ਮਾਂ-ਬੋਲੀ ਦਿਨ 'ਤੇ ਵਿਚਾਰਨ ਲਈ ਪੰਜਾਬੀ ਲਈ ਅਹਿਮ ਇਤਿਹਾਸਕ ਮੌਕਾ

– ਸਾਧੂ ਬਿਨਿੰਗ –

ਕਨੇਡਾ ਵਿਚ ਪੰਜਾਬੀ ਬੋਲੀ ਲਈ ਅਜੋਕਾ ਸਮਾਂ ਇਕ ਬਹੁਤ ਹੀ ਨਿਰਨਾਕਾਰੀ ਪਲ (ਕਰੁਸ਼ੀਅਲ ਮੋਮੈਂਟ) ਹੈ। ਕੌਮੀ ਪੱਧਰ 'ਤੇ ਜੇ ਪੰਜਾਬੀ ਲਈ ਕੁਝ ਹਾਸਲ ਕੀਤਾ ਜਾ ਸਕਦਾ ਹੈ ਤਾਂ ਹੁਣ ਉਹ ਘੜੀ ਹੈ। ਤੇ ਜਿੱਦਾਂ ਘੜੀਆਂ ਦੀ ਫਿਤਰਤ ਹੁੰਦੀ ਹੈ, ਇਹ ਵੀ ਬੀਤ ਜਾਵੇਗੀ, ਬਿਨਾਂ ਇਸ ਗੱਲ ਦੀ ਪਰਵਾਹ ਕੀਤਿਆਂ ਕਿ ਅਸੀਂ ਇਸ ਦੀ ਯੋਗ ਵਰਤੋਂ ਕੀਤੀ ਹੈ ਜਾਂ ਨਹੀਂ।

ਕਨੇਡਾ ਇਸ ਵੇਲੇ ਇਕ ਮਿਸਾਲੀ ਬਹੁ-ਸੱਭਿਆਚਾਰਕ ਦੇਸ ਹੈ। ਏਥੇ ਦੂਜੇ ਸੱਭਿਆਚਾਰਾਂ ਨੂੰ ਹਰ ਪੱਖੋਂ ਮਾਨਤਾ ਤੇ ਸਤਿਕਾਰ ਦਿੱਤਾ ਜਾਂਦਾ ਹੈ। ਪਰ ਕਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਵਿਚ ਸਭ ਤੋਂ ਵੱਡੀ ਕਮੀ ਇਸ ਵਲੋਂ ਦੂਜੇ ਸੱਭਿਆਚਾਰਾਂ ਦੀਆਂ ਬੋਲੀਆਂ ਨੂੰ ਮਾਨਤਾ ਨਾ ਦੇਣੀ ਹੈ। ਕੋਈ ਵੀ ਸੱਭਿਆਚਾਰ ਆਪਣੀ ਬੋਲੀ ਬਿਨਾਂ ਜੀਂਦਾ ਨਹੀਂ ਰਹਿ ਸਕਦਾ। ਪਰ ਕਨੇਡਾ ਦੀਆਂ ਦੋ ਸਰਕਾਰੀ ਬੋਲੀਆਂ ਤੋਂ ਬਿਨਾਂ ਏਥੇ ਕਿਸੇ ਵੀ ਹੋਰ ਬੋਲੀ ਨੂੰ ਕੇਂਦਰ ਦੀ ਪੱਧਰ 'ਤੇ ਕੋਈ ਮਾਨਤਾ ਨਹੀਂ ਹੈ। ਬਾਕੀ ਸਾਰੀਆਂ ਬੋਲੀਆਂ ਕਨੇਡਾ ਵਿਚ ਵਿਦੇਸ਼ੀ ਬੋਲੀਆਂ ਹਨ। ਫਰਾਂਸੀਸੀ ਭਾਸ਼ਾ ਨੂੰ ਵੀ ਏਥੇ ਆਪਣਾ ਹੱਕ ਹਾਸਲ ਕਰਨ ਲਈ ਕਾਫੀ ਜੱਦੋਜਹਿਦ ਕਰਨੀ ਪਈ ਸੀ। ਪਿਛਲੀ ਸਦੀ ਦੇ ਅੱਧ ਦੁਆਲੇ ਕਨੇਡਾ ਵਿਚ ਬੋਲੀਆਂ ਜਾਂਦੀਆਂ ਦੂਜੀਆਂ ਬੋਲੀਆਂ, ਖਾਸ ਕਰ ਯੁਕਰੇਨੀਅਨ ਤੇ ਇਟੈਲੀਅਨ ਭਾਸ਼ਾ ਦੀ ਵਰਤੋਂ ਕਰਨ ਵਾਲਿਆਂ ਵਲੋਂ ਆਪਣਾ ਸਥਾਨ ਲੈਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦੇ ਹੁੰਗਾਰੇ ਵਜੋਂ ਕਨੇਡਾ ਨੂੰ ਬਹੁ-ਸੱਭਿਆਚਾਰਕ ਮੁਲਕ ਤਾਂ ਮੰਨ ਲਿਆ ਗਿਆ ਪਰ ਬਹੁ-ਭਾਸ਼ਾਈ ਨਹੀਂ। ਹੌਲੀ ਹੌਲੀ ਯੁਰਪੀਅਨ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਘਟ ਗਈ ਤੇ ਉਹ ਇਸ ਪਾਸੇ ਪਹਿਲਾਂ ਵਾਲੀਆਂ ਕੋਸ਼ਿਸ਼ਾਂ ਕਰਨ ਦੇ ਯੋਗ ਨਹੀਂ ਰਹੇ।

ਇਸ ਵੇਲੇ ਪੰਜਾਬੀ ਤੇ ਚੀਨੀ ਬੋਲੀਆਂ ਇਸ ਸਥਿਤੀ ਵਿਚ ਹਨ ਕਿ ਉਹ ਕਨੇਡਾ ਦੀ ਭਾਸ਼ਾ ਨੀਤੀ ਵਿਚ ਕੋਈ ਤਬਦੀਲੀ ਲਿਆਉਣ ਵਿਚ ਆਪਣਾ ਯੋਗਦਾਨ ਪਾ ਸਕਦੀਆਂ ਹਨ। ਜਿੱਥੇ ਤੱਕ ਚੀਨੀ ਭਾਸ਼ਾ ਬੋਲਣ ਵਾਲਿਆਂ ਦਾ ਸਬੰਧ ਹੈ ਉਹ ਆਪਣੀ ਬੋਲੀ ਨੂੰ ਏਥੇ ਸਥਾਪਤ ਕਰਨ ਲਈ ਸਰਕਾਰ ਦੇ ਫੈਸਲੇ ਦੀ ਉਡੀਕ ਨਹੀਂ ਕਰ ਰਹੇ। ਉਨ੍ਹਾਂ ਨੇ ਹਰ ਪਾਸੇ ਆਪਣੀ ਭਾਸ਼ਾ ਦੀ ਸਰਦਾਰੀ ਕਾਇਮ ਕੀਤੀ ਹੋਈ ਹੈ। ਉਦਾਹਰਨ ਵਜੋਂ, ਰਿਚਮੰਡ ਬੀ ਸੀ ਵਿਚ ਅੰਗ੍ਰੇਜ਼ੀ ਬੋਲੀ ਨੂੰ ਚੀਨੀ ਬੋਲੀ ਦੇ ਮੁਕਾਬਲੇ ਆਪਣਾ ਵਾਲਾ ਸਥਾਨ ਕਾਇਮ ਰੱਖਣ ਲਈ ਕਦਮ ਚੁੱਕਣੇ ਪੈ ਰਹੇ ਹਨ। ਵੈਨਕੂਵਰ ਦੀ ਯੂਨੀਵਰਸਿਟੀ (ਯੂ ਬੀ ਸੀ) ਵਿਚ ਦੇਖਣ ਵਾਲੇ ਨੂੰ ਹਰ ਪਾਸੇ ਇਸ ਕਿਸਮ ਦੇ ਚਿੰਨ ਦਿਸਦੇ ਹਨ ਕਿ ਏਥੇ ਚੀਨੀ ਭਾਸ਼ਾ ਬੋਲਣ ਵਾਲੇ ਲੋਕ ਰਹਿੰਦੇ ਹਨ। ਦੂਜੇ ਪਾਸੇ ਸ਼ਾਇਦ ਹੀ ਕੋਈ ਅਜਿਹਾ ਚਿੰਨ ਨਜ਼ਰ ਆਉਂਦਾ ਹੋਵੇ ਜੋ ਇਹ ਪ੍ਰਭਾਵ ਦੇਵੇ ਕਿ ਏਥੇ ਪੰਜਾਬੀ ਵੀ ਵਸਦੇ ਹਨ ਬਾਵਜੂਦ ਇਸ ਦੇ ਕਿ ਗਿਣਤੀ ਪੱਖੋਂ ਪੰਜਾਬੀ ਏਥੇ ਤੀਜੇ ਨੰਬਰ 'ਤੇ ਹਨ ਅਤੇ ਪੰਜਾਬੀ ਪਿਛੋਕੜ ਦੇ ਲੋਕ ਯੂ ਬੀ ਸੀ ਵਿਚ ਉੱਚੀਆਂ ਪਦਵੀਆਂ 'ਤੇ ਤਾਇਨਾਤ ਹਨ ਜਾਂ ਰਹੇ ਹਨ। ਏਸ਼ੀਅਨ ਸਟੱਡੀ ਵਿਭਾਗ ਵਿਚ ਚੀਨੀ ਭਾਸ਼ਾ ਵਿਚ ਹਰ ਪੱਧਰ ਦੀ ਡਿਗਰੀ ਤੱਕ ਦੀ ਪੜ੍ਹਾਈ ਕੀਤੀ/ਕਰਵਾਈ ਜਾਂਦੀ ਹੈ ਅਤੇ ਦੋ ਦਰਜਨ ਚੀਨੀ ਪੜ੍ਹਾਉਣ ਵਾਲੇ ਪ੍ਰੋਫੈਸਰ ਹਨ ਤੇ ਪੰਜਾਬੀ ਲਈ ਪੂਰੇ ਦੋ ਵੀ ਨਹੀਂ। ਪੰਜਾਬੀਆਂ ਦੇ ਆਪਣੀ ਮਾਂ-ਬੋਲੀ ਨਾਲ ਰਿਸ਼ਤੇ ਵਿਚ ਪਏ ਵਿਗਾੜਾਂ ਕਾਰਨ ਸਾਡੀ ਭਾਸ਼ਾ ਨੂੰ ਇਸ ਦਾ ਬਣਦਾ ਥਾਂ ਪ੍ਰਾਪਤ ਨਹੀਂ ਹੈ।

ਪਰ ਫੇਰ ਵੀ ਇਸ ਵੇਲੇ ਇਤਫਾਕ ਨਾਲ ਪੰਜਾਬੀਆਂ ਦਾ ਸਥਾਨ ਕਨੇਡਾ ਵਿਚ ਅਜਿਹਾ ਬਣ ਗਿਆ ਹੈ ਕਿ ਜੇ ਇਹ ਕੋਸ਼ਿਸ਼ ਕਰਨ ਤਾਂ ਆਪਣੀ ਬੋਲੀ ਲਈ ਵੀ ਤੇ ਦੂਜੀਆਂ ਗੈਰ-ਸਰਕਾਰੀ ਬੋਲੀਆਂ ਲਈ ਵੀ ਕੁਝ ਹਾਸਲ ਕਰ ਸਕਦੇ ਹਨ। ਪੰਜਾਬੀ ਬੋਲੀ ਲਈ ਇਹ ਇਤਿਹਾਸਕ ਘੜੀ ਹੈ ਜੋ ਸਦਾ ਕਾਇਮ ਨਹੀਂ ਰਹੇਗੀ ਜਿਸ ਤਰ੍ਹਾਂ ਪਹਿਲਾਂ ਯੁਕਰੇਨੀਅਨ ਤੇ ਇਟੈਲੀਅਨ ਲੋਕਾਂ ਲਈ ਕੋਈ ਸਮਾਂ ਸੀ ਜੋ ਹੁਣ ਨਹੀਂ ਹੈ।

ਕਨੇਡਾ ਵਿਚ ਪੰਜਾਬੀ ਦੇ ਸਬੰਧ ਵਿਚ ਇਸ ਪਲ ਨਾਲ ਜੁੜੇ ਕੁਝ ਮਹੱਤਵਪੂਰਨ ਤੱਥ:

੧) ਕੌਮੀ ਪੱਧਰ 'ਤੇ ਪੰਜਾਬੀ ਬੋਲੀ ਦਾ ਤੀਜਾ ਸਥਾਨ: ਕਨੇਡਾ ਵਿਚ ਪੰਜਾਬੀ ਬੋਲੀ ਦੀ ਹੋਂਦ 1897 ਤੋਂ ਹੈ। ਉਦੋਂ ਤੋਂ ਲੈ ਕੇ 1980ਵਿਆਂ ਦੇ ਸ਼ੁਰੂ ਤੱਕ ਇਹ ਇਸ ਧਰਤੀ 'ਤੇ ਕਾਬਜ ਲੋਕਾਂ ਵਲੋਂ ਦੁਰਕਾਰੀ ਮੁਕੰਮਲ ਤੌਰ 'ਤੇ ਮੁੱਖ ਸਮਾਜ ਦੇ ਹਾਸ਼ੀਏ 'ਤੇ ਰਹੀ ਹੈ। ਪੰਜਾਬੀਆਂ ਦੀ ਗਿਣਤੀ ਵਿਚ ਹੋਏ ਵਾਧੇ ਨਾਲ ਸਥਿਤੀ ਕੁਝ ਕੁਝ ਸੁਧਰੀ ਹੈ ਪਰ ਕਨੇਡਾ ਵਿਚ ਬੋਲੀ ਪੱਖੋਂ ਇਹ ਅਜੇ ਵੀ ਹਾਸ਼ੀਏ 'ਤੇ ਹੀ ਹੈ। ਸਾਲ 2011 ਵਿਚ ਹੋਈ ਮਰਦਮਸ਼ੁਮਾਰੀ ਸਮੇਂ ਚੀਨੀ ਬੋਲੀ ਨੂੰ ਤਿੰਨ ਵੱਖਰੀਆਂ ਬੋਲੀਆਂ ਵਿਚ ਵੰਡ ਕੇ ਦੇਖੇ ਜਾਣ ਦੇ ਨਤੀਜੇ ਵਜੋਂ ਪੰਜਾਬੀ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਾਅਦ ਗਿਣਤੀ ਪੱਖੋਂ ਪੰਜਾਬੀ ਤੀਜੇ ਨੰਬਰ 'ਤੇ ਆਉਣ ਵਾਲੀ ਬੋਲੀ ਬਣ ਗਈ ਹੈ।

੨) ਮੌਜੂਦਾ ਕੇਂਦਰੀ ਸਰਕਾਰ ਵਿਚ ਪੰਜਾਬੀ ਬੋਲੀ ਦਾ ਤੀਜਾ ਸਥਾਨ:

ਅਕਤੂਬਰ 2015 ਵਿਚ ਜਸਟਿਨ ਟਰੂਡੋ ਦੀ ਅਗਵਾਈ ਵਿਚ ਚੁਣੀ ਗਈ ਲਿਬਰਲ ਪਾਰਟੀ ਦੀ ਸਰਕਾਰ ਵਿਚ ਪੰਜਾਬੀ ਪਿਛੋਕੜ ਦੇ ਮੈਂਬਰਾਂ ਦੀ ਗਿਣਤੀ ਵੀਹ ਤੋਂ ਉੱਪਰ ਹੈ। ਅੰਗ੍ਰੇਜ਼ੀ ਤੇ ਫਰਾਂਸੀਸੀ ਤੋਂ ਬਾਅਦ ਵੱਧ ਗਿਣਤੀ ਪੰਜਾਬੀ ਬੋਲਣ ਵਾਲੇ ਮੈਂਬਰਾਂ ਦੀ ਹੈ। ਭਾਵੇਂ ਇਹ ਇਕ ਇਤਿਹਾਸਕ ਇਤਫਾਕ ਹੀ ਸਹੀ ਪਰ ਇਸ ਵੇਲੇ ਇਹ ਅਸਲੀਅਤ ਹੈ ਕਿ ਕਨੇਡਾ ਦੀ ਪਾਰਲੀਮੈਂਟ ਵਿਚ ਪੰਜਾਬੀ ਤੀਜੇ ਨੰਬਰ 'ਤੇ ਹੈ ਅਤੇ ਪੰਜਾਬੀ ਪਿਛੋਕੜ ਦੇ ਕੁਝ ਮੈਂਬਰਾਂ ਨੂੰ ਮਹੱਤਵਪੂਰਨ ਮੰਤਰਾਲੇ ਸੌਂਪੇ ਗਏ ਹਨ। ਇਸ ਬੇਹੱਦ ਮਹੱਤਵਪੂਰਨ ਤੱਥ ਦਾ ਵੀ ਕਨੇਡਾ ਵਿਚ ਪੰਜਾਬੀ ਬੋਲੀ ਦੇ ਵਿਕਾਸ ਅਤੇ ਇਸ ਦੀ ਸਾਂਭ ਵਿਚ ਆਪਣੇ ਆਪ ਕੋਈ ਅਸਰ ਨਹੀਂ ਪੈਣਾ।

੩) ਇਸ ਵੇਲੇ ਪੰਜਾਬੀ ਭਾਈਚਾਰੇ ਦੀ ਕਨੇਡਾ ਵਿਚਲੀ ਵਸੋਂ ਦਾ ਵੱਡਾ ਹਿੱਸਾ ਆਵਾਸੀਆਂ ਦਾ ਹੈ ਜਿਨ੍ਹਾਂ ਦਾ ਪੰਜਾਬੀ ਬੋਲੀ ਨਾਲ ਉਨ੍ਹਾਂ ਦੇ ਪੰਜਾਬ ਵਿਚ ਜੰਮਣ ਦੇ ਇਤਫਾਕ ਕਾਰਨ ਸਿੱਧਾ ਤੇ ਗੂੜ੍ਹਾ ਸਬੰਧ ਹੈ। ਇਸ ਦੇ ਨਾਲ ਹੀ ਏਥੇ ਜੰਮ ਪਲ਼ ਰਹੀ ਪਹਿਲੀ ਪੀੜ੍ਹੀ ਵਿਚਲੇ ਵੱਡੀ ਗਿਣਤੀ ਬੱਚੇ ਪੰਜਾਬੀ ਬੋਲਦੇ ਤੇ ਸਮਝਦੇ ਹਨ। ਇਹ ਤੱਥ ਵੀ ਇਸ ਵੇਲੇ ਪੰਜਾਬੀ ਨੂੰ ਕਨੇਡਾ ਵਿਚ ਪੱਕੇ ਪੈਰੀ ਕਰਨ ਲਈ ਸਹਾਈ ਹੋ ਸਕਦਾ ਹੈ।

੪) ਪਿਛਲੇ ਤਿੰਨ ਚਾਰ ਕੁ ਦਹਾਕਿਆਂ ਤੋਂ ਏਥੋਂ ਦੇ ਪੰਜਾਬੀ ਮਾਧਿਅਮ ਨੇ ਹੈਰਾਨਕੁੰਨ ਤਰੱਕੀ ਕੀਤੀ ਹੈ। ਤਕਰੀਬਨ ਹਰ ਸ਼ਹਿਰ ਵਿਚ ਪਰ ਖਾਸ ਕਰ ਵੱਡੇ ਸ਼ਹਿਰਾਂ ਜਿਵੇਂ ਵੈਨਕੂਵਰ, ਟਰਾਂਟੋ, ਕੈਲਗਰੀ, ਐਡਮੰਟਨ ਆਦਿ ਵਿਚ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਰਹਿੰਦੇ ਹਨ, ਉੱਥੇ ਦਰਜਨਾਂ ਦੀ ਗਿਣਤੀ ਵਿਚ ਪੰਜਾਬੀ ਦੇ ਅਖਬਾਰ ਛਪਦੇ ਹਨ। ਨਾਲ ਹੀ ਕੁਝ ਚਮਕੀਲੇ (ਗਲੋਸੀ) ਮੈਗਜ਼ੀਨ ਵੀ ਹਨ ਜੋ ਪੰਜਾਬੀ ਅੱਖਰਾਂ ਨੂੰ ਵੀ ਕੱਪੜਿਆਂ ਤੇ ਗਹਿਣਿਆਂ ਦੀ ਮਸ਼ਹੂਰੀ ਲਈ ਵਰਤਦੇ ਹਨ ਜਿਸ ਤਰ੍ਹਾਂ ਅੰਗ੍ਰੇਜ਼ੀ ਦੀ ਵਰਤੋਂ ਹੁੰਦੀ ਹੈ। ਅਜੋਕੇ ਸਮੇਂ ਵਪਾਰਕ ਪੱਖੋਂ ਇਹ ਗੱਲ ਕਿਸੇ ਵੀ ਬੋਲੀ ਲਈ ਕੋਈ ਛੋਟੀ ਪ੍ਰਾਪਤੀ ਨਹੀਂ।

ਪ੍ਰਿੰਟ ਮਾਧਿਅਮ ਦੇ ਨਾਲ ਨਾਲ, ਸਗੋਂ ਕਈ ਕਾਰਨਾਂ ਕਰਕੇ ਉਸ ਤੋਂ ਵੀ ਵੱਧ, ਪੰਜਾਬੀ ਦੀ ਇਸ ਵੇਲੇ ਰੇਡੀਓ ਅਤੇ ਟੈਲੀਵਿਯਨ ਮਾਧਿਅਮ ਵਿਚ ਵਰਤੋਂ ਹੋ ਰਹੀ ਹੈ। ਪੰਜਾਬੀ ਬੋਲਣ ਵਾਲੇ ਲੋਕਾਂ ਦੇ ਸੰਘਣੀ ਵਸੋਂ ਵਾਲੇ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਰੇਡੀਓ ਚੱਲ ਰਹੇ ਹਨ। ਏਸੇ ਤਰ੍ਹਾਂ ਇਨ੍ਹਾਂ ਸ਼ਹਿਰਾਂ ਵਿਚ ਕਈ ਰੋਜ਼ਾਨਾ ਚੱਲਣ ਵਾਲੇ ਸਥਾਨਕ ਟੈਲੀਵਿਯਨ ਪ੍ਰੋਗਰਾਮ ਹਨ ਅਤੇ ਸ਼ਨਿਚਰਵਾਰ ਵਾਲੇ ਦਿਨ ਕਨੇਡਾ ਭਰ ਵਿਚ ਦਿਖਾਏ ਜਾਣ ਵਾਲੇ ਵੱਡੀ ਗਿਣਤੀ ਪ੍ਰੋਗਰਾਮ ਹਨ।

੫) ਕਨੇਡਾ ਵਿਚਲੇ ਪੰਜਾਬੀ ਭਾਈਚਾਰੇ ਵਿਚ ਬਹੁਗਿਣਤੀ ਸਿੱਖ ਧਰਮ ਨਾਲ ਸਬੰਧਤ ਲੋਕਾਂ ਦੀ ਹੈ ਜਿਨ੍ਹਾਂ ਦਾ ਪੰਜਾਬੀ ਬੋਲੀ ਨਾਲ ਸਬੰਧ ਦੂਜੇ ਦੋ ਭਾਈਚਾਰਿਆਂ ਨਾਲੋਂ ਵੱਖਰਾ ਹੈ। ਤਕਰੀਬਨ ਹਰ ਸਿੱਖ ਧਾਰਮਿਕ ਸਥਾਨ ਵਲੋਂ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੀ ਵੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਗੱਲ ਪੰਜਾਬੀਆਂ ਦੀ ਬਹੁ ਗਿਣਤੀ ਵਾਲੇ ਮੰਦਰਾਂ ਜਾਂ ਮਸੀਤਾਂ ਵਿਚ ਦੇਖਣ ਨੂੰ ਨਹੀਂ ਮਿਲਦੀ। ਸਿੱਖ ਧਰਮ ਮੁਕਾਬਲਤਨ ਨਵਾਂ ਧਰਮ ਹੋਣ ਕਾਰਨ ਇਸ ਦੇ ਮੰਨਣ ਵਾਲਿਆਂ ਵਿਚ ਇਕ ਵੱਖਰੀ ਕਿਸਮ ਦੀ ਠਾਠਾਂ ਮਾਰਦੀ ਊਰਜਾ (ਐਨਰਜੀ) ਹੈ। ਇਸ ਊਰਜਾ ਦਾ ਅਸਰ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਹਰ ਪਾਸੇ ਦੇਖਿਆ ਜਾ ਸਕਦਾ ਹੈ।

ਮੇਰੀ ਜਾਚੇ ਇਹ ਉਹ ਤੱਥ ਹਨ ਜੋ ਪੰਜਾਬੀ ਨੂੰ ਇਸ ਸਮੇਂ ਕਨੇਡਾ ਦੀ ਭਾਸ਼ਾ ਨੀਤੀ ਵਿਚ ਕੋਈ ਤਬਦੀਲੀ ਕਰਾਉਣ ਯੋਗ ਬਣਾਉਂਦੇ ਹਨ। ਭਾਵੇਂ ਏਥੇ ਇਸ ਵਿਸਥਾਰ ਵਿਚ ਜਾਣਾ ਸੰਭਵ ਨਹੀਂ ਪਰ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਵੇਲੇ ਵੱਡੀ ਲੋੜ ਅਜੋਕੇ ਸਮਾਜ ਦੀ ਜਨ-ਸੰਖਿਅਕੀ (ਡੈਮੋਗਰਾਫੀ) ਬਣਤਰ ਅਨੁਸਾਰ ਕਨੇਡਾ ਦੀ ਭਾਸ਼ਾ ਨੀਤੀ ਵਿਚ ਤਬਦੀਲੀ ਕਰਾਉਣ ਦੀ ਹੈ। ਇਹ ਵੱਡਾ ਕੰਮ ਹੈ ਤੇ ਇਸ ਲਈ ਲੰਮੇ ਵਕਤ ਦੀ ਲੋੜ ਹੈ। ਦੂਜੀ ਗੱਲ ਇਹ ਹੋ ਸਕਦੀ ਹੈ ਕਿ ਕਨੇਡਾ ਦੀ ਸਰਕਾਰ ਕੋਈ ਏਹੋ ਜਿਹਾ ਫਾਰਮੂਲਾ ਬਣਾਵੇ ਜਿਸ ਨਾਲ ਬੋਲੀ ਦੀ ਏਥੇ ਹੋਂਦ ਦੀ ਉਮਰ ਤੇ ਨੰਬਰਾਂ ਅਨੁਸਾਰ ਉਸ ਨੂੰ ਮਾਨਤਾ ਤੇ ਸਥਾਪਤੀ ਵਿਚ ਮਾਇਕ ਸਹਾਇਤਾ ਮਿਲੇ।

ਪੰਜਾਬੀ ਦੀ ਅਜੋਕੀ ਸਥਿਤੀ ਸਦਾ ਕਾਇਮ ਨਹੀਂ ਰਹੇਗੀ। ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਜੋ ਸਥਾਨ ਪੰਜਾਬੀਆਂ ਨੂੰ ਇਸ ਵੇਲੇ ਪ੍ਰਾਪਤ ਹੈ ਉਹ ਸਦਾ ਨਹੀਂ ਰਹੇਗਾ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿਚ ਵੀ ਜ਼ਰੂਰੀ ਨਹੀਂ ਇਸ ਤਰ੍ਹਾਂ ਵਾਧਾ ਹੁੰਦਾ ਰਹੇ। ਜਿਵੇਂ ਜਿਵੇਂ ਏਥੇ ਜੰਮ ਪਲ਼ ਰਹੀਆਂ ਅਗਲੀਆਂ ਪੀੜ੍ਹੀਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ ਉਨ੍ਹਾਂ ਵਿਚੋਂ ਪੰਜਾਬੀ ਦਾ ਅਸਰ ਘਟਦਾ ਜਾਵੇਗਾ। ਪੰਜਾਬੀ ਭਾਈਚਾਰੇ ਵਿਚਲੇ ਜੋ ਵਪਾਰ ਆਪਣੀ ਵਰਤੋਂ ਲਈ ਇਸ ਵੇਲੇ ਪੰਜਾਬੀ ਵਰਤ ਰਹੇ ਹਨ ਉਹ ਹੌਲੀ ਹੌਲੀ ਆਪਣਾ ਕਾਰੋਬਾਰ ਅੰਗ੍ਰੇਜ਼ੀ ਵਿਚ ਕਰਨ ਲੱਗ ਪੈਣਗੇ ਤੇ ਇਸ ਦਾ ਸਿੱਧਾ ਅਸਰ ਪੰਜਾਬੀ ਮੀਡੀਏ 'ਤੇ ਵੀ ਪਵੇਗਾ। ਭਵਿੱਖ ਬਾਰੇ ਇਹ ਸਿਰਫ ਅੰਦਾਜ਼ੇ ਹਨ ਜਿਨ੍ਹਾਂ 'ਤੇ ਜ਼ਿਆਦਾ ਵਕਤ ਜਾਂ ਸ਼ਕਤੀ ਲਾਉਣ ਵਿਚ ਕੋਈ ਤੁੱਕ ਨਹੀਂ। ਸਾਡੇ ਲਈ ਮਹੱਤਵਪੂਰਨ ਗੱਲ ਇਹ ਹੈ ਕਿ ਜੋ ਇਸ ਸਮੇਂ ਸਾਡੇ ਹੱਥਾਂ ਵਿਚ ਇਹ ਮੌਕਾ ਆਇਆ ਹੈ ਕੀ ਅਸੀਂ ਉਸ ਤੋਂ ਕੋਈ ਫਾਇਦਾ ਉਠਾ ਸਕਦੇ ਹਾਂ?

ਅਜੋਕੇ ਸਮੇਂ ਕਨੇਡਾ ਵਿਚ ਪੰਜਾਬੀਆਂ ਦਾ ਸਿਆਸੀ ਤੇ ਆਰਥਿਕ ਸਥਾਨ ਪੰਜਾਬੀ ਲਈ ਕੁਝ ਹਾਸਲ ਕਰਨ ਲਈ ਵਰਤਿਆ ਜਾ ਸਕਦਾ ਹੈ। ਪਰ ਇਹ ਕੰਮ ਸਾਡੇ ਸਿਆਸੀ ਆਗੂ ਆਪਣੇ ਆਪ ਨਹੀਂ ਕਰ ਸਕਦੇ। ਜੇ ਪੰਜਾਬੀ ਲੋਕ ਇਸ ਵੇਲੇ ਆਪਣੇ ਆਗੂਆਂ ਤੋਂ ਇਸ ਗੱਲ ਦੀ ਮੰਗ ਕਰਨ ਤਾਂ ਉਹ ਇਹ ਮਸਲਾ ਉਠਾ ਸਕਦੇ ਹਨ। ਸੋ ਅਸਲੀ ਅਰਥਾਂ ਵਿਚ ਇਸ ਦੀ ਜ਼ਿੰਮੇਵਾਰੀ ਕਨੇਡਾ ਵਿਚ ਰਹਿਣ ਵਾਲੇ ਆਮ ਪੰਜਾਬੀ ਦੀ ਬਣਦੀ ਹੈ। ਸਾਡਾ ਹਰ ਇਕ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਜਿੱਦਾਂ ਵੀ ਸੰਭਵ ਹੋਵੇ ਕਨੇਡਾ ਵਿਚ ਆਪਣੀ ਮਾਂ-ਬੋਲੀ ਦੀਆਂ ਜੜ੍ਹਾਂ ਪੱਕੀਆਂ ਕਰਨ ਵਿਚ ਆਪਣੇ ਸਿਆਸੀ ਅਤੇ ਵਪਾਰਕ ਅਦਾਰੇ ਦੇ ਆਗੂਆਂ ਨੂੰ ਕੁਝ ਕਰਨ ਲਈ ਕਹੀਏ।

ਉੱਪਰ ਵਿਚਾਰੇ ਗਏ ਤੱਥਾਂ ਨੂੰ ਸਾਹਮਣੇ ਰੱਖ ਕੇ ਦੇਖਿਆਂ ਇਹ ਪੰਜਾਬੀ ਬੋਲੀ ਲਈ ਕੁਝ ਕਰ ਗੁਜ਼ਰਨ ਦੀ ਇਹ ਅਹਿਮ ਘੜੀ ਹੈ। ਸਮਾਂ ਤਾਂ ਆਪਣੀ ਤੋਰੇ ਤੁਰੇਗਾ। ਅਸੀਂ ਇਸ ਦੀ ਕਿਸ ਤਰ੍ਹਾਂ ਵਰਤੋਂ ਕਰਦੇ ਹਾਂ ਇਹ ਸਾਡੇ 'ਤੇ ਨਿਰਭਰ ਕਰਦਾ ਹੈ।

ਫਰਵਰੀ 21 ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਹੈ। ਬੋਲੀ ਸਬੰਧੀ ਇਸ ਕਿਸਮ ਦੇ ਮਸਲੇ ਵਿਚਾਰਨ ਲਈ ਇਹ ਢੁੱਕਵਾਂ ਸਮਾਂ ਹੈ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ ਪਹਿਲੇ ਵਾਂਗ ਇਸ ਵਾਰ ਵੀ ਫਰਵਰੀ 27 ਵਾਲੇ ਦਿਨ ਬਾਅਦ ਦੁਪਹਿਰ ਨੌਰਥ ਡੈਲਟਾ ਰੀਕ੍ਰੀਏਸ਼ਨ ਸੈਂਟਰ ਵਿਚ ਇਕੱਠ ਕੀਤਾ ਜਾਵੇਗਾ। ਪੰਜਾਬੀ ਬੋਲੀ ਲਈ ਫਿਕਰ ਕਰਨ ਵਾਲੇ ਸਾਰਿਆਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨਾਲ 604 - 836 - 8976 'ਤੇ ਜਾਂ ਮੇਰੇ ਨਾਲ 778-773-1886 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Vice President, Punjabi Language Education Association (PLEA)
sadhu.binning@gmail.com

# ਮਾਰਕਸਵਾਦੀ ਸਟੱਡੀ ਸਰਕਲ



ਅੱਜ 12 ਫਰਵਰੀ 1814 ਨੂੰ ਜਨਮੀ ਜੈਨੀ ਵਾਨ ਵੈਸਟਾਫਾਲੇਨ (ਜੈਨੀ ਮਾਰਕਸ) ਦਾ ਜਨਮ ਦਿਨ ਹੈ। ਉਸਨੂੰ ਯਾਦ ਕਰਨ ਦਾ ਕਾਰਨ ਸਿਰਫ਼ ਇਹ ਨਹੀਂ ਹੈ ਕਿ ਉਹ ਮਹਾਨ ਕਾਰਲ ਮਾਰਕਸ ਦੀ ਪਤਨੀ ਸੀ, ਸਗੋਂ ਉਸ ਵੱਲੋਂ ਮਨੁੱਖਤਾ ਦੀ ਮੁਕਤੀ ਦੇ ਰਾਹ ਦੇ ਬਿਖੜੇ ਪੈਂਡੇ ਉੱਪਰ ਅਡੋਲ ਰਹਿੰਦਿਆਂ ਮਾਰਕਸ ਦਾ ਨਿਭਾਇਆ ਸਾਥ, ਇਸ ਮਹਾਨ ਕਾਜ਼ ਪ੍ਰਤੀ ਉਸਦਾ ਸਮਰਪਣ ਤੇ ਉਸ ਵੱਲੋਂ ਘਾਲ਼ੀ ਅਥਾਹ ਘਾਲ਼ਣਾ ਉਸਨੂੰ ਸਨਮਾਨ ਤੇ ਯਾਦ ਕੀਤੇ ਜਾਣ ਦਾ ਪਾਤਰ ਬਣਾਉਂਦੇ ਹਨ। ਜੇ ਇਹ ਕਿਹਾ ਜਾਵੇ ਕਿ ਜੈਨੀ ਦੇ ਸਾਥ ਤੋਂ ਬਗੈਰ ਮਾਰਕਸ ਉਹ ਕੁੱਝ ਨਾ ਹੁੰਦੇ ਜੋ ਉਹ ਸਨ ਤਾਂ ਅਤਿਕਥਨੀ ਨਹੀਂ ਹੋਵੇਗੀ। ਜਦੋਂ ਭਰ ਜਵਾਨੀ ਵੇਲੇ ਮਾਰਕਸ ਮਨੁੱਖਤਾ ਦੀ ਸੇਵਾ ਕਰਨ ਦੇ ਰਾਹ ਚੁਣਨ ਵੱਲ਼ ਅੱਗੇ ਵਧਿਆ ਤਾਂ ਇਹ ਸਾਫ਼ ਹੋ ਗਿਆ ਸੀ ਕਿ ਮਾਰਕਸ ਦੀ ਜ਼ਿੰਦਗੀ ਵਿੱਚ ਜਾਇਦਾਦ, ਅਹੁਦੇ, ਸਨਮਾਨਾਂ ਦੀਆਂ ਖੋਖ਼ਲੀਆਂ ਖੁਸ਼ੀਆਂ ਦੀ ਕੋਈ ਥਾਂ ਨਹੀਂ ਹੋਵੇਗੀ ਸਗੋਂ ਇਹ ਔਕੜਾਂ, ਦੁਸ਼ਵਾਰੀਆਂ ਦੇ ਤੂਫ਼ਾਨਾਂ ਵਿੱਚੋਂ ਗੁਜ਼ਰਦੀ ਹੋਈ ਆਤਮ ਸੰਤੁਸ਼ਟੀ, ਮਹਾਨਤਾ ਤੇ ਸਪੂੰਰਨ ਮਨੁੱਖ ਦੇ ਨਿਸ਼ਾਨੇ ਵੱਲ ਵਧੇਗੀ ਤਾਂ ਉਸ ਵੇਲੇ ਜੈਨੀ ਨੇ ਵੀ ਇਸ ਹੋਣੀ ਦੀ ਭਾਈਵਾਲ ਹੋਣਾ ਤੇ ਆਪਣੀ ਜ਼ਿੰਦਗੀ ਵੀ ਮਨੁੱਖਤਾ ਦੇ ਲੇਖੇ ਲਾਉਣ ਦਾ ਫ਼ੈਸਲਾ ਕਰ ਲਿਆ। 7 ਸਾਲ ਦੀ ਮੰਗਣੀ ਤੋਂ ਬਾਅਦ 19 ਜੂਨ 1843 ਨੂੰ ਵਿਆਹ ਤੋਂ ਲੈ ਕੇ ਜੈਨੀ ਨੇ ਆਖ਼ਰੀ ਸਾਹ ਤੱਕ ਹਰ ਜਲਾਵਤਨੀ, ਬੇਅਰਾਮੀ, ਗਰੀਬੀ, ਥੁੜਾਂ ਮਾਰੀ ਤੇ ਤਸੀਹਿਆਂ ਭਰੀ ਜ਼ਿੰਦਗੀ ਵਿੱਚ ਮਾਰਕਸ ਦਾ ਮੋਢੇ ਨਾਲ ਮੋਢਾ ਜੋੜ ਕੇ ਸਾਥ ਨਿਭਾਇਆ। ਉਹਨਾਂ ਨੇ ਹਰ ਸੰਭਵ ਤਰੀਕੇ ਨਾਲ਼ ਮਜ਼ਦੂਰ ਜਮਾਤ ਦੀ ਲਹਿਰ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਪਾਇਆ। ਉਹਨਾਂ ਮਾਰਕਸ ਦੀਆਂ ਲਿਖਤਾਂ ਦੀ ਨਕਲ਼ ਤਿਆਰ ਕਰਦੀ ਤਾਂ ਜੋ ਉਹ ਬਾਕੀਆਂ ਦੇ ਪੜ੍ਹਨ ਦੇ ਯੋਗ ਹੋ ਸਕਣ। ਜੈਨੀ ਪਾਰਟੀ ਦੇ ਕੰਮਾਂ ਵਿੱਚ ਹਰਕਾਰੇ ਦਾ ਕੰਮ ਕਰਦੀ, ਜਰੂਰੀ ਸੁਨੇਹੇ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਂਦੀ ਰਹੀ। ਲੰਡਨ 'ਚ ਜਦੋਂ ਮਾਰਕਸ ਪਰਿਵਾਰ ਖੁਦ ਫਾਕੇ ਕੱਟਣ ਲਈ ਮਜ਼ਬੂਰ ਸੀ, ਪਰ ਜੈਨੀ ਸਦਕਾ ਇੱਥੋਂ ਸਭ ਸਿਆਸੀ ਜਲਾਵਤਨਾਂ ਨੂੰ ਹਮੇਸ਼ਾਂ ਸ਼ਰਨ ਤੇ ਮਦਦ ਮਿਲਦੀ ਸੀ।


ਸਮੁੱਚੀ ਮਨੁੱਖਤਾ ਲਈ ਆਪਣਾ ਜੀਵਨ ਸਮਰਪਿਤ ਕਰਨ ਕਾਰਨ ਮਾਰਕਸ ਨੂੰ ਅੱਤ ਗਰੀਬੀ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋਣਾ ਪਿਆ ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਚੰਗਾ ਭੋਜਨ, ਵਾਤਾਵਰਨ ਤੇ ਸਿਹਤ ਸਹੂਲਤਾਂ ਵੀ ਨਾ ਮੁਹੱਈਆ ਕਰਵਾ ਸਕੇ ਤੇ ਉਹਨਾਂ ਦੇ 4 ਬੱਚਿਆਂ ਦੀ ਨਿੱਕੀ ਉਮਰ ਹੀ ਮੌਤ ਹੋ ਗਈ। ਇਸਦੇ ਬਾਵਜੂਦ ਜੈਨੀ ਨਾ ਸਿਰਫ ਮਾਰਕਸ ਨੂੰ ਆਪਣੀ ਜ਼ਿੰਦਗੀ ਦਾ ਧੁਰਾ ਬਦਲਣ ਲਈ ਕੋਈ ਜ਼ੋਰ ਪਾਇਆ ਸਗੋਂ ਇਹਨਾਂ ਬਿਪਤਾ ਦੀਆਂ ਘੜੀਆਂ ਵਿੱਚ ਆਪਣਾ ਜੀਵਨ ਮਨੁੱਖਤਾ ਲਈ ਸਮਰਪਿਤ ਕਰਦਿਆਂ ਉਹਨਾਂ ਨਾਲ਼ ਅੰਤਲੇ ਸਾਹ ਤੱਕ ਤੁਰਦੀ ਰਹੀ।

ਜੈਨੀ ਦੀ ਮਜ਼ਦੂਰ ਜਮਾਤ ਲਈ ਘਾਲੀ ਘਾਲਣਾ ਸਦਕਾ ਉਹਨਾਂ ਦੀ ਕਬਰ 'ਤੇ ਫਰੈਡਰਿਕ ਏਂਗਲਜ਼ ਨੇ ਇਹ ਸ਼ਬਦ ਆਖੇ ਸਨ:

"ਅਜਿਹੀ ਅੰਤਰ-ਭੇਦੀ ਅਲੋਚਨਾਤਮਕ ਪ੍ਰਤਿਭਾ, ਅਜਿਹੀ ਸਿਆਸੀ ਕੰਮ-ਯੋਗਤਾ, ਅਜਿਹੀ ਤੇਜੱਸਵੀ ਤੇ ਤਿੱਖੇ ਉਤਸ਼ਾਹੀ ਚਰਿੱਤਰ ਅਤੇ ਆਪਣੇ ਸੰਘਰਸ਼-ਸ਼ੀਲ ਸਾਥੀਆਂ ਪ੍ਰਤੀ ਅਜਿਹੀ ਵਫ਼ਾਦਾਰੀ ਵਾਲ਼ੀ ਇਸ ਔਰਤ ਨੇ ਲਗਭਗ ਚਾਲੀ ਸਾਲ ਤੱਕ ਲਹਿਰ ਲਈ ਕੀ ਕੁੱਝ ਕੀਤਾ, ਆਮ ਲੋਕ ਇਹ ਗੱਲ ਨਹੀਂ ਜਾਣਦੇ, ਸਾਡੇ ਸਮੇਂ ਦੇ ਅਖ਼ਬਾਰਾਂ ਵਿੱਚ ਇਸ ਦਾ ਜ਼ਿਕਰ ਤੱਕ ਨਹੀਂ ਹੈ। ਇਸਨੂੰ ਤਾਂ ਉਹੋ ਜਾਣ ਸਕਦਾ ਹੈ ਜਿਸ ਨੂੰ ਇਸ ਦਾ ਅਹਿਸਾਸ ਹੋਇਆ ਹੋਵੇ। ਪਰ ਮੈਂ ਏਨਾ ਜ਼ਰੂਰ ਜਾਣਦਾ ਹਾਂ ਕਿ ਕਮਿਊਨ ਦੇ ਪ੍ਰਵਾਸੀਆਂ ਦੀਆਂ ਪਤਨੀਆਂ ਉਹਨਾਂ ਨੂੰ ਅਕਸਰ ਯਾਦ ਕਰਨਗੀਆਂ ਤਾਂ ਸਾਨੂੰ ਦੂਸਰਿਆਂ ਨੂੰ ਅਕਸਰ ਉਹਨਾਂ ਦੀ ਸੁਲਝੀ ਹੋਈ ਤੇ ਅਕਲਮੰਦੀ ਵਾਲ਼ੀ ਸਲਾਹ ਦੀ ਘਾਟ ਮਹਿਸੂਸ ਹੋਵੇਗੀ—ਉਸ ਸੁਲਝੀ ਹੋਈ ਸਲਾਹ ਦੀ ਘਾਟ, ਜੋ ਅਡੰਬਰ-ਹੀਣ ਹੁੰਦੀ ਸੀ; ਉਹ ਅਕਲਮੰਦੀ ਵਾਲ਼ੀ ਸਲਾਹ ਜੋ ਵਕਾਰ ਦੇ ਕਿਸੇ ਸੁਆਲ ਉੱਤੇ ਨਹੀਂ ਝੁਕਣਾ ਚਾਹੁੰਦੀ ਸੀ।

ਉਹਨਾਂ ਦੇ ਨਿੱਜੀ ਵਿਅਕਤੀਗਤ ਗੁਣਾਂ ਦੀ ਗੱਲ ਕਰਨਾ ਮੈਂ ਜ਼ਰੂਰੀ ਨਹੀਂ ਸਮਝਦਾ। ਉਹਨਾਂ ਦੇ ਮਿੱਤਰ ਉਹਨਾਂ ਨੂੰ ਜਾਣਦੇ ਹਨ ਤੇ ਭੁੱਲਣਗੇ ਨਹੀਂ। ਜੇ ਸੰਸਾਰ ਵਿੱਚ ਕਦੇ ਕੋਈ ਅਜਿਹੀ ਔਰਤ ਹੋਈ ਹੈ, ਜਿਸ ਦਾ ਸਭ ਤੋਂ ਵੱਡਾ ਸੁੱਖ ਦੂਸਰਿਆਂ ਨੂੰ ਸੁਖੀ ਬਣਾਉਣਾ ਰਿਹਾ ਤਾਂ ਉਹ ਇਹੋ ਔਰਤ ਸੀ।

## ਪੰਜਾਬੀ ਦੇ ਉਚ ਪਾਏ ਦੇ ਅੰਤਰਰਾਸ਼ਟਰੀ ਰੁਤਬਾ ਹਾਸਲ ਕਰਨ ਵਾਲੇ ਮਹਾਨ ਲੋਕ ਕਵੀ (ਖੇਤਾਂ ਦਾ ਪੁੱਤ) ਨੂੰ ਸ਼ਰਧਾਂਜਲੀ ਦੇਣ ਲਈ ਉਨ੍ਹਾਂ ਦੀਆਂ ਕੁਝ ਲਿਖਤਾਂ ਪੇਸ਼ ਹਨ ।- ਸੰਪਾਦਕ



ਅਸੀਂ, ਬਹੁਤ ਸਾਰੇ ਸਾਹਿਤਕਾਰ ਤੇ ਸਮਾਜ ਵਿਗਿਆਨੀ ਵਰਤਮਾਨ ਦੇ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਵਿਗਿਆਨੀ ਪਹਿਲਾਂ ਦੀਆਂ ਥਿਊਰੀਆਂ ਤੇ ਸਮਾਜਿਕ ਵਿਕਾਸ ਦੇ ਨਿਯਮਾਂ ਦੀ ਸਹਾਇਤਾ ਨਾਲ ਅੱਜ ਨੂੰ ਪਰਖ ਕੇ ਕਿਸੇ ਸਿੱਟੇ 'ਤੇ ਪੁੱਜਣ ਦੀ ਕੋਸ਼ਿਸ਼ ਕਰਦੇ ਹਨ ਤੇ ਸਾਹਿਤਕਾਰ ਇਸ ਜ਼ਿੰਦਗੀ ਵਿਚ ਡੂੰਘੇ ਖੁੱਭ ਕੇ ਅਮਲੀ ਤੌਰ 'ਤੇ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਸਾਰੇ ਸਾਧਾਰਨ ਮਨੁੱਖ ਦੀ ਰੂਹ ਦਾ ਸ਼ੈਤਾਨ ਤੇ ਰੂਪ ਦਾ ਦੇਵਤਾ ਫੜ ਸਕਣ ਲਈ ਸੰਘਰਸ਼ ਕਰ ਰਹੇ ਹਾਂ। ਇਸ ਸੰਘਰਸ਼ ਵਿਚ ਵਿਗਿਆਨੀ ਦਾ ਰੋਲ ਕੇਵਲ ਦਰਸ਼ਕ ਵਾਲਾ ਵੀ ਹੋ ਸਕਦਾ ਹੈ, ਪਰ ਸਾਹਿਤਕਾਰ ਦਾ ਨਹੀਂ। ਜ਼ਿੰਦਗੀ ਦੀ ਇਸ ਵਿਸ਼ਾਲ ਸਟੇਜ ਉਤੇ ਉਸਨੂੰ ਕਿਸੇ ਨਾ ਕਿਸੇ ਰੂਪ ਵਿਚ ਹਿੱਸਾ ਲੈਣਾ ਹੀ ਪੈਂਦਾ ਹੈ, ਉਹ ਦਰਸ਼ਕ ਨਹੀਂ ਹੋ ਸਕਦਾ।

–ਪਾਸ਼

**ਦਹਿਕਦੇ ਅੰਗਿਆਰਾਂ ਤੇ ਸੌਂਦੇ ਰਹੇ ਨੇ ਲੋਕ**
**ਇਸ ਤਰ੍ਹਾਂ ਵੀ ਰਾਤ ਨੂੰ ਰੁਸ਼ਨਾਉਂਦੇ ਰਹੇ ਨੇ।**

–ਪਾਸ਼

ਇਸ ਦਾ ਜੋ ਵੀ ਨਾਂਅ ਹੈ, ਗੁੰਡਿਆਂ ਦੀ ਸਲਤਨਤ ਦਾ,
ਮੈਂ ਇਸ ਦਾ ਨਾਗਰਿਕ ਹੋਣ 'ਤੇ ਥੁੱਕਦਾ ਹਾਂ।

–ਪਾਸ਼

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ,
ਜੱਫੀ ਵਰਗੇ ਇਕ ਅਹਿਸਾਸ ਦਾ ਨਾਂ
ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ,
ਕੰਮ ਵਰਗਾ ਨਸ਼ਾ ਕੋਈ, ਕੁਰਬਾਨੀ ਜਹੀ ਵਫ਼ਾ
ਪਰ ਜੇ ਦੇਸ਼ ਰੂਹ ਦੀ ਵਗਾਰ ਦਾ ਕੋਈ ਕਾਰਖਾਨਾ ਹੈ
ਉੱਲੂ ਬਣਨ ਦਾ ਪ੍ਰਯੋਗ ਘਰ ਹੈ, ਤਾਂ ਸਾਨੂੰ ਉਸ ਤੋਂ ਖਤਰਾ ਹੈ।

–ਪਾਸ਼

### ਸ਼ਹੀਦ ਭਗਤ ਸਿੰਘ ਬਾਰੇ ਪਾਸ਼

ਭਗਤ ਸਿੰਘ ਪੰਜਾਬ ਦਾ ਪਹਿਲਾ ਵਿਚਾਰਕ ਸੀ, ਜਿਸ ਨੇ ਸਮਾਜ ਦੀ ਬਣਤਰ ਬਾਰੇ ਵਿਗਿਆਨਕ ਢੰਗ ਨਾਲ ਵਿਚਾਰ ਪੇਸ਼ ਕੀਤਾ ਸੀ। ਉਹ ਪਹਿਲਾ ਬੁੱਧੀਮਾਨ ਸੀ ਜਿਸ ਨੇ ਦੁੱਖਾਂ ਅਤੇ ਸਮਾਜਿਕ ਸਮੱਸਿਆਵਾਂ ਦੀ ਧੁਰ ਡੂੰਘਿਆਈ ਤੱਕ ਪਈਆਂ ਉਲਝਣਾ ਦੀ ਪਹਿਚਾਣ ਕੀਤੀ ਸੀ। ਉਹ ਪਹਿਲਾ ਦੇਸ਼ ਭਗਤ ਸੀ, ਜਿਸ ਦੇ ਮਨ ਵਿਚ ਸਮਾਜ ਸੁਧਾਰ ਦਾ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਸੀ। ਉਹ ਪਹਿਲਾ ਪੰਜਾਬੀ ਮਹਾਂਪੁਰਸ਼ ਸੀ ਜਿਸ ਨੇ ਭਾਵਨਾਵਾਂ ਅਤੇ ਸੋਝੀ ਦੇ ਸੁਮੇਲ ਲਈ ਧੁੰਦਲੀਆਂ ਮਾਨਤਾਵਾਂ ਦਾ ਸਹਾਰਾ ਨਹੀਂ ਸੀ ਲਿਆ। ਉਹ ਪਹਿਲਾ ਪੰਜਾਬੀ ਸੀ, ਜੋ ਦੇਸ਼ ਭਗਤੀ ਦੇ ਪ੍ਰਦਰਸ਼ਨਕਾਰੀ ਵਿਚਾਰਾਂ ਤੋਂ ਮੁਕਤ ਹੋ ਸਕਿਆ। ਉਹ ਪਹਿਲਾ ਪੰਜਾਬੀ ਸੀ, ਜਿਸ ਨੇ ਗਾਂਧੀਵਾਦ ਦੇ ਥੋਥੇ ਅਤੇ ਖੋਖਲੇ ਮਾਨਵਵਾਦ ਨੂੰ ਆਦਰਸ਼ਵਾਦ ਨੂੰ ਵੰਗਾਰਿਆ ਸੀ।

ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ ਸਾਂਡਰਸ ਦੀ ਹੱਤਿਆ, ਅਸੰਬਲੀ ਵਿਚ ਬੰਬ ਸੁੱਟਣ, ਫਾਂਸੀ ਦੇ ਫੰਡੇ ਤੇ ਲਟਕ ਜਾਣ ਤੋਂ ਕਿਤੇ ਜ਼ਿਆਦਾ ਹੈ। ਭਗਤ ਸਿੰਘ ਨੇ ਪਹਿਲੀ ਵਾਰ ਪੰਜਾਬ ਨੂੰ ਪਹਿਲਵਾਨੀ ਅਤੇ ਜਹਾਲਤ ਤੋਂ ਬੁੱਧੀਜਾਦ ਵੱਲ ਮੋੜਿਆ ਸੀ।

ਭਗਤ ਸਿੰਘ ਦੀਆਂ ਤਸਵੀਰਾਂ ਤੇ ਹਾਰ ਪਾਉਣ ਜਾਂ ਉਸ ਦੀ ਸ਼ਹਾਦਤ ਉਪਰ ਕਵਿਤਾਵਾਂ ਲਿਖਣ ਫਾਇਦਾ ਨਹੀਂ ਹੋਵੇਗਾ। ਜ਼ਰੂਰਤ ਹੈ ਉਸ ਦੀ ਵਿਚਾਰਧਾਰਾ ਨੂੰ ਸਮਝਣ ਅਤੇ ਅੱਗੇ ਵਧਾਉਣ ਦੀ ਜਿਸ ਦਿਨ ਉਸਨੂੰ ਫਾਂਸੀ ਲੱਗੀ ਸੀ, ਉਸ ਦੀ ਕੋਠੜੀ 'ਚ ਲੈਨਿਨ ਦੀ ਕਿਤਾਬ ਮਿਲੀ ਸੀ, ਜਿਸ ਦਾ ਇਕ ਪੰਨਾ ਮੋੜਿਆ ਹੋਇਆ ਸੀ।

ਪੰਜਾਬ ਦੀ ਜਵਾਨੀ ਨੂੰ ਉਸਦੇ ਆਖਰੀ ਦਿਨ ਮੋੜੇ ਹੋਏ ਪੰਨੇ ਤੋਂ ਅਗਾਂਹ ਤੁਰਨਾ ਚਾਹੀਦਾ ਹੈ।

– ਪਾਸ਼

### ਅਨੁਭਵ ਅਤੇ ਕਵਿਤਾ

ਕਵੀ ਆਪਣੇ ਆਪ ਨਾਲ ਸਬੰਧਤ ਜ਼ਿੰਦਗੀ ਬਾਰੇ ਜਦੋਂ ਬਹੁਤਾ ਸੁਚੇਤ ਹੋ ਜਾਵੇ ਤਾਂ ਰਚਨਾ ਵਿਚ ਕਾਵਿਕਤਾ ਘਟ ਜਾਂਦੀ ਹੈ.....ਵਰਤਮਾਨ ਸਮੇਂ 'ਚ ਪ੍ਰਚਲਿਤ ਮਿੱਥਾਂ, ਜਦੋਂ ਵਰਤਮਾਨ ਮੁੱਲਾਂ ਦੇ ਹਾਣ ਦੀਆਂ ਪ੍ਰਤੀਤ ਨਹੀਂ ਹੁੰਦੀਆਂ ਤਾਂ ਇਕ ਪੀੜ ਪੈਦਾ ਹੁੰਦੀ ਹੈ, ਇਕ ਕੰਟਰਾਸਟ ਪੈਦਾ ਹੁੰਦਾ ਹੈ।......ਪਿੰਡ ਵਿਚ ਕੋਈ ਵਿਆਹ ਸੀ, ਕੁੜੀਆਂ ਗਾ ਰਹੀਆਂ ਸਨ। ਚਿੜੀਆਂ ਦਾ ਚੰਬਾ ਵਾਲਾ ਲੋਕ ਗੀਤ ਸੀ। ਮੈਂ ਸੋਚਿਆ-ਇਹ ਕਿੱਡੇ ਭੁਲੇਖੇ ਵਿਚ ਹਨ। ਇਹ ਕਿਥੇ ਚਲੀਆਂ ਜਾਣਗੀਆਂ? ਐਥੇ ਹੀ ਇਨ੍ਹਾਂ ਨੇ ਘਾਹ ਖੋਤਣਾ। ਰੋਟੀਆਂ ਐਥੇ ਨਹੀਂ ਉਥੇ ਢੋਹ ਲੈਣਗੀਆਂ। ਲੋਕ ਚੇਤਨਾ ਵਿਚ ਜ਼ਿੰਦਗੀ ਦੀ ਉਡਾਰ ਕਿੰਨੀ ਉਚੀ ਆ, ਕਲਪਨਾ ਕਿੰਨੀ ਉਚੀ, ਸੁਪਨੇ ਕਿੱਡੇ ਉਚੇ ਉਚੇ, ਪਰ ਅਸਲ ਵਿਚ ਇਨ੍ਹਾਂ ਨੂੰ ਏਥੇ ਹਾਸਲ ਕੀ ਆ? ਮੈਂ ਨਹੀਂ ਸੋਚਿਆ ਕਿ ਫਲਾਂ ਗਾਣੇ ਦੀ ਮਿੱਥ ਨੂੰ ਤੋੜ ਕੇ ਉਲਟਾ ਦਿਆਂ ਅਸਲ ਵਿਚ ਇਹ ਜ਼ਿੰਦਗੀ ਦੇ ਕਮਾਏ ਹੋਏ ਆਪਣੇ ਨਿੱਜੀ ਤੇ ਸ਼ੁੱਧ ਅਨੁਭਵ ਹਨ। ਜਿਥੇ ਮੇਰੇ ਅਨੁਭਵਾਂ ਨਾਲ ਟਕਰਾ ਪੈਦਾ ਹੋਇਆ, ਉਥੇ ਆਪ ਮਹਾਰੇ ਲਿਖਿਆ ਗਿਆ।

– ਪਾਸ਼

ਪਿਆਰ ਕਰਨਾ ਅਤੇ ਜੀਣਾ ਉਹਨੂੰ ਕਦੇ ਵੀ ਨਹੀਂ ਆਉਣਾ, ਜਿਨ੍ਹਾਂ ਨੂੰ ਜ਼ਿੰਦਗੀ ਨੇ ਬਾਣੀਏ ਬਣਾ ਦਿੱਤਾ।

– ਪਾਸ਼

- ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਭਵਿੱਖ ਹੁੰਦਾ ਹੀ ਨਹੀਂ।
- ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸੰਕਟ ਸਾਹਮਣੇ ਹੁੰਦਾ ਹੈ।
- ਭਾਰਤਵਾਸੀ ਉਠਦੇ ਜਲਦੀ ਹਨ ਪਰ ਇਹ ਜਾਗਦੇ ਦੇਰ ਨਾਲ ਹਨ।
- ਆਪਣੀ ਯੋਗਤਾ ਵੇਚੋ, ਆਪ ਨਾ ਵਿਕੋ।

– ਪਾਸ਼

### ਮਹਾਂਨਗਰ ਚੇਤਨਾ

ਮਹਾਂਨਗਰ ਚੇਤਨਾ ਮਸ਼ੀਨੀ ਯੁੱਗ ਦੀ ਤੇਜ਼ੀ 'ਚੋਂ ਮਨੁੱਖ ਦੇ ਨਿਗੂਣੇਪਣ ਅਤੇ ਦੁਰਦਸ਼ਾ ਦੇ ਉਤਪਨ ਅਹਿਸਾਸਾਂ ਦਾ ਸਮੂਹਿਕ ਨਾਂਅ ਹੈ, ਜਦਕਿ ਪੇਂਡੂ ਜ਼ਿੰਦਗੀ ਦੀ ਘੁਟਣ ਤੇਜ਼ੀ ਲਈ ਤਰਸੇਵੇਂ ਦੇ ਅਹਿਸਾਸ 'ਚੋਂ ਜੰਮੀ ਹੈ। ਉਹ ਅੱਕੇ ਹੋਏ ਹਨ, ਇਹ ਪਛੜੇ ਹੋਏ ਹਨ। ਉਨ੍ਹਾਂ ਲਈ ਆਰਥਿਕਤਾ ਮੁੱਖ ਨਹੀਂ ਹੈ, ਇਨ੍ਹਾਂ ਲਈ ਸਭ ਕੁਝ ਹੈ। .....ਉਹ ਬਦਮਾਸ਼ਾਂ ਦੀ ਦੇਣ ਹੈ, ਇਹ ਅਨਾੜੀਆਂ ਦੀ ਦੇਣ ਹੈ।.....ਪੇਂਡੂ ਘੁਟਣ ਵਿਚ ਸਾਦਗੀ ਹੈ, ਸੱਚ ਹੈ ਤੇ ਇਮਾਨਦਾਰੀ ਹੈ। ਇਹ ਉਹ ਅਵਸਥਾ ਹੈ, ਜਿਸ ਨੂੰ ਸੱਚੀਂ ਮੁੱਚੀਂ ਭੋਗਿਆ ਜਾ ਰਿਹਾ ਹੈ, ਜਦਕਿ ਮਹਾਂਨਗਰ ਚੇਤਨਾ ਦੀ ਪੰਜਾਬ ਵਿਚ ਸਿਰਫ਼ ਡੌਂਡੀ ਪਿੱਟੀ ਜਾ ਰਹੀ ਹੈ। ਚੰਡੀਗੜ੍ਹ ਤੋਂ ਸਿਵਾਏ ਇਹਦੇ ਲਈ ਕਿਤੇ ਖਾਸ ਕਾਰਨ ਵੀ ਨਹੀਂ ਹਨ।.....ਪੰਜਾਬ ਦੇ ਮਹਾਂਨਗਰ ਚੇਤਨਾ ਦੇ ਝੰਡਾ ਬਰਦਾਰ ਪੰਜਾਬ ਦੀ ਜਨਤਾ ਤੇ ਭਾਰ ਹਨ। ਇਹ ਦੰਭੀ ਅਦਾਰਿਆਂ ਦੇ ਅੰਗ ਹਨ, ਜੋ ਜਨਤਾ ਦਾ ਕੁਝ ਨਹੀਂ ਸੰਵਾਰ ਰਹੇ, ਸਗੋਂ ਬੇਸ਼ੁਮਾਰ ਆਰਥਿਕ ਬੋਝ ਪਾ ਰਹੇ ਹਨ।

–ਪਾਸ਼

ਸਾਹਿਤ ਦੀ ਸਾਰਥਿਕਤਾ, ਇਹਦੇ ਜਵਾਬ ਬਣਨ ਵਿਚ ਨਹੀਂ ਸਵਾਲ ਬਣਨ ਵਿਚ ਹੈ। ਕੋਈ ਸਾਹਿਤ ਉਨ੍ਹਾਂ ਹੀ ਵਧੀਆ ਹੁੰਦਾ ਹੈ, ਜਿੰਨਾ ਤੀਖਣ ਉਹ ਸਵਾਲ ਬਣ ਕੇ ਲੋਕਾਂ ਸਾਹਵੇਂ ਆਵੇ।......ਸਾਡੇ ਲੋਕ ਇੰਨੇ ਹੀਣੇ ਨਹੀਂ ਕਿ ਜਵਾਬ ਨਾ ਲੱਭ ਸਕਣ।

ਪਾਸ਼

### ਲੋਕ ਪ੍ਰਿਅਤਾ

ਲੋਕ ਪ੍ਰਿਅਤਾ ਇਕ ਤਸ਼ੱਦਦ ਹੈ, ਗਲੇ ਦਾ ਰੱਸਾ ਹੈ। ਜਦ ਤੋਂ ਮੈਂ ਲਿਖਣਾ ਸ਼ੁਰੂ ਕੀਤਾ ਹੈ, ਗੁੱਛਿਆਂ ਦੇ ਗੁੱਛੇ ਪ੍ਰਸੰਸਕ ਮੈਨੂੰ ਵਲੇਟ ਪਾਈ ਰੱਖਦੇ ਰਹੇ ਤੇ ਮੈਨੂੰ ਅਚੇਤ ਤੌਰ 'ਤੇ ਗੁੰਮਰਾਹ ਕਰਨ ਲਈ ਪ੍ਰਯਤਨਸ਼ੀਲ ਰਹੇ ਹਨ, ਪਰ ਮੈਂ ਹਰ ਵਾਰ ਤੋੜ ਕੇ ਭੱਜ ਆਉਂਦਾ ਰਿਹਾ ਹਾਂ। ਰੱਬ ਮੈਨੂੰ ਉਹ ਦਿਨ ਨਾ ਦਿਖਾਵੇ ਜਦੋਂ ਮੈਂ ਕਿਤੇ ਵੀ ਸਥਾਪਤ ਹੋਇਆ ਬੈਠਾ ਰਹਾਂ।

– ਪਾਸ਼

ਹਿੰਸਾ ਮੈਨੂੰ ਕਿਸੇ ਉਲਟ ਸੰਸਾਰ ਦਾ ਘਿਨਾਉਣਾ ਮਾਂ ਮਾਰਿਆ ਕੁੱਤਾ ਲੱਗਦੀ ਹੈ। ਮੈਂ ਕਿਸੇ ਵੀ ਹਿੰਸਾ ਵਿਚ ਯਕੀਨ ਰੱਖਣ ਵਾਲੇ ਬੰਦੇ ਜਾਂ ਸੰਸਥਾ ਨੂੰ ਦਿਲੋਂ ਪਿਆਰ ਨਹੀਂ ਕਰ ਸਕਦਾ।.....ਮੈਂ ਜੇਲ੍ਹ ਦੀ ਕੋਠੜੀ 'ਚ ਆਪਣੇ ਉਤੇ ਕੁੱਦਦੀਆਂ ਟਿੱਡੀਆਂ ਵੀ ਨਹੀਂ ਮਾਰ ਸਕਦਾ।

–ਪਾਸ਼

**ਪੇਸ਼ਕਸ਼ : ਮਾਸਟਰ ਭਜਨ ਕੈਲਗਰੀ**

# ਭਾਰਤੀ ਵਿੱਦਿਅਕ ਅਦਾਰਿਆਂ ਨੂੰ ਭਗਵੇਂਕਰਨ ਵਲ ਤੋਰਨ ਦੀ ਸਾਜ਼ਿਸ਼



ਜਦੋਂ ਦੀ ਮੌਜੂਦਾ ਸਰਕਾਰ ਨੇ ਕੇਂਦਰ ਵਿਚ ਸੱਤਾ ਸੰਭਲੀ ਹੈ, ਇਸ ਨੇ ਉਚ ਅਕਾਦਮਿਕ ਮਿਆਰ ਵਾਲੀਆਂ ਕੇਂਦਰੀ ਸੰਸਥਾਵਾਂ ਨੂੰ ਬਰਬਾਦ ਕਰਨ ਦਾ ਇਕ ਗਹਿਰਾ ਸਾਜਿਸ਼ੀ ਤਰੀਕਾ ਅਖਤਿਆਰ ਕੀਤਾ ਹੋਇਆ ਹੈ ਜਿਸ ਦੇ ਪਹਿਲੇ ਸੰਕੇਤ ਨੋਬਲ ਜੇਤੂ ਅਮਿਰਤਿਆ ਸੇਨ ਦੇ ਨਾਲੰਦਾ ਯੂਨੀਵਰਸਿਟੀ ਦੇ ਚਾਂਸਲਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਵੇਲੇ ਮਿਲੇ ਸਨ। ਇਸ ਪਿਛੋਂ, ਕਦੇ ਆਈ. ਆਈ. ਟੀ. ਮਦਰਾਸ, ਕਦੇ ਐਫ. ਟੀ. ਆਈ. ਆਈ. ਪੂਨਾ, ਇਕ ਤੋਂ ਬਾਅਦ ਇਕ ਕੇਂਦਰੀ ਸੰਸਥਾਵਾਂ ਦੀ ਬੇਹੁਰਮਤੀ ਕੀਤੀ ਗਈ ਹੈ ਜਿਸ ਦੀ ਬੁਨਿਆਦ ਵਿਚ ਵਿਚਾਰਾਂ ਦੀ ਆਜ਼ਾਦੀ ਤੇ ਵੰਨ ਸੁਵੰਨਤਾ ਨੂੰ ਕੁਚਲਣ ਦਾ ਘਿਨਾਉਣਾ ਮਨੋਰਥ ਕੰਮ ਕਰ ਰਿਹਾ ਹੈ। ਯਾਦ ਰਹੇ ਕਿ ਅੰਗਰੇਜ਼ ਬਸਤੀਵਾਦ ਵਿਰੁੱਧ ਆਜ਼ਾਦੀ ਦੀ ਲੜਾਈ ਦਾ ਧੁਰਾ ਵਿਚਾਰਾਂ ਦੀ ਆਜ਼ਾਦੀ ਸੀ ਜਿਸ ਲਈ ਕੇਂਦਰੀ ਅਸੈਂਬਲੀ ਵਿਚ ਭਗਤ ਸਿੰਘ ਅਤੇ ਦੱਤ ਨੇ ਕੁਰਬਾਨੀ ਲਈ ਆਪਣੇ ਆਪ ਨੂੰ ਪੇਸ਼ ਕੀਤਾ ਸੀ।

ਤਾਜ਼ਾ ਘਟਨਾਵਾਂ ਜਿਵੇਂ ਕਿ ਹੈਦਰਾਬਾਦ ਯੂਨੀਵਰਸਿਟੀ ਦੇ ਜੁਝਾਰੂ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਕੇ ਵਿਦਿਆਰਥੀ ਆਗੂ ਰੋਹਿਤ ਵੈਮੂਲਾ ਨੂੰ ਖ਼ੁਦਕਸ਼ੀ ਲਈ ਮਜਬੂਰ ਕਰਨਾ, ਤੋਂ ਬਾਅਦ ਹਿੰਦੂਤਵੀ ਸੱਤਾਧਾਰੀਆਂ ਵਲੋਂ ਦੇਸ਼ ਦੀ ਵੱਕਾਰੀ ਵਿਦਿਅਕ ਸੰਸਥਾ, ਜੇ. ਐਨ. ਯੂ. ਦਿੱਲੀ, ਵਿਚ ਖੱਬੇਪੱਖੀ ਵਿਦਿਆਰਥੀ ਆਗੂਆਂ ਨੂੰ ਰਾਸ਼ਟਰ ਵਿਰੋਧੀ' ਕਰਾਰ ਦੇ ਕੇ ਨਿਸ਼ਾਨਾ ਬਣਾਏ ਜਾਣ ਤੋਂ ਇਕ ਵਾਰ ਫਿਰ ਇਹ ਸਪਸ਼ਟ ਹੋ ਗਿਆ ਹੈ ਕਿ ਸੱਤਾਧਾਰੀ ਭਾਜਪਾ ਵਲੋਂ ਹਰ ਹਰਬਾ ਵਰਤਕੇ ਸਰਕਾਰੀ ਅਦਾਰਿਆਂ, ਖ਼ਾਸ ਕਰਕੇ ਚੋਟੀ ਦੀਆਂ ਵਿਦਿਅਕ ਸੰਸਥਾਵਾਂ 'ਤੇ ਭਗਵੇਂਕਰਨ ਦੀ ਨੀਤੀ ਤਹਿਤ ਹਮਲੇ ਕੀਤੇ ਜਾਣ ਨਾਲ ਸਾਡੇ ਦੇਸ਼ ਦੀ ਫਿਰਕੂ ਸਦਭਾਵਨਾ ਵਾਲੀ ਸਭਿਆਚਾਰਕ ਬਣਤਰ ਅਤੇ ਵਿਚਾਰਾਂ ਦੀ ਆਜ਼ਾਦੀ ਗੰਭੀਰ ਖਤਰੇ ਮੂੰਹ ਆ ਚੁੱਕੀ ਹੈ। ਦੇਸ਼ ਵਿਚ ਫਿਰਕੂ ਨਫ਼ਰਤ ਦੀ ਸਿਆਸਤ ਕਰਨਾ, ਬਾਬਰੀ ਮਸਜਿਦ ਢਾਹੁਣਾ, ਗੁਜਰਾਤ ਵਿਚ ਹਜ਼ਾਰਾਂ ਬੇਕਸੂਰ ਮੁਸਲਮਾਨਾਂ ਦਾ ਕਤਲੇਆਮ ਕਰਾਉਣਾ ਅਤੇ ਗਊ ਮਾਸ ਰੱਖਣ ਤੇ ਗਊ ਹੱਤਿਆ ਕਰਨ ਦੀਆਂ ਅਫ਼ਵਾਹਾਂ ਫੈਲਾ ਕੇ ਮੁਸਲਿਮ ਧਾਰਮਿਕ ਘੱਟ ਗਿਣਤੀ ਉਪਰ ਕਾਤਲਾਨਾ ਹਮਲੇ ਕਰਨਾ ਆਦਿ ਸਾਡੇ ਦੇਸ਼ ਦੀ ਸਭਿਆਚਾਰਕ ਵੰਨ ਸੁਵੰਨਤਾ ਦੇ ਜੜ੍ਹੀਂ ਤੇਲ ਪਾਉਣ ਵਾਲੀ ਗੱਲ ਹੈ। ਹਿੰਦੂ ਰਾਸ਼ਟਰਵਾਦੀ ਹੈ ਅਤੇ ਕੌਣ ਦੇਸ਼ਧ੍ਰੋਹੀ। ਇਕ ਪ੍ਰਮੁੱਖ ਯੂਨੀਵਰਸਿਟੀ ਜੋ ਜਮਹੂਰੀ ਮੁੱਲਾਂ ਅਤੇ ਅਕਾਦਮਿਕ ਮਿਆਰਾਂ ਦਾ ਮੁਜੱਸਮਾ ਹੈ ਅਤੇ ਜਿਸ ਦੇ ਸ਼ਾਨਦਾਰ ਖੁੱਲ੍ਹੇ ਅਕਾਦਮਿਕ ਮਾਹੌਲ ਨੇ ਦੇਸ਼ ਤੇ ਦੁਨੀਆ ਨੂੰ ਉਚ ਕੋਟੀ ਦੇ ਬੁੱਧੀਜੀਵੀ, ਚਿੰਤਕ, ਪੱਤਰਕਾਰ ਅਤੇ ਸਿਆਸੀ ਕਾਰਕੁੰਨ ਦਿੱਤੇ ਉਸ ਨੂੰ ਸੱਤਾਧਾਰੀ ਪਾਰਟੀ ਦੇ ਆਗੂ 'ਦਹਿਸ਼ਤਗਰਦਾਂ, ਮਾਓਵਾਦੀਆਂ ਦਾ ਅੱਡਾ' ਅਤੇ ਕੈਂਪਸ ਦੀਆਂ ਸੰਘਰਸ਼ਸ਼ੀਲ ਔਰਤਾਂ ਨੂੰ 'ਵੇਸ਼ਵਾਵਾਂ ਤੋਂ ਵੀ ਭੈੜੀਆਂ' ਕਹਿ ਕੇ ਇਸ ਪ੍ਰਤੀ ਘ੍ਰਿਣਾ ਹੀ ਨਹੀਂ ਫੈਲਾ ਰਹੇ ਸਗੋਂ ਖ਼ੁਦ ਕੌਮੀ ਅਕਾਲ ਦਾ ਘਾਣ ਕਰ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਫਾਸ਼ੀਵਾਦੀ ਤਾਕਤਾਂ ਹਮੇਸ਼ਾ ਰਾਸ਼ਟਰਵਾਦ ਦਾ ਬੁਰਕਾ ਪਾ ਕੇ ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲਣ ਦਾ ਰਾਹ ਅਪਣਾਉਂਦੀਆਂ ਹਨ ਅਤੇ ਆਪਣੀ ਤਰਕਹੀਣ ਵਿਚਾਰਧਾਰਾ ਨੂੰ ਸਮਾਜ ਉਪਰ ਥੋਪਦੀਆਂ ਹਨ। ਜੇ. ਐਨ. ਯੂ., ਹੋਰ ਯੂਨੀਵਰਸਿਟੀਆਂ ਤੇ ਕੇਂਦਰੀ ਸੰਸਥਾਵਾਂ ਵਿਚ ਖੁੱਲ੍ਹੇ ਵਿਚਾਰਾਂ ਉਪਰ ਬਹਿਸ-ਮੁਬਾਹਸੇ ਦੀ ਜਮਹੂਰੀ ਸਪੇਸ ਫਾਸੀਵਾਦੀ ਤਾਕਤਾਂ ਨੂੰ ਬਹੁਤ ਰੜਕਦੀ ਹੈ ਅਤੇ ਉਹ ਲੰਮੇ ਸਮੇਂ ਤੋਂ ਇਸ ਨੂੰ ਖ਼ਤਮ ਕਰਨ ਲਈ ਜ਼ਮੀਨ ਤਿਆਰ ਕਰਦੇ ਆ ਰਹੇ ਹਨ। ਜਿਵੇਂ ਉੱਲੂ ਚਾਨਣ ਤੋਂ ਤ੍ਰਭਕਦਾ ਹੈ ਇਵੇਂ ਤਰਕਹੀਣ ਹਮੇਸ਼ਾ ਤਰਕ ਤੋਂ ਡਰਦਾ ਹੈ ਜਿਸ ਕਰਕੇ ਧੌਂਸ ਤੇ ਧੱਕੇ ਨਾਲ ਸੰਵਾਦ ਨੂੰ ਰੌਲੇ ਘਚੋਲੇ ਵਿਚ ਪਾਉਂਦਾ ਹੈ।

ਦਿੱਲੀ ਵਿਚ ਫਾਸੀ ਦੀ ਸਜ਼ਾ ਬਾਰੇ ਵਿਚਾਰ ਗੋਸ਼ਟੀ, ਜਿਸ ਵਿਚ ਪਿਛਲੇ ਸਮੇਂ ਵਿਚ ਅਫ਼ਜ਼ਲ ਗੁਰੂ ਨੂੰ ਦਿੱਤੀ ਗਈ ਫਾਂਸੀ ਦਾ ਜ਼ਿਕਰ ਹੋਇਆ, ਨੂੰ ਬਹਾਨਾ ਬਣਾ ਕੇ ਜੇ. ਐਨ. ਯੂ. ਦੇ ਜਾਗਰੂਕ ਵਿਦਿਆਰਥੀਆਂ ਦੇ ਚੁਣੇ ਹੋਏ ਆਗੂ ਕਨੱਈਆ ਕੁਮਾਰ ਦੀ 'ਦੇਸ਼ਧ੍ਰੋਹ' ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰੀ ਹਿੰਦੂਤਵੀਆਂ ਵਲੋਂ ਘੜੀ ਡੂੰਘੀ ਸਾਜ਼ਿਸ਼ ਦਾ ਸਿੱਟਾ ਹੈ ਜਿਸ ਤਹਿਤ ਵਿਚਾਰਾਂ ਦੇ ਸੰਘਰਸ਼ ਨੂੰ ਦੇਸ਼ਧ੍ਰੋਹ ਬਣਾ ਦਿੱਤਾ ਗਿਆ ਹੈ। ਕੈਂਪਸ ਵਿਚ ਪੁਲਿਸ ਤੇ ਸੱਤਾਧਾਰੀ ਧਿਰ ਨਾਲ ਸਬੰਧਤ ਅਨਸਰਾਂ ਦੀਆਂ ਮਨਮਾਨੀਆਂ ਵਿਰੁੱਧ ਜੇ. ਐਨ. ਯੂ. ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਅਤੇ ਉਨ੍ਹਾਂ ਦੇ ਹੱਕ ਵਿਚ ਪੂਰੇ ਦੇਸ਼ ਵਿਚ ਉਠ ਰਹੀ ਵਿਰੋਧੀ ਲਹਿਰ ਨੂੰ ਦਬਾਉਣ ਲਈ ਕੇਂਦਰੀ ਮੰਤਰੀਆਂ ਦੇ ਫਾਂਸੀਵਾਦੀ ਫ਼ਰਮਾਨ ਦਰਸਾਉਂਦੇ ਹਨ ਕਿ ਉਨ੍ਹਾਂ ਦਾ ਅਸਲ ਮਨੋਰਥ ਯੂਨੀਵਰਸਿਟੀ ਕੈਂਪਸਾਂ ਵਿਚ ਅਕਾਦਮਿਕ ਆਜ਼ਾਦੀ ਨੂੰ ਖਤਮ ਕਰਨਾ ਹੈ ਜਿਸ ਵਿਚ ਵਿਚਾਰਾਂ ਦੀ ਆਲੋਚਨਾ ਦੀ ਜਮਹੂਰੀ ਰਵਾਇਤ ਅਤੇ ਵਿਚਾਰਾਂ ਦੀ ਭਿੰਨਤਾ ਦੀ ਸ਼ਾਨਦਾਰ ਰਵਾਇਤ ਚਲੀ ਆ ਰਹੀ ਹੈ।

15 ਫਰਵਰੀ ਨੂੰ ਭਾਜਪਾ ਐਮ. ਐਲ. ਏ. ਦੀ ਅਗਵਾਈ ਵਿਚ ਵਕੀਲਾਂ ਦੇ ਇਕ ਗਰੁੱਪ ਤੇ ਆਰ. ਐਸ. ਐਸ. ਦੇ ਹੁਲੜਬਾਜ਼ਾਂ ਵਲੋਂ ਅਦਾਲਤੀ ਕੰਪਲੈਕਸ ਦੇ ਅੰਦਰ ਯੂਨੀਵਰਸਿਟੀ ਪ੍ਰੋਫੈਸਰਾਂ, ਪੱਤਰਕਾਰਾਂ ਤੇ ਵਿਦਿਆਰਥੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਅਤੇ ਗੋਲੀਆਂ ਮਾਰਨ ਦੀਆਂ ਧਮਕੀਆਂ ਦੇਣ ਤੋਂ ਬਾਅਦ ਸੁਪਰੀਮ ਕੋਰਟ ਵਲੋਂ ਸੁਰੱਖਿਆ ਦੇ ਨਜ਼ਰੀਏ ਤੋਂ ਕਨੱਈਆ ਕੁਮਾਰ ਦੀ ਪੇਸ਼ੀ ਮੌਕੇ ਦਿੱਤੇ ਸੀਮਤ ਹਜ਼ਾਰੀ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਕੇ 17 ਫਰਵਰੀ ਨੂੰ ਦੁਬਾਰਾ ਫਿਰ ਅਦਾਲਤੀਚ ਕੰਪਲੈਕਸ ਦੇ ਅੰਦਰ ਪੱਤਰਕਾਰਾਂ ਤੇ ਵਿਦਿਆਰਥੀ ਆਗੂ ਕਨੱਈਆ ਕੁਮਾਰ ਉਪਰ ਹਮਲਾ ਕੀਤਾ ਗਿਆ। ਇਹ ਘਟਨਾ ਕੋਈ ਅਚਨਚੇਤੀ ਨਹੀਂ ਹੈ। ਇਹ ਅਦਾਲਤ ਤੇ ਨਿਆਂ ਪ੍ਰਕਿਰਿਆ ਦੇਅੰਦਰ ਧੌਂਸਬਾਜ਼ ਦਖ਼ਲਅੰਦਾਜ਼ੀ ਦੀ ਸੋਚੀ ਸਮਝੀ ਸਾਜ਼ਿਸ਼ ਹੈ। ਸੁਪਰੀਮ ਕੋਰਟ ਵਲੋਂ ਭੇਜੀ 6 ਸੀਨੀਅਰ ਵਕੀਲਾਂ ਦੀ ਟੀਮ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਉਥੇ ਜੁੜੀ ਭੀੜ ਵਲੋਂ ਪਾਕਿਸਤਾਨ ਦੇ ਦੱਲੇ ਕਿਹਾ ਗਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦਿੱਲੀ ਪੁਲਿਸ ਆਪਣਾ ਫਰਜ਼ ਨਹੀਂ ਨਿਭਾ ਰਹੀ। ਇਸ ਤਰ੍ਹਾਂ ਇਹ ਸਮੁੱਚਾ ਘਟਨਾਕ੍ਰਮ ਸੱਤਾਧਾਰੀ ਧਿਰ ਵਲੋਂ ਹਾਲਾਤ ਨੂੰ ਦਿਨੋ ਦਿਨ ਗਿਣ-ਮਿਥਕੇ ਹੋਰ ਵੀ ਖ਼ਤਰਨਾਕ ਪਾਸੇ ਵੱਲ ਲਿਜਾਣ ਦਾ ਸੰਕੇਤ ਹੈ।

ਇਹ ਤਸੱਲੀ ਵਾਲੀ ਗੱਲ ਹੈ ਕਿ ਦੇਸ਼ ਦੇ ਅਗਾਂਹਵਧੂ ਚਿੰਤਕਾਂ, ਬੁੱਧੀਜੀਵੀਆਂ, 40 ਕੇਂਦਰੀ ਯੂਨੀਵਰਸਿਟੀਆਂ ਦੇ ਅਧਿਆਪਕਾਂ, ਅਗਾਂਹਵਧੂ ਸੋਚ ਨੂੰ ਪ੍ਰਣਾਈਆਂ ਵਿਦਿਆਰਥੀ ਜਥੇਬੰਦੀਆਂ ਅਤੇ ਜਮਹੂਰੀਅਤ ਪਸੰਦ ਤਾਕਤਾਂ ਨੇ ਸੱਤਾਧਾਰੀ ਧਿਰ ਦੇ ਇਸ ਹਮਲਾਵਰ ਵਰਤਾਰੇ ਨੂੰ ਗੰਭੀਰ ਚੁਣੌਤੀ ਦਿੱਤੀ ਹੈ ਅਤੇ ਜੇ. ਐਨ. ਯੂ. ਦੇ ਸੰਘਰਸ਼ਸ਼ੀਲ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਸੰਘਰਸ਼ ਦੇ ਮੋਢੇ ਨਾਲ ਮੋਢਾ ਜੋੜ ਕੇ ਇਕਮੁਠਤਾ ਜ਼ਾਹਿਰ ਕੀਤੀ ਹੈ। ਹਾਵਰਡ, ਕੋਲੰਬੀਆ, ਯੇਲ, ਕੈਂਬਰਿਜ ਸਮੇਤ ਕੌਮਾਂਤਰੀ ਨਾਮਣੇ ਵਾਲੀਆਂ ਯੂਨੀਵਰਸਿਟੀਆਂ ਦੇ 455 ਅਕਾਦਮਿਕਾਂ ਨੇ ਸਾਂਝਾ ਬਿਆਨ ਜਾਰੀ ਕਰਕੇ ਜੇ. ਐਨ. ਯੂ. ਦੇ ਸੰਘਰਸ਼ ਨਾਲ ਇਕਮੁਠਤਾ ਪ੍ਰਗਟਾਈ ਹੈ।

ਇਸ ਨਾਜ਼ੁਕ ਘੜੀ ਸਮੂਹ ਧਰਮਨਿਰਪੱਖ, ਜਹੂਰੀਅਤਪਸੰਦ ਤਾਕਤਾਂ ਨੂੰ ਭਵਿੱਖ ਪ੍ਰਤੀ ਆਪਣਾ ਫਰਜ਼ ਪਹਿਚਾਣਦੇ ਹੋਏ ਇਸ ਫਾਸ਼ੀਵਾਦੀ ਹਮਲੇ ਵਿਰੁੱਧ ਇਕਜੁਟ ਆਵਾਜ਼ ਉਠਾਉਣ ਦੀ ਲੋੜ ਹੈ। ਅਸੀਂ ਅਪੀਲ ਕਰਦੇ ਹਾਂ ਕਿ ਸਾਰਿਆਂ ਵਲੋਂ ਇਕ ਆਵਾਜ਼ ਹੋ ਕੇ ਇਸ ਵਰਤਾਰੇ ਦਾ ਅਜਿਹਾ ਵਿਰੋਧ ਕੀਤਾ ਜਾਵੇ ਕਿ ਲੋਕਾਂ ਦੀ ਇਸ ਚੁਣੌਤੀ ਪ੍ਰਤੀ ਚੇਤੰਨਤਾ ਵਧੇ ਅਤੇ ਉਹ ਇਸ ਦੀ ਗੰਭੀਰਤਾ ਨੂੰ ਪਹਿਚਾਨਣ। ਆਓ ਇਨ੍ਹਾਂ ਦਣਦਣਾ ਰਹੀਆਂ ਤਾਕਤਾਂ ਨੂੰ ਰੋਕਣ ਲਈ ਇਕਜੁਟ ਆਵਾਜ਼ ਉਠਾਈਏ ਤਾਂ ਕਿ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕਦੇ।

ਅਸੀਂ ਹੇਠ ਲਿਖੇ ਹਸਤਾਖਰੀ ਸੱਤਾਧਾਰੀ ਧਿਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਪੁਲਿਸ ਕਾਰਵਾਈ ਅਤੇ ਵਕੀਲਾਂ ਵਲੋਂ ਕੀਤੀ ਗੁੰਡਾਗਰਦੀ ਦੀ ਸਖ਼ਤ ਨਿਖੇਧੀ ਕਰਦੇ ਹਾਂ ਅਤੇ ਜੇ. ਐਨ. ਯੂ. ਦੇ ਸੰਘਰਸ਼ ਨਾਲ ਇਕਮੁੱਠਤਾ ਜ਼ਾਹਿਰ ਕਰਦੇ ਹਾਂ।

ਅਸੀਂ ਮੰਗ ਕਰਦਾ ਹਾਂ :

1. ਜੇ. ਐਨ. ਯੂ. ਸਮੇਤ ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਆਹਲਾ ਵਿਦਿਅਕ ਸੰਸਥਾਵਾਂ ਵਿਚ ਸੱਤਾਧਾਰੀ ਧਿਰ ਦਖ਼ਲ-ਅੰਦਾਜ਼ੀ ਬੰਦ ਕਰੇ ਅਤੇ ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਦਾ ਕੈਂਪਸ ਵਿਚ ਦਾਖ਼ਲਾ ਤੁਰੰਤ ਬੰਦ ਕੀਤਾ ਜਾਵੇ।

2. ਨਿਆਂਪ੍ਰਕਿਰਿਆ ਦਾ ਆਜ਼ਾਦਾਨਾ ਕੰਮਕਾਰ ਕਰਨਾ ਯਕੀਨੀ ਬਣਾਇਆ ਜਾਵੇ, ਅਦਾਲਤ ਵਿਚ ਗੁੰਡਾਗਰਦੀ ਕਰਨ ਵਾਲੇ ਵਕੀਲਾਂ ਨੂੰ ਅਯੋਗ ਕਰਾਰ ਦਿੱਤਾ ਜਾਵੇ ਅਤੇ ਗੁੰਡਾਗਰਦੀ ਕਰਨ ਵਾਲੇ ਹੋਰ ਅਨਸਰਾਂ ਦੇ ਖਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇ।

3. ਵਿਚਾਰਾਂ ਦੀ ਆਜ਼ਾਦੀ ਨੂੰ 'ਦੇਸ਼ਧ੍ਰੋਹ' ਕਰਾਰ ਦੇਣ ਦੀ ਅੰਗਰੇਜ਼ ਬਸਤੀਵਾਦੀ ਤੇ ਤਾਨਾਸ਼ਾਹੀ ਨੀਤੀ ਬੰਦ ਕੀਤੀ ਜਾਵੇ। ਇਸ ਸਬੰਧ ਵਿਚ ਸਾਰੇ ਵਿਅਕਤੀਆਂ ਉਪਰ ਦਰਜ ਕੀਤੀ ਗਈ ਐਫ. ਆਈ. ਆਰ. ਰੱਦ ਕੀਤੀ ਜਾਵੇ।

4. ਕਨੱਈਆ ਕੁਮਾਰ ਅਤੇ ਪ੍ਰੋਫੈਸਰ ਐਸ. ਏ. ਆਰ. ਗਿਲਾਨੀ ਸਮੇਤ ਗ੍ਰਿਫ਼ਤਾਰ ਕੀਤੇ ਸਾਰੇ ਵਿਦਿਆਰਥੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਕੈਂਪਸ ਵਿਚ ਛਾਪੇ ਮਾਰਨ ਦਾ ਸਿਲਸਿਲਾ ਬੰਦ ਕੀਤਾ ਜਾਵੇ।

5. ਜਮਹੂਰੀਅਤਪਸੰਦ ਕਾਨੂੰਨਦਾਨਾਂ ਦੀ ਰਾਇ ਨੂੰ ਅਹਿਮੀਅਤ ਦਿੰਦੇ ਹੋਏ ਸੰਵਿਧਾਨ ਵਿਚੋਂ 'ਦੇਸ਼ਧ੍ਰੋਹ' ਅਤੇ 'ਰਾਜ ਵਿਰੁੱਧ ਜੰਗ ਛੇੜਨ' ਦੀਆਂ ਬਸਤੀਵਾਦੀ ਜ਼ਮਾਨੇ ਦੀਆਂ ਧਾਰਨਾਵਾਂ ਖ਼ਤਮ ਕੀਤੀਆਂ ਜਾਣ, ਜਮਹੂਰੀਅਤ ਦੇ ਯੁੱਗ ਵਿਚ ਇਨ੍ਹਾਂ ਦੀ ਕੋਈ ਥਾਂ ਨਹੀਂ। ਇਸ ਮੀਟਿੰਗ ਵਿਚ ਪ੍ਰੋ. ਜਗਮੋਹਣ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ, ਪ੍ਰੋ. ਏ. ਕੇ. ਮਲੇਰੀ, ਡਾ. ਪਰਮਿੰਦਰ ਸਿੰਘ ਅੰਮ੍ਰਿਤਸਰ, ਦਲਜੀਤ ਅਮੀ ਫ਼ਿਲਮਸਾਜ਼, ਜਤਿੰਦਰ ਮੌਹਰ ਫਿਲਮਸਾਜ਼, ਰਾਜੀਵ ਕੁਮਾਰ ਫਿਲਮਸਾਜ਼, ਜਸਵੀਰ ਸਮਰ, ਪੱਤਰਕਾਰ, ਗੁਰਪ੍ਰੀਤ ਸਿੰਘ ਰੇਡੀਓ ਹੋਸਟ, ਕੈਨੇਡਾ, ਮੇਘ ਰਾਜ ਮਿੱਤਰ ਲੇਖਕ, ਪ੍ਰੋ. ਜਤਿੰਦਰ ਸਿੰਘ ਪਟਿਆਲਾ, ਬੂਟਾ ਸਿੰਘ ਕਾਰਕੁਨ ਨਵਾਂ ਸ਼ਹਿਰ, ਸਤਨਾਮ ਜੰਗਲਨਾਮਾ ਲੇਖਕ ਪਟਿਆਲਾ, ਸੁਖਦਰਸ਼ਨ ਨੱਤ ਕਾਰਕੁੰਨ ਮਾਨਸਾ, ਨਰਭਿੰਦਰ ਲੇਖਕ, ਪ੍ਰੋ. ਕੁਲਦੀਪ ਸਿੰਘ ਸੈਨੇਟਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪ੍ਰੋ. ਜੈਪਾਲ ਸਿੰਘ ਸਾਬਕਾ ਪ੍ਰਧਾਨ ਗੌਰਮਿੰਟ ਕਾਲਜ ਟੀਚਰਜ ਐਸੋਸੀਏਸ਼ਨ, ਡਾ. ਅਰੁਣ ਮਿੱਤਰਾ ਜਨਰਲ ਸਕੱਤਰ ਇੰਡੀਆ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ, ਪ੍ਰੋ. ਚਮਨ ਲਾਲ, ਸਾਬਕਾ ਪ੍ਰਧਾਨ ਜੇ. ਐਨ. ਯੂ. ਟੀਚਰਜ਼ ਐਸੋਸੀਏਸ਼ਨ, ਨਵੀਂ ਦਿੱਲੀ, ਬਲਜਿੰਦਰ ਕੋਟਭਾਰਾ, ਪੱਤਰਕਾਰ ਬਠਿੰਡਾ, ਪ੍ਰੋ. ਵੇਦਵਰਤ ਪਵਾਰ ਲੁਧਿਆਣਾ, ਪ੍ਰੋ. ਬਲਦੀਪ ਸਿੰਘ, ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਕਰਨਲ ਜੇ. ਐਸ. ਬਰਾੜ ਲੁਧਿਆਣਾ, ਐਡਵੋਕੇਟ ਕੁਲਦੀਪ ਸਿੰਘ ਲੁਧਿਆਣਾ, ਐਡਵੋਕੇਟ ਹਰਬਾਗ ਸਿੰਘ ਲੁਧਿਆਣਾ, ਡਾ. ਗੁਰਬਿੰਦਰ ਸਿੰਘ ਲੁਧਿਆਣਾ, ਐਡਵੋਕੇਟ ਦਲਜੀਤ ਸਿੰਘ ਨਵਾਂ ਸ਼ਹਿਰ, ਅਮਿਤ ਮਿੱਤਰ, ਤਰਕਭਾਰਤੀ ਪ੍ਰਕਾਸ਼ਨ ਬਰਨਾਲਾ, ਅਮੋਲਕ ਸਿੰਘ, ਪ੍ਰਧਾਨ ਪੰਜਾਬ ਲੋਕ ਸਭਿਆਚਾਰਕ ਮੰਚ, ਜਗਸੀਰ ਜੀਦਾ, ਲੋਕ ਗਾਇਕ ਬਠਿੰਡਾ, ਰਾਜਿੰਦਰ ਭਦੌੜ, ਤਰਕਸ਼ੀਲ ਸੁਸਾਇਟੀ, ਹੇਮਰਾਜ ਸਟੈਨੋ, ਤਰਕਸ਼ੀਲ ਸੁਸਾਇਟੀ, ਬਾਰੂ ਸਤਵਰਗ, ਨਾਵਲਕਾਰ ਬਠਿੰਡਾ, ਪ੍ਰੋ. ਤਿਲੋਕ ਬੰਧੂ, ਦੇਵਿੰਦਰ ਤੂਰ ਸਰੋਕਾਰਾਂ ਦੀ ਆਵਾਜ਼ ਕੈਨੇਡਾ।

- ਵਿਸ਼ੇਸ਼ ਪ੍ਰਤੀਨਿਧ







# ਪੰਜਾਬ ਦੇ ਨੇਤਾਵਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸਿਆਸੀ ਭ੍ਰਿਸ਼ਟਾਚਾਰ



**ਗੁਰਮੀਤ ਸਿੰਘ ਪਲਾਹੀ**


ਪੰਜਾਬ 'ਚ ਸਿਆਸੀ ਖੇਡ ਸਿਖ਼ਰਾਂ ਉੱਤੇ ਹੈ। ਆਪਣੇ ਆਪ ਨੂੰ ਵਿਧਾਨ ਸਭਾ ਚੋਣਾਂ 2017 'ਚ ਜੇਤੂ ਸਮਝ ਰਹੀਆਂ ਸਿਆਸੀ ਧਿਰਾਂ; ਆਮ ਆਦਮੀ ਪਾਰਟੀ, ਅਕਾਲੀ-ਭਾਜਪਾ ਤੇ ਕਾਂਗਰਸ ਜਿੱਥੇ ਆਪਣੇ ਪਰ ਤੋਲ ਰਹੀਆਂ ਹਨ, ਉਥੇ ਇੱਕ-ਦੂਜੀ ਪਾਰਟੀ ਵਿੱਚ ਨਿਰਾਸ਼, ਉਪਰਾਮ, ਔਖੇ ਬੈਠੇ ਸਿਆਸੀ ਆਗੂਆਂ ਨੂੰ ਆਪਣੀ ਬੁੱਕਲ 'ਚ ਲੈਣ ਲਈ ਪੂਰਾ ਤਾਣ ਲਾਈ ਜਾ ਰਹੀਆਂ ਹਨ। ਪੰਜਾਬ ਇਸ ਵੇਲੇ ਸਿਆਸੀ ਤਿਕੜਮਬਾਜ਼ੀ ਦਾ ਦੌਰ ਹੰਢਾ ਰਿਹਾ ਹੈ, ਜਿੱਥੇ ਦੰਭੀ, ਮੌਕਾ ਪ੍ਰਸਤ ਨੇਤਾ ਵਿਕਾਊ ਮਾਲ ਦੀ ਤਰ੍ਹਾਂ ਆਪਣਾ ਮੁੱਲ ਪਵਾਉਣ ਲਈ ਕਾਹਲੇ ਦਿੱਸ ਰਹੇ ਹਨ। ਗੰਧਲੀ ਹੋ ਰਹੀ ਪੰਜਾਬ ਦੀ ਰਾਜਨੀਤੀ ਆਉਣ ਵਾਲੇ ਸਮੇਂ 'ਚ ਕੀ ਗੁੱਲ ਖਿੜਾਏਗੀ, ਕੌਣ ਭਵਿੱਖੀ ਮੁੱਖ ਮੰਤਰੀ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ ਜਾਂ ਪੰਜਾਬ ਦੇ ਲੋਕ, ਪਰ 'ਅੱਡੀ ਛੜੱਪਾ' ਖੇਡਣ ਵਾਲੇ ਕਈ ਵੱਡੇ ਨੇਤਾ ਰਾਜਨੀਤਕ ਸੌਦੇਬਾਜ਼ੀ 'ਚ ਸਿਰਫ਼ ਤੇ ਸਿਰਫ਼ ਮੁੱਖ ਮੰਤਰੀ ਦੀ ਕੁਰਸੀ ਉੱਤੇ ਅੱਖ ਟਿਕਾਈ ਬੈਠੇ ਹਨ।

ਪੰਜਾਬ 'ਚ ਜਿਵੇਂ ਸਿਆਸੀ ਪਾਰਟੀਆਂ ਪ੍ਰਤੀ ਨੇਤਾਵਾਂ ਦੀ ਵਫ਼ਾਦਾਰੀ ਦੇ ਅਰਥ ਹੀ ਬਦਲ ਗਏ ਹਨ, ਅਤੇ ਨੇਤਾਵਾਂ-ਵਰਕਰਾਂ ਦੀ ਸਿਆਸੀ ਵਫ਼ਾਦਾਰੀ ਦੀ ਪਰਿਭਾਸ਼ਾ ਨਿੱਜੀ ਵਫ਼ਾਦਾਰੀ ਤੱਕ ਸਿਮਟ ਕੇ ਰਹਿ ਗਈ ਹੈ। ਬਹੁਤੀਆਂ ਪਾਰਟੀਆਂ ਦੇ ਬਹੁ-ਗਿਣਤੀ ਵਰਕਰ ਤੇ ਨੇਤਾ ਆਪਣੀਆਂ ਪਾਰਟੀਆਂ ਦੇ ਉਦੇਸ਼ ਤੋਂ ਹੀ ਜਾਣੂ ਨਹੀਂ। ਫਿਰ ਉਹ ਲੋਕਾਂ ਨਾਲ ਉਨ੍ਹਾਂ ਉਦੇਸ਼ਾਂ ਦੀ ਸਾਂਝ ਕਿਵੇਂ ਪਾਉਣਗੇ, ਜਿਨ੍ਹਾਂ ਤੋਂ ਉਹ ਆਪ ਹੀ ਵਿਰਵੇ ਹਨ? ਪਾਰਟੀ ਨੇਤਾ ਤੇ ਵਰਕਰ ਦਾ ਅਰਥ ਤਾਂ ਕਿਸੇ ਉੱਪਰਲੇ ਵੱਡੇ ਨੇਤਾ ਦੇ ਧੜੇ 'ਚ ਸ਼ਾਮਲ ਹੋ ਕੇ ਉਸ ਦੇ ਹਿੱਤਾਂ ਦੀ ਪੂਰਤੀ ਕਰਨਾ ਹੀ ਰਹਿ ਗਿਆ ਹੈ। ਇਸੇ ਧੜੇਬੰਦਕ ਵਿਵਸਥਾ ਨੇ ਪਾਰਟੀਆਂ ਦੇ ਅੰਦਰ ਕਿਸੇ ਸਾਰਥਿਕ ਸੋਚ ਦੀ ਥਾਂ ਉੱਤੇ ਧੜੇ ਪਾਲਣ, ਧੜੇ ਦੇ ਨੇਤਾਵਾਂ ਦਾ ਰਸੂਖ ਵਧਾਉਣ, ਅਤੇ ਇਥੋਂ ਤੱਕ ਕਿ ਨਾ-ਕਾਬਲ ਲੋਕਾਂ ਨੂੰ ਕੁਰਸੀ ਹਥਿਆਉਣ ਲਈ ਹੱਥਕੰਡੇ ਵਰਤਣ ਵਾਲੀ ਸਿਆਸਤ ਖੇਡਣ ਲਈ ਖੁੱਲ੍ਹ ਦੇ ਦਿੱਤੀ ਹੋਈ ਹੈ। ਕੀ ਇਹੋ ਜਿਹੇ ਸਵਾਰਥੀ ਨੇਤਾ ਸੰਬੰਧਤ ਪਾਰਟੀ ਦਾ ਕੁਝ ਸੁਆਰ ਸਕਣ ਦੇ ਯੋਗ ਹੋ ਸਕਦੇ ਹਨ? ਜਾਂ ਦੇਸ਼ ਦੇ ਮੂਹਰਲੀ ਕਤਾਰ ਦੇ ਆਗੂ ਬਣ ਕੇ ਲੋਕਾਂ ਦਾ ਕੁਝ ਸੁਆਰ ਸਕਦੇ ਹਨ? ਉਂਜ ਪੂਰੇ ਦੇਸ਼ ਵਿੱਚ ਹੀ, ਤੇ ਖ਼ਾਸ ਕਰ ਕੇ ਪੰਜਾਬ ਵਿੱਚ ਤਾਂ ਇਹੋ ਜਿਹੇ ਨੇਤਾਵਾਂ ਦੀ ਭਰਮਾਰ ਹੋ ਗਈ ਹੈ। ਚੰਗੇ, ਸੂਝਵਾਨ, ਲੋਕ-ਹਿੱਤੂ ਨੇਤਾਵਾਂ ਦੀ ਥਾਂ ਮੌਕਾਪ੍ਰਸਤ, ਭ੍ਰਿਸ਼ਟਾਚਾਰੀ, ਕਪਟੀ ਨੇਤਾਵਾਂ ਨੇ ਲੈ ਲਈ ਹੈ, ਜੋ ਕਿਸੇ ਵੀ ਹੇਠਲੇ, ਉੱਪਰਲੇ ਨੇਤਾ ਨੂੰ ਮਿੱਧ ਕੇ ਆਪ ਚੌਧਰੀ ਬਣਨ 'ਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਹਨ।

ਪੰਜਾਬ ਦੀ ਰਾਜਨੀਤੀ ਵਿੱਚ ਕਦੇ ਹੇਠਲੇ ਕਾਡਰ ਤੋਂ ਤੁਰ ਕੇ ਉੱਪਰਲੇ ਨੇਤਾ ਤੱਕ ਪੁੱਜਣ ਦੀ ਪਰੰਪਰਾ ਸੀ। ਪਾਰਟੀਆਂ ਇਮਾਨਦਾਰ, ਕੁਰਬਾਨੀ ਵਾਲੇ ਵਰਕਰਾਂ ਤੇ ਨੇਤਾਵਾਂ ਦਾ ਮੁੱਲ ਪਾਉਂਦੀਆਂ ਸਨ। ਅੱਜ ਨੇਤਾ ਪੈਰਾਸ਼ੂਟ ਰਾਹੀਂ ਉੱਤਰ ਰਹੇ ਹਨ। ਇਹ ਸੋਚਣ ਵਾਲੀ ਗੱਲ ਹੈ ਕਿ ਹਾਸ-ਰਸ ਕਲਾਕਾਰ 'ਘੁੱਗੀ' ਭਲਾ ਆਪ ਦੀ ਛਤਰੀ ਉੱਤੇ ਕਿਵੇਂ ਉਡਾਰੀ ਮਾਰ ਕੇ ਬੈਠ ਗਿਆ, ਜਿਸ ਕੋਲ ਨਾ ਲੋਕਾਂ ਵਿੱਚ ਸਿਆਸੀ ਤੌਰ 'ਤੇ ਵਿਚਰਨ ਦਾ ਕੋਈ ਤਜਰਬਾ ਹੈ, ਨਾ ਪੰਜਾਬ ਦੇ ਲੋਕਾਂ ਦੇ ਦੁੱਖ-ਦਰਦ, ਔਖਿਆਈਆਂ, ਸਮੱਸਿਆਵਾਂ ਨੂੰ ਸਮਝਣ ਜਾਂ ਹੱਲ ਕਰਨ ਦੀ ਕੋਈ ਤਰਕੀਬ? ਪੰਜਾਬ ਦੇ ਆਪ ਦੇ ਸਧਾਰਨ ਵਰਕਰ ਤੇ ਨੇਤਾ ਉਸ ਵੇਲੇ ਕੀ ਮਹਿਸੂਸ ਕਰਨਗੇ, ਜਦੋਂ ਗੁਰਪ੍ਰੀਤ ਘੁੱਗੀ ਆਪ ਦੇ ਕਿਸੇ ਸਧਾਰਨ ਵਰਕਰ ਦਾ ਚੋਣਾਂ 'ਚ ਖੜੇ ਹੋਣ ਦਾ ਹੱਕ ਮਾਰ ਕੇ ਵਿਧਾਇਕੀ ਲਈ ਉਮੀਦਵਾਰ ਹੋਵੇਗਾ? ਕੀ ਸੁਖਪਾਲ ਖਹਿਰਾ ਦੇ ਆਪ ਵਿੱਚ ਸ਼ਾਮਲ ਹੋਣ ਦਾ ਆਮ ਆਪ ਵਰਕਰਾਂ ਨੇ ਮਨੋਂ ਬੁਰਾ ਨਹੀਂ ਮਨਾਇਆ ਹੋਵੇਗਾ, ਜਦੋਂ ਉਹ ਆਪਣੇ ਸਮੱਰਥਕਾਂ ਨੂੰ ਨਾਲ ਲੈ ਕੇ ਆਪ ਵਿੱਚ ਕੱਦ-ਬੁੱਤ ਵਾਲਾ ਨੇਤਾ ਬਣ ਕੇ, ਮੁੱਖ ਮੰਤਰੀ ਦੇ ਅਹੁਦੇ ਉੱਤੇ ਅੱਖ ਰੱਖ ਕੇ ਕੇਜਰੀਵਾਲ ਦੀ ਸ਼ਰਨ ਆਇਆ ਹੋਵੇਗਾ? ਦੀਪਇੰਦਰ ਢਿੱਲੋਂ ਤੇ ਹੈਰੀ ਮਾਨ ਵਰਗੇ ਪੁਰਾਣੇ ਕਾਂਗਰਸੀ ਨੇਤਾ ਕੁਰਸੀ ਦੀ ਤਾਕ 'ਚ ਅਤੇ ਤਾਕਤ ਦੀ ਝਾਕ 'ਚ ਵੱਡੇ ਬਾਦਲ ਦੇ ਸੋਹਲੇ ਗਾਉਂਦੇ ਹੋਏ ਉਨ੍ਹਾਂ ਦੇ ਲੜ ਲੱਗ ਗਏ ਅਤੇ ਸੋਚੀ ਹੋਈ ਤਾਕਤ ਹਥਿਆਉਣ 'ਚ ਕਾਮਯਾਬ ਨਾ ਹੋਣ 'ਤੇ ਉਨ੍ਹਾਂ ਨੇ ਮੁੜ ਘਰ ਵਾਪਸੀ ਕਰ ਕੇ ਆਪਣੇ 'ਵਤਨੀ' ਕਾਂਗਰਸ 'ਚ ਆ ਡੇਰੇ ਲਾ ਲਏ। ਉਨ੍ਹਾਂ ਦੇ ਇਸ ਕਿਰਦਾਰ ਨੂੰ ਲੋਕ ਕੀ ਨਾਂਅ ਦੇਣਗੇ?

ਲੋਕ ਨਵਤੇਜ ਸਿੱਧੂ ਜੋੜੀ ਬਾਰੇ ਕੀ ਸੋਚਣਗੇ, ਜਿਹੜੇ ਭਾਜਪਾ ਕਾਰਨ ਦੇਸ਼-ਵਿਦੇਸ਼ 'ਚ ਨਾਮਣਾ ਖੱਟ ਕੇ, ਆਪਣੀ ਹੀ ਅਕਾਲੀ-ਭਾਜਪਾ ਸਰਕਾਰ 'ਚ ਐੱਮ ਐੱਲ ਏ ਅਤੇ ਮੁੱਖ ਪਾਰਲੀਮਾਨੀ ਸਕੱਤਰ ਬਣ ਕੇ ਪੰਜਾਬ ਸਰਕਾਰ ਦੀ ਮਿੱਟੀ ਪਲੀਤ ਕਰਨ 'ਤੇ ਤੁਲੇ ਹੋਏ ਹਨ ਅਤੇ ਆਉਂਦੀ ਵੇਰ ਆਪ ਨੂੰ ਵੋਟਾਂ ਪਾਉਣ ਦਾ ਹੋਕਾ ਦੇ ਰਹੇ ਹਨ? ਉਹ ਅਨੁਸ਼ਾਸਤ ਭਾਜਪਾ ਵਰਕਰ ਜਾਂ ਨੇਤਾ ਹੋਣ ਦੇ ਨਾਤੇ ਜਿਵੇਂ ਪਾਰਟੀ ਵਫ਼ਾਦਾਰੀ ਅਤੇ ਅਸੂਲਾਂ ਦਾ ਢੰਡੋਰਾ ਪਿੱਟਦੇ ਰਹੇ ਹਨ, ਕੀ ਸਿਰਫ਼ ਆਪਣੇ ਲਈ ਤਾਕਤ ਹਥਿਆਉਣ ਦੀ ਖ਼ਾਤਰ ਉਹ ਸਭੋ ਕੁਝ ਭੁੱਲ ਨਹੀਂ ਗਏ? ਜੇ ਉਨ੍ਹਾਂ ਨੂੰ ਅਕਾਲੀ-ਭਾਜਪਾ ਸਰਕਾਰ 'ਚ ਆਦਰ ਨਹੀਂ ਮਿਲਦਾ, ਜਾਂ ਉਨ੍ਹਾਂ ਦੇ ਕੰਮ ਨਹੀਂ ਹੁੰਦੇ ਜਾਂ ਉਨ੍ਹਾਂ ਨੂੰ ਭਾਜਪਾ ਦੀਆਂ ਭੈੜੀਆਂ ਨੀਤੀਆਂ ਬਾਰੇ ਚਾਨਣ ਹੋ ਗਿਆ ਹੈ ਤਾਂ ਉਹ ਅਸਤੀਫਾ ਦੇ ਕੇ ਮੁੜ ਲੋਕ ਕਚਹਿਰੀ ਕਿਉਂ ਨਹੀਂ ਆਉਂਦੇ? ਕਿਉਂ ਉਹ ਆਪ 'ਚ ਸ਼ਾਮਲ ਹੋਣ ਦਾ ਡਰਾਵਾ ਦੇ ਕੇ ਆਪਣੀ ਪਾਰਟੀ 'ਚ ਸਹਿਮ ਪੈਦਾ ਕਰਨਾ ਚਾਹੁੰਦੇ ਹਨ ਜਾਂ ਸਿਰਫ਼ ਮੁੱਖ ਮੰਤਰੀ ਦੀ ਕੁਰਸੀ ਦਾ ਆਪ ਨਾਲ ਸੌਦਾ ਕਰ ਰਹੇ ਹਨ? ਕੀ ਇਹ ਬੇਈਮਾਨੀ ਵਾਲੀ ਸਿਆਸਤ ਨਹੀਂ? ਕੀ ਇਹ ਮੌਕਾ ਪ੍ਰਸਤੀ ਨਹੀਂ? ਕਿਸ ਸੱਚ ਦਾ ਢੰਡੋਰਾ ਪਿੱਟਦੇ ਹਨ ਇਹੋ ਜਿਹੇ ਨੇਤਾ ਅਤੇ ਕਿਉਂ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ?

ਪੰਜਾਬ ਪੀਪਲਜ਼ ਪਾਰਟੀ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦੀ ਰਾਜਨੀਤੀ ਨੂੰ ਕੀ ਸਿਆਸੀ ਭ੍ਰਿਸ਼ਟਾਚਾਰ ਦਾ ਨਾਂਅ ਨਹੀਂ ਦਿੱਤਾ ਜਾਏਗਾ, ਜਿਸ ਨੇ ਲੋਕਾਂ ਦੇ ਜਜ਼ਬਾਤ ਦਾ ਘਾਣ ਕੀਤਾ, ਸ਼ਹੀਦ ਭਗਤ ਸਿੰਘ ਅਤੇ ਪੰਜਾਬ ਦੇ ਹੋਰ ਸ਼ਹੀਦਾਂ ਦੇ ਨਾਮ ਉੱਤੇ ਪੰਜਾਬੀਆਂ ਨੂੰ ਵਰਗਲਾਇਆ? ਲੋਕਾਂ ਨੇ ਉਸ ਨੂੰ ਭਰਵਾਂ ਹੁੰਗਾਰਾ ਦਿੱਤਾ। ਦੇਸ਼-ਵਿਦੇਸ਼ ਦੇ ਉਸ ਪਾਰਟੀ ਦੇ ਵਰਕਰ ਅਤੇ ਹਮਾਇਤੀ ਉਸ ਸਮੇਂ ਦੰਗ ਰਹਿ ਗਏ, ਜਦੋਂ ਕੁਰਸੀ ਦੀ ਪ੍ਰਾਪਤੀ ਲਈ ਉਸ ਨੇ ਕਾਂਗਰਸ ਦੇ ਡੇਰੇ ਆਪਣੀ ਅਲਖ ਜਗਾ ਲਈ।




ਬਲਵੰਤ ਸਿੰਘ ਰਾਮੂੰਵਾਲੀਆ ਲੋਕ ਹਿੱਤਾਂ ਦਾ ਹੋਕਾ ਦੇਣ ਨਿਕਲਿਆ। ਲੋਕਾਂ ਨੇ ਉਸ ਨੂੰ ਚਾਅ ਨਾਲ ਕੁੱਛੜ ਚੁੱਕਿਆ। ਉਸ ਨੇ ਲੋਕਾਂ ਨਾਲ ਇਹੋ ਜਿਹਾ ਵਿਹਾਰ ਕੀਤਾ ਕਿ ਉਹ ਪਹਿਲਾਂ ਅਕਾਲੀ ਬਣਿਆ, ਫਿਰ ਦਿੱਲੀ ਦੀ ਇੱਕ ਲਾਬੀ ਦਾ ਚਹੇਤਾ ਬਣ ਕੇ ਤਾਕਤ ਮਾਣਦਾ ਰਿਹਾ, ਮੁੜ ਪੰਜਾਬ 'ਚ ਆ ਕੇ ਲੋਕ ਭਲਾਈ ਪਾਰਟੀ ਬਣਾਈ । ਜਦੋਂ ਬਾਦਲ ਸਰਕਾਰ ਨੂੰ ਗਾਲ੍ਹਾਂ ਕੱਢ ਕੇ ਉਸ ਦੇ ਹੱਥ ਕੁਝ ਨਾ ਲੱਗਾ ਤਾਂ ਉਨ੍ਹਾਂ ਦੇ ਹੀ ਚਰਨੀਂ ਜਾ ਲੱਗਾ, ਬਾਦਲਾਂ ਦੇ ਸੋਹਲੇ ਗਾਏ। ਜਦੋਂ ਉਸ ਦੇ ਪੱਲੇ ਕੁਝ ਨਾ ਪਿਆ ਤਾਂ ਮੁੜ ਝਕਾਨੀ ਦੇ ਕੇ ਯੂ ਪੀ 'ਚ ਸਮਾਜਵਾਦੀ ਪਾਰਟੀ ਦੇ ਸਰਵੇ-ਸਰਵਾ ਮੁਲਾਇਮ ਸਿੰਘ ਯਾਦਵ ਨਾਲ ਗਲਵਕੜੀ ਪਾ ਕੇ ਕੈਬਨਿਟ ਮੰਤਰੀ ਦਾ ਦਰਜਾ ਹਾਸਲ ਕਰ ਗਿਆ। ਇਹੋ ਜਿਹੀ ਰਾਜਨੀਤੀ ਨੂੰ ਕੂਟਨੀਤੀ ਕਹਾਂਗੇ, ਚਾਣਕਿਆ ਨੀਤੀ ਕਹਾਂਗੇ ਜਾਂ ਫਿਰ ਮੌਕਾ ਪ੍ਰਸਤ ਨੀਤੀ? ਕੀ ਇਹ ਸਿਆਸੀ ਠੱਗੀ ਨਹੀਂ?

ਬਹੁਜਨ ਸਮਾਜ ਪਾਰਟੀ ਦਾ ਵੱਡਾ ਨੇਤਾ ਸਤਨਾਮ ਕੈਂਥ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਾ ਨੇਤਾ ਬਣ ਗਿਆ, ਜਦੋਂ ਕਿ ਦੋਹਾਂ ਪਾਰਟੀਆਂ ਦੇ ਆਸ਼ਿਆਂ, ਮੁੱਦਿਆਂ 'ਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਉਹ ਪਾਰਲੀਮੈਂਟ ਮੈਂਬਰ ਵੀ ਬਣਿਆ, ਤਾਕਤ ਵੀ ਹੰਢਾਈ, ਪਰ ਕੀ ਇਹ ਉਸ ਦੀ ਸਵਾਰਥ ਸਿੱਧੀ ਦਾ ਕੋਝਾ ਕੰਮ ਨਹੀਂ ਸੀ?

ਪੰਜਾਬ ਦੀ ਸਿਆਸਤ ਵਿੱਚ 'ਤਕੜੇ ਦਾ ਸੱਤੀਂ ਵੀਹੀਂ ਸੌ' ਗਿਣਿਆ ਜਾ ਰਿਹਾ ਹੈ। ਨੇਤਾ ਦੁਆਲੇ ਝੁਰਮਟ ਆਮ ਲੋਕਾਂ ਦਾ ਨਹੀਂ, ਦਲਾਲ ਕਿਸਮ ਦੇ ਲੋਕਾਂ ਦਾ ਹੈ, ਜਿਹੜੇ ਲੋਕਾਂ ਦੇ ਛੋਟੇ-ਛੋਟੇ ਕੰਮ ਕਰਵਾ ਕੇ ਉੱਪਰਲਿਆਂ ਤੋਂ ਸ਼ਾਬਾਸ਼ੀ ਲੈਂਦੇ ਹਨ ਤੇ ਲੋਕਾਂ ਤੋਂ ਪੈਸੇ ਠੱਗਦੇ ਹਨ। ਬਹੁਤੇ ਨੇਤਾਵਾਂ ਦੁਆਲੇ ਝੁਰਮੁਟ ਬਾਹੂਬਲੀਆਂ ਦਾ ਹੈ, ਜਿਹੜੇ ਨੇਤਾਵਾਂ ਦੀ ਰਾਖੀ ਤਾਂ ਕਰਦੇ ਹੀ ਹਨ, ਉਹਨਾਂ ਲਈ ਭੀੜ ਇਕੱਠੀ ਕਰਨ ਦੇ ਮਾਹਰ ਵੀ ਹਨ। ਨੇਤਾਵਾਂ ਦੁਆਲੇ ਝੁਰਮਟ ਕੁਝ ਖ਼ੁਸ਼ਾਮਦੀ ਪੁਲਸ ਅਤੇ ਪ੍ਰਸ਼ਾਸਨੀ ਅਫ਼ਸਰਾਂ ਦਾ ਹੈ, ਜਿਹੜੇ ਉਨ੍ਹਾਂ ਦੇ ਹਰ ਜਾਇਜ਼-ਨਾਜਾਇਜ਼ ਬੋਲ ਪੁਗਾਉਣ ਲਈ ਤੱਤਪਰ ਰਹਿੰਦੇ ਹਨ, ਤਾਂ ਕਿ ਉਹ ਆਪਣੇ ਨੌਕਰੀ ਵਾਲੇ ਟਿਕਾਣਿਆਂ 'ਤੇ ਲੰਮਾ ਸਮਾਂ ਬੈਠੇ ਰਹਿਣ ਜਾਂ ਫਿਰ ਸੇਵਾ-ਮੁਕਤੀ ਤੋਂ ਬਾਅਦ ਕੋਈ ਹੋਰ

(**ਬਾਕੀ ਸਫ਼ਾ** 30 'ਤੇ)



# ਸੰਘ ਪਰਿਵਾਰ ਵਿੱਰੁਧ ਲੰਮੇ ਦਾਈਏ ਵਾਲੀ ਲੜਾਈ ਛਿੜ ਗਈ

**[ਹਿੰਦੁਸਤਾਨ ਦੇ ਚੋਟੀ ਦੇ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਤਾਜ਼ਾ ਅੰਕ (20 ਫਰਵਰੀ 2016) ਵਿਚ ਜੇ.ਐੱਨ.ਯੂ. ਦੀਆਂ ਹਾਲੀਆ ਘਟਨਾਵਾਂ ਉਪਰ ਇਕ ਬਹੁਤ ਹੀ ਅਹਿਮ ਤਬਸਰਾ ਕਰਦੇ ਹੋਏ ਇਸ ਲੜਾਈ ਦੀ ਅਹਿਮੀਅਤ ਦੀ ਚਰਚਾ ਕੀਤੀ ਹੈ। ਪਾਠਕਾਂ ਦੀ ਜਾਣਕਾਰੀ ਲਈ ਇਸਦਾ ਪੰਜਾਬੀ ਰੂਪ ਪੇਸ਼ ਕੀਤਾ ਜਾ ਰਿਹਾ ਹੈ।]**

**ਅਨੁਵਾਦ : ਬੂਟਾ ਸਿੰਘ**

ਹਿੰਦੁਸਤਾਨ ਦੀ ਬਿਹਤਰੀਨ ਅਤੇ ਬਹੁਤ ਹੀ ਜਾਣੀ-ਪਛਾਣੀ ਯੂਨੀਵਰਸਿਟੀ, ਜੇ. ਐੱਨ. ਯੂ., ਉੱਪਰ ਰਾਸ਼ਟਰੀ ਸੋਇਮਸੇਵਕ ਸੰਘ (ਆਰ. ਐੱਸ. ਐੱਸ.) ਦੀ ਪੁਸ਼ਤ-ਪਨਾਹੀ ਨਾਲ ਅਤੇ ਰਾਜ ਵਲੋਂ ਸੇਧਿਆ ਹਮਲਾ ਪੁੱਠਾ ਪੈ ਗਿਆ ਹੈ। ਮੀਡੀਆ ਦੇ ਕੁਛ ਹਿੱਸਿਆਂ ਵਲੋਂ ਲਗਾਈ ਅਦਾਲਤ ਵਲੋਂ ਜ਼ਹਿਰੀ ਉਗਲਣ ਦੇ ਬਾਵਜੂਦ ਕੇਂਦਰ ਸਰਕਾਰ ਦੇ ਜੇ. ਐੱਨ. ਯੂ. ਨੂੰ ਦਰੁਸਤ ਕਰਨ ਦੇ ਯਤਨਾਂ ਵਿਰੁੱਧ ਰੋਹ ਦੇ ਤੂਫ਼ਾਨ ਨੇ ਲੋਕਾਂ ਨੂੰ ਇਕਜੁੱਟ ਕਰ ਦਿੱਤਾ ਹੈ। ਪਿਛਲੇ ਹਫ਼ਤੇ ਪੂਰੇ ਮੁਲਕ ਵਿਚ ਵਿਦਿਆਰਥੀਆਂ, ਅਧਿਆਪਕਾਂ, ਸਿਆਸੀ ਕਾਰਕੁਨਾਂ, ਟਰੇਡ ਯੂਨੀਅਨਾਂ ਅਤੇ ਨਾਗਰਿਕਾਂ ਨੇ ਸੜਕਾਂ 'ਤੇ ਆ ਕੇ ਕੇਂਦਰ ਤੇ ਇਸ ਦੇ ਹੱਥਠੋਕਿਆਂ, ਜੇ.ਐੱਨ.ਯੂ. ਦੇ ਵਾਈਸ ਚਾਂਸਲਰ ਅਤੇ ਦਿੱਲੀ ਪੁਲਿਸ, ਦੀਆਂ ਕਾਰਵਾਈਆਂ ਵਿਰੁੱਧ ਆਵਾਜ਼ ਉਠਾਈ ਹੈ।

ਮੁਲਕ ਦੇ ਵਿਦਿਆਰਥੀਆਂ ਦਾ ਜਜ਼ਬਾ ਕਾਬਲੇਤਾਰੀਫ਼ ਹੈ ਜਿਨ੍ਹਾਂ ਨੇ ਐਸੀ ਤਾਕਤ ਨਾਲ ਮੱਥਾ ਲਾਇਆ ਹੈ ਜੋ 2014 ਤੋਂ ਇਹ ਸੋਚਦੀ ਹੈ ਕਿ ਪੂਰਾ ਹਿੰਦੁਸਤਾਨ ਉਸਦੀ ਮੁੱਠੀ ਵਿਚ ਹੈ। ਪਰ ਗ਼ਲਤੀ ਨਾ ਕਰ ਬੈਠੀਏ। ਲੜਾਈ ਤਾਂ ਅਜੇ ਸ਼ੁਰੂ ਹੋਈ ਹੈ। ਹੈਦਰਾਬਾਦ ਅਤੇ ਨਵੀਂ ਦਿੱਲੀ ਵਿਚ ਸਰਕਾਰ ਅਤੇ ਯੂਨੀਵਰਸਿਟੀ ਦੇ ਹਮਲੇ ਨਾ ਤਾਂ ਟੁੱਟਵੇਂ ਹਨ ਨਾ ਆਪਮੁਹਾਰੇ। ਇਹ ਮੁਲਕ ਦੀਆਂ ਸਰਕਾਰੀ ਯੂਨੀਵਰਸਿਟੀਆਂ ਦੀਆਂ ਵਿਦਿਆਰਥੀ ਸੰਸਥਾਵਾਂ, ਪ੍ਰਸ਼ਾਸਨ, ਫੈਕਲਟੀ ਅਤੇ ਵਾਈਸ ਚਾਂਸਲਰ ਦੇ ਅਹੁਦੇ ਉੱਪਰ ਕਬਜ਼ਾ ਕਰਨ ਦੀ ਸੰਘ ਪਰਿਵਾਰ ਦੀ ਗਿਣੀਮਿਥੀ ਅਤੇ ਦੂਰਗਾਮੀ ਯੁੱਧਨੀਤੀ ਦਾ ਹਿੱਸਾ ਹਨ। ਉਨ੍ਹਾਂ ਦਾ ਨਿਸ਼ਾਨਾ ਆਪਣੇ ਹਿੰਦੂ ਰਾਸ਼ਟਰ ਦੀ ਜ਼ਹਿਰ ਫੈਲਾਉਣ ਲਈ ਆਜ਼ਾਦ ਬੌਧਿਕ ਘਾਲਣਾ ਨੂੰ ਦਬਾਉਣਾ ਅਤੇ ਵਿਰੋਧ ਦੇ ਕੁਛ ਉੱਭਰਵੇਂ ਜਥੇਬੰਦ ਕੇਂਦਰਾਂ ਨੂੰ ਕੁਚਲਣਾ ਹੈ।

ਪਿਛਲੇ ਹਫ਼ਤੇ ਦੀ ਜ਼ਿਆਦਾਤਰ ਬਹਿਸ ਇਸ ਦੁਆਲੇ ਕੇਂਦਰਤ ਰਹੀ ਹੈ ਕਿ ਕੀ ਜੇ. ਐੱਨ. ਯੂ. ਕੈਂਪਸ ਵਿਚ "ਰਾਸ਼ਟਰ ਵਿਰੋਧੀ" ਨਾਅਰੇ ਲਗਾਏ ਗਏ ਅਤੇ ਖ਼ਾਸ ਕਰਕੇ, ਕੀ ਜੇ. ਐੱਨ. ਯੂ. ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਕਨ੍ਹੱਈਆ ਕੁਮਾਰ ਦਾ ਐਸਾ ਕਰਨਾ "ਰਾਜਧ੍ਰੋਹ" ਸੀ। ਇਹ ਹੁਣ ਅਦਾਲਤਾਂ ਨੇ ਤੈਅ ਕਰਨਾ ਹੈ ਕੀ ਕਨ੍ਹੱਈਆ ਕੁਮਾਰ ਦੇ ਬੋਲ ਸੱਚੀਓਂ ਹੀ ਰਾਜਧ੍ਰੋਹ ਸਨ। (ਇਸ ਮੌਕੇ ਉਸਦੀ ਤਕਰੀਰ ਸੰਘ ਪਰਿਵਾਰ ਦੀ ਵਿਚਾਰਧਾਰਾ ਦਾ ਜ਼ਬਰਦਸਤ ਖੰਡਨ ਸੀ ਅਤੇ ਇਸ ਦੇ ਵਾਹਵਾ ਹਿੱਸੇ ਤੋਂ ਸੰਘ ਦੇ ਵਿਦਿਆਰਥੀ ਵਿੰਗ ਏ.ਬੀ.ਵੀ.ਪੀ. ਦਾ ਪ੍ਰਤੀਕਰਮ ਸਮਝ ਪੈਂਦਾ ਹੈ।) ਇਹ ਵੀ ਕਿ ਸਮਾਗਮ ਵਿਖੇ ਹੋਰ ਵਿਦਿਆਰਥੀਆਂ ਵਲੋਂ ਲਗਾਏ ਨਾਅਰੇ ਇੰਡੀਅਨ ਪੀਨਲ ਕੋਡ ਦੀ ਧਾਰਾ 124-ਏ ਦੇ ਤੰਗ ਦਾਇਰਿਆਂ ਦੇ ਅੰਦਰ ਦੇਸ਼ਧ੍ਰੋਹੀ ਸਨ। ਇਸ ਮੁੱਦੇ ਉੱਪਰ ਸਥਾਪਤ ਨਿਆਂਇਕ-ਸੂਝ ਬਿਲਕੁਲ ਸਪਸ਼ਟ ਹੈ – ਇਥੇ ਕਿਸੇ ਵਲੋਂ ਰਾਜ ਦੇ ਵਿਰੁੱਧ ਹਿੰਸਾ ਭੜਕਾਉਣਾ ਅਹਿਮੀਅਤ ਰੱਖਦਾ ਹੈ ਨਾ ਕਿ ਉਸ ਵਲੋਂ ਬੋਲੇ ਗਏ ਲਫ਼ਜ਼।

ਨਿਆਂ ਦੇ ਸਵਾਲ ਅਹਿਮ ਹਨ। ਪਰ ਕਲਹਿਣਾ ਲੱਛਣ ਹੈ ਵਿਚਾਰਾਂ ਦੇ ਆਜ਼ਾਦ ਪ੍ਰਗਟਾਵੇ ਦੇ ਨੇਮਾਂ ਵਿਚ ਪਿਛਲੇ ਕੁਝ ਸਾਲਾਂ ਤੋਂ ਕੱਟਿਆ ਗਿਆ ਪਿਛਲਮੋੜਾ ਅਤੇ ਰਾਜ ਦੀ ਅਸਹਿਣਸ਼ੀਲਤਾ ਵਿਚ ਤੇਜ਼ੀ ਨਾਲ ਤੇ ਬੇਤਹਾਸ਼ਾ ਵਾਧਾ। ਅਫ਼ਜ਼ਲ ਗੁਰੂ ਦੇ ਮੁਕੱਦਮੇ ਦੌਰਾਨ (ਜਿਸ ਨੂੰ ਸੰਸਦ ਉਪਰ ਹਮਲੇ ਲਈ ਦੋਸ਼ੀ ਠਹਿਰਾਇਆ ਗਿਆ) ਅਤੇ ਪਿੱਛੋਂ 2011 'ਚ ਉਸ ਨੂੰ ਫਾਂਸੀ ਦੇਣ ਵਕਤ, ਇਸ ਬਾਰੇ ਚਰਚਾ ਕਰਨਾ ਅਜੇ ਸੰਭਵ ਸੀ ਕਿ ਉਸਦਾ ਮੁਕੱਦਮਾ ਸਹੀ ਚਲਾਇਆ ਗਿਆ ਜਾਂ ਨਹੀਂ ਅਤੇ ਕੀ ਹਿੰਦੁਸਤਾਨ ਲਈ ਮੌਤ ਦੀ ਸਜ਼ਾ ਜਾਰੀ ਰੱਖਣਾ ਸਹੀ ਹੈ। ਜਿਵੇਂ ਇਨ੍ਹਾਂ ਮੁੱਦਿਆਂ ਉੱਪਰ ਚਰਚਾ ਕਰਨ ਲਈ ਜੁੜੇ ਜੇ.ਐੱਨ.ਯੂ. ਦੇ ਵਿਦਿਆਰਥੀਆਂ ਉੱਪਰ ਸਰਕਾਰ ਦਾ ਹਮਲਾ ਦਿਖਾਉਂਦਾ ਹੈ, ਹੁਣ ਰਾਸ਼ਟਰ ਵਿਰੋਧੀ ਵਿਚਾਰ ਹੋਣ ਦਾ ਇਲਜ਼ਾਮ ਸਹੇੜੇ ਬਗ਼ੈਰ ਐਸਾ ਨਹੀਂ ਕੀਤਾ ਜਾ ਸਕਦਾ। ਜੇ ਇਕ ਐਸੇ ਸਮਾਗਮ ਵਿਚ ਵਿਦਿਆਰਥੀ ਕਸ਼ਮੀਰੀਆਂ ਦੇ ਸਵੈ-ਨਿਰਣੇ ਦੇ ਹੱਕ ਨੂੰ ਲੈ ਕੇ ਅਤੇ ਸ਼ਾਇਦ ਹੋਰ ਵੀ ਨਾਅਰੇ ਲਾਉਂਦੇ ਹਨ, ਤਾਂ ਰਾਜ ਦੀ ਪੂਰੀ ਤਾਕਤ ਉਨ੍ਹਾਂ ਉੱਪਰ ਆ ਝਪਟਦੀ ਹੈ।




ਉਨ੍ਹਾਂ ਉੱਪਰ ਇਕ ਐਸੇ ਕਾਨੂੰਨ ਤਹਿਤ ਦੇਸ਼ਧ੍ਰੋਹ ਦਾ ਮਾਮਲਾ ਦਰਜ ਕੀਤਾ ਜਾਂਦਾ ਹੈ ਜੋ ਬਣਾਇਆ ਤਾਂ ਬਸਤੀਵਾਦੀ ਹੁਕਮਰਾਨਾਂ ਨੇ ਬਸਤੀਵਾਦੀ ਰਾਜ ਬਾਰੇ ਸਵਾਲ ਕਰਨ ਵਾਲਿਆਂ ਨੂੰ ਕੁਚਲਣ ਲਈ ਸੀ, ਪਰ ਜਿਸ ਦਾ ਇਸਤੇਮਾਲ "ਆਜ਼ਾਦ" ਹਿੰਦੁਸਤਾਨ ਦੀਆਂ ਕੇਂਦਰ ਤੇ ਸੂਬਾ ਸਰਕਾਰਾਂ ਲੋਕ ਗਾਇਕਾਂ, ਲੇਖਕਾਂ, ਕਵੀਆਂ ਅਤੇ ਵਿਦਿਆਰਥੀਆਂ ਦੀਆਂ ਆਵਾਜ਼ਾਂ ਦੀ ਸੰਘੀ ਘੁੱਟਣ ਲਈ ਖ਼ੂਬ ਦਰਿਆਦਿਲੀ ਨਾਲ ਕਰ ਰਹੀਆਂ ਹਨ। ਕੁਛ ਸਾਲ ਪਹਿਲਾਂ, ਮੁੱਖਧਾਰਾ ਮੀਡੀਆ ਵਿਚ ਵੀ ਸਭ ਤੋਂ ਮੁਸ਼ਕਲ ਸਵਾਲਾਂ ਬਾਰੇ ਸਵਾਲ ਪੁੱਛਣਾ ਸੰਭਵ ਸੀ ("ਕਸ਼ਮੀਰ ਝਗੜਾ: ਅਸੰਭਵ ਨੂੰ ਲੈ ਕੇ ਸੋਚ-ਵਿਚਾਰ ਕਰਦਿਆਂ", ਹਿੰਦੂ, 9 ਅਕਤੂਬਰ 2010)। ਪਰ ਹੁਣ ਇਂਞ ਨਹੀਂ ਹੈ।

ਫੌਰੀ ਮੁੱਦਾ ਜੇ.ਐੱਨ.ਯੂ. ਵਿਚ ਰਾਜਧ੍ਰੋਹ ਹੋ ਸਕਦਾ ਹੈ; ਪਰ ਸੰਘ ਪਰਿਵਾਰ ਦਾ ਦੂਰਗਾਮੀ ਨਿਸ਼ਾਨਾ ਉਚੇਰੀ ਤਾਲੀਮ ਦੀਆਂ ਸੰਸਥਾਵਾਂ ਉੱਪਰ ਕਾਬਜ਼ ਹੋਣਾ ਹੈ। ਆਪਣੀ ਮੁਕਤ ਭਾਵਨਾ, ਗੁੰਡਾਗਰਦੀ ਤੋਂ ਮੁਕਤ ਬਹਿਸਾਂ ਅਤੇ ਖੱਬੇਪੱਖੀ ਸਰਗਰਮੀ ਨਾਲ ਲਗਾਤਾਰ ਜੁੜੇ ਹੋਣ ਕਾਰਨ ਜੇ.ਐੱਨ.ਯੂ. ਲੰਮੇ ਸਮੇਂ ਤੋਂ ਆਰ. ਐੱਸ. ਐੱਸ. ਅਤੇ ਇਸਦੇ ਤਰਜ਼ਮਾਨ, ਪੰਚਜੰਨਯ, ਦੇ ਨਿਸ਼ਾਨੇ 'ਤੇ ਹੈ। ਨਵੇਂ ਵਾਈਸ ਚਾਂਸਲਰ ਦੇ ਅਹੁਦਾ ਸੰਭਾਲਣ ਦੇ ਦੋ ਹਫ਼ਤਿਆਂ ਦੇ ਅੰਦਰ ਹੀ ਜੇ.ਐੱਨ.ਯੂ. ਉੱਪਰ ਹਮਲਾ ਨਿਸ਼ਚੇ ਹੀ ਇਤਫ਼ਾਕ ਨਹੀਂ ਹੈ। 2014 'ਚ ਸੱਤਾਧਾਰੀ ਹੋਣ ਦੇ ਵੇਲੇ ਤੋਂ ਹੀ ਨਰਿੰਦਰ ਮੋਦੀ ਸਰਕਾਰ ਉਚੇਰੀ ਤਾਲੀਮ ਦੀਆਂ ਕੇਂਦਰੀ ਸੰਸਥਾਵਾਂ ਨੂੰ ਆਰ.ਐੱਸ.ਐੱਸ. ਦੇ ਰੰਗ 'ਚ ਰੰਗਣ ਲਈ ਵਿੰਗੇ-ਟੇਢੇ ਢੰਗਾਂ ਨਾਲ ਜੁੱਟੀ ਹੋਈ ਹੈ। ਸੁਤੰਤਰ ਡਾਇਰੈਕਟਰਾਂ ਅਤੇ ਵਾਈਸ ਚਾਂਸਲਰਾਂ ਲਈ ਕਰੜੀਆਂ ਸ਼ਰਤਾਂ ਲਾਕੇ ਉਨ੍ਹਾਂ ਨੂੰ ਅਸਤੀਫ਼ੇ ਦੇਣ ਲਈ ਮਜਬੂਰ ਕੀਤਾ ਗਿਆ ਹੈ (ਆਈ.ਆਈ.ਟੀ. ਦਿੱਲੀ ਇਸਦੀ ਮਿਸਾਲ ਹੈ)। ਖੋਜ ਕਮੇਟੀਆਂ ਦੀ ਸੁਤੰਤਰਤਾ ਖੋਹ ਲਈ ਗਈ ਹੈ (ਆਈ. ਆਈ. ਟੀ. ਬੰਬਈ)। ਆਰ.ਐੱਸ.ਐੱਸ. ਨੇ ਆਪਣੇ ਚਹੇਤੇ ਬੰਦੇ ਇਨ੍ਹਾਂ ਕਮੇਟੀਆਂ ਵਿਚ ਘੁਸੇੜ ਦਿੱਤੇ ਅਤੇ ਫਿਰ ਉਹ ਕੇਂਦਰੀ (ਅਤੇ ਸਟੇਟ) ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਾ ਦਿੱਤੇ ਗਏ। ਆਰ. ਐੱਸ. ਐੱਸ. ਦੇ ਵਫ਼ਾਦਾਰ ਹੋਣ ਦੀ ਇਕੋਇਕ ਯੋਗਤਾ ਰੱਖਦੇ ਨਾਕਾਬਲ ਬੰਦੇ ਸੰਸਥਾਵਾਂ ਦੇ ਮੁਖੀ ਥਾਪ ਦਿੱਤੇ ਗਏ (ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ)। ਵਾਈਸ ਚਾਂਸਲਰ ਏ. ਬੀ. ਵੀ. ਪੀ. ਦੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਤਿਆਰ ਹਨ। ਸਭ ਤੋਂ ਬਦਨਾਮ ਮਿਸਾਲ ਪਹਿਲਾਂ ਹੈਦਰਾਬਾਦ ਯੂਨੀਵਰਸਿਟੀ ਬਣੀ (ਜਦੋਂ ਰੋਹਿਤ ਵੇਮੂਲਾ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਗਿਆ) ਅਤੇ ਹੁਣ ਜੇ. ਐੱਨ. ਯੂ., ਜਿਥੇ ਵਾਈਸ ਚਾਂਸਲਰਾਂ ਨੇ ਸ਼ਰਮ ਲਾਹਕੇ ਪੁਲਿਸ ਨੂੰ ਕੈਂਪਸ ਵਿਚ ਸੱਦਕੇ ਮਨਮਾਨੀਆਂ ਦੀ ਖੁੱਲ੍ਹ ਦੇ ਦਿੱਤੀ।

ਆਰ. ਐੱਸ. ਐੱਸ. ਵਲੋਂ ਆਪਣੀ ਸਰਕਾਰ ਨੂੰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਉੱਪਰ ਕਬਜ਼ਾ ਕਰਨ ਦੇ ਆਦੇਸ਼ ਦੇਣ ਦੀ ਵਜ੍ਹਾ ਇਹ ਹੈ ਕਿ ਸੰਘ ਪਰਿਵਾਰ ਕਦੇ ਵੀ ਸੁਤੰਤਰ ਸੋਚ ਨਹੀਂ ਚਾਹੁੰਦਾ, ਕਿਉਂਕਿ ਅਜਿਹੀ ਸੋਚ ਇਸ ਦੀ ਬਹੁਗਿਣਤੀਵਾਦ ਦੀ ਫ਼ਿਲਾਸਫ਼ੀ ਦੇ ਵਿਰੁੱਧ ਖੜ੍ਹਨ ਵਾਲੀ ਜ਼ਬਰਦਸਤ ਤਾਕਤ ਹੋਵੇਗੀ। ਦਰਅਸਲ, ਇਨ੍ਹਾਂ ਸਾਰੇ ਸਾਲਾਂ ਵਿਚ ਸੰਘ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਦਾ ਇਕ ਵੱਡਾ ਜਥੇਬੰਦ ਵਿਰੋਧ ਮੁਲਕ ਦੀਆਂ ਯੂਨੀਵਰਸਿਟੀਆਂ ਦੇ ਮੈਂਬਰਾਂ ਵਲੋਂ ਕੀਤਾ ਗਿਆ ਹੈ। ਲਿਹਾਜ਼ਾ ਹੁਣ ਵਿਦਿਆਰਥੀ ਭਾਈਚਾਰੇ ਅਤੇ ਫੈਕਲਟੀ ਉਪਰ ਦੋਧਾਰੀ ਹਮਲੇ ਨਾਲ ਸਰਕਾਰ ਅਤੇ ਇਸਦੇ ਗੁਰੂ ਯੂਨੀਵਰਸਿਟੀਆਂ ਨੂੰ ਕੁਲ ਬੌਧਿਕਤਾ ਤੋਂ ਵਿਰਵੀਆਂ ਕਰਨ ਦੀ ਵਾਹ ਲਾ ਰਹੇ ਹਨ।

ਇਹ ਸਭ ਇਕ ਵਿਆਪਕ ਕੈਨਵਸ ਉੱਪਰ ਕੀਤਾ ਜਾ ਰਿਹਾ ਹੈ। ਸਿਆਸੀ ਲਾਮਬੰਦੀ ਦੀ ਸ਼ਕਲ 'ਚ "ਨਕਲੀ-ਧਰਮਨਿਰਲੇਪਤਾ" ਦੀ ਵਿਰੋਧਤਾ ਨੇ "ਰਾਸ਼ਟਰਵਾਦ" ਜਾਂ ਦਰਅਸਲ "ਰਾਸ਼ਟਰ ਵਿਰੋਧੀਆਂ" ਦੀ ਵਿਰੋਧਤਾ ਨੂੰ ਇਸ ਦਾ ਹਿਸਾ ਬਣਾਉਣ ਦੇ ਅਧਾਰ 'ਤੇ ਲਾਮਬੰਦੀ ਦਾ ਰਾਹ ਖੋਲ੍ਹ ਦਿੱਤਾ ਹੈ। ਮੋਦੀ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਹੀ ਜੋ ਅਮਲ ਸ਼ੁਰੂ ਹੋ ਗਿਆ ਸੀ, ਉਸਦੇ ਅੰਦਰ ਸੰਘ ਪਰਿਵਾਰ ਦਾ ਪ੍ਰੀਭਾਸ਼ਤ ਕੀਤਾ ਰਾਸ਼ਟਰਵਾਦ ਲਾਮਬੰਦੀ ਦਾ ਨਵਾਂ ਕੇਂਦਰ ਬਣਕੇ ਉੱਭਰਿਆ ਹੈ। ਪਹਿਲਾਂ ਜੋ ਵਿਚਾਰਧਾਰਾ ਇਹ ਪੇਸ਼ ਕਰਨ 'ਚ ਕਾਮਯਾਬ ਰਹੀ ਕਿ ਬਹੁਗਿਣਤੀ ਭਾਈਚਾਰੇ ਨੂੰ ਖ਼ਤਰਾ ਹੈ ਉਸਨੇ ਹੁਣ ਇਹ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਮੁਲਕ ਨੂੰ ਖ਼ਤਰਾ ਹੈ। ਦੋਵਾਂ ਮਿਸਾਲਾਂ ਵਿਚ "ਕੋਈ ਹੋਰ" ਮਹਿਜ਼ ਨਾਂ ਦਾ ਹੀ ਬਾਹਰੀ "ਦੁਸ਼ਮਣ" ਹੈ; ਦਰਅਸਲ ਇਹ "ਦੁਸ਼ਮਣ" ਘੱਟਗਿਣਤੀ ਧਰਮ ਦੇ ਮੈਂਬਰ ਹਨ। (ਅਸੀਂ ਕਿੰਨੀ ਵਾਰ ਸੁਣ ਚੁੱਕੇ ਹਾਂ, "ਮੋਦੀ ਅਤੇ ਭਾਜਪਾ ਨੂੰ ਵੋਟ ਨਾ ਦੇਣ ਵਾਲੇ ਰਾਸ਼ਟਰ ਵਿਰੋਧੀ ਹਨ ਅਤੇ ਉਨ੍ਹਾਂ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ?" ਸਾਨੂੰ ਪਤਾ ਹੈ ਐਸੀਆਂ ਧਮਕੀਆਂ ਕਿਉਂ ਦਿੱਤੀਆਂ ਜਾਂਦੀਆਂ ਹਨ।) "ਰਾਸ਼ਟਰ ਵਿਰੋਧੀ" ਦਾ ਠੱਪਾ ਐਸਾ ਢੰਗ ਹੈ ਜਿਸ ਨਾਲ ਕਾਂਗਰਸ ਤੋਂ ਲੈਕੇ ਖੱਬੀਆਂ ਪਾਰਟੀਆਂ ਤਕ, ਹਰ ਵਿਰੋਧੀ ਸਿਆਸੀ ਪਾਰਟੀ ਨੂੰ ਇੱਕੋ ਰੱਸੇ ਨਾਲ ਬੰਨਿਆ ਜਾ ਸਕਦਾ ਹੈ। ਅਵਾਮੀ ਰਾਇ ਨੂੰ ਇਸ ਤਰ੍ਹਾਂ ਢਾਲਿਆ ਗਿਆ ਹੈ ਕਿ ਜੇ ਨਾਗਰਿਕ ਵਜੋਂ ਪ੍ਰਵਾਨ ਹੋਣਾ ਹੈ ਤਾਂ ਜ਼ਰੂਰੀ ਹੈ ਤੁਸੀਂ ਸੰਘ ਪਰਿਵਾਰ ਦੀ ਪ੍ਰੀਭਾਸ਼ਾ ਅਨੁਸਾਰ "ਰਾਸ਼ਟਰ ਵਿਰੋਧੀ" ਨਹੀਂ ਹੋਣੇ ਚਾਹੀਦੇ। ਤੁਹਾਨੂੰ ਝੰਡੇ ਲਹਿਰਾਕੇ ਅਤੇ ਰਾਜ ਉੱਪਰ ਕਿੰਤੂ-ਪ੍ਰੰਤੂ ਕਰਨ ਵਾਲਿਆਂ ਉੱਪਰ ਹਿੰਸਕ ਹਮਲੇ ਕਰਕੇ ਆਪਣਾ ਰਾਸ਼ਟਰਵਾਦ ਸਾਬਤ ਕਰਨਾ ਪਵੇਗਾ। ਪੋਲਿੰਗ ਬੂਥ ਤੋਂ ਲੈਕੇ ਕੈਂਪਸ ਤਕ ਹਰ ਥਾਂ ਇਹ ਦਿਖਾਉਣਾ ਪਵੇਗਾ। ਹੁਣ ਵਿਦਿਆਰਥੀਆਂ ਵਿਚ "ਰਾਸ਼ਟਰਵਾਦ" ਭਰਨ ਲਈ ਸਾਰੀਆਂ ਹੀ ਕੇਂਦਰੀ ਯੂਨੀਵਰਸਿਟੀਆਂ ਵਿਚ ਝੰਡੇ ਝੂਲ ਰਹੇ ਹਨ।

ਲੰਘਿਆ ਹਫ਼ਤਾ ਨਿਰਾਸ਼ਾ ਅਤੇ ਆਸ ਦਾ ਹਫ਼ਤਾ ਰਿਹਾ ਹੈ। ਨਿਰਾਸ਼ਾ ਇਸ ਲਈ ਕਿ ਮੁਲਕ ਦੇ ਹੁਕਮਰਾਨਾਂ ਤੇ ਉਨ੍ਹਾਂ ਦੇ ਪਿੱਠੂਆਂ ਵਲੋਂ ਸੰਵਿਧਾਨ ਦੀ ਐਨੀ ਸਨਕੀ ਢੰਗ ਨਾਲ ਦੁਰਵਰਤੋਂ ਕੀਤੀ ਜਾ ਸਕਦੀ ਹੈ ਅਤੇ ਕਾਨੂੰਨੀ ਵਕੀਲ ਐਨੀ ਆਸਾਨੀ ਨਾਲ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈ ਸਕਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਹ ਮਹਿਫ਼ੂਜ਼ ਹਨ। ਇਹ ਹਫ਼ਤਾ ਆਸ ਭਰਪੂਰ ਹਫ਼ਤਾ ਵੀ ਰਿਹਾ ਹੈ। ਵਿਦਿਆਰਥੀ ਜੋ ਮੁਲਕ ਦਾ ਭਵਿੱਖ ਹਨ ਅਤੇ ਉਹ ਅੱਜ ਦੇ 60-80 ਸਾਲਾਂ ਦੇ ਬੁੱਢੇ ਠੇਰੇ ਹੁਕਮਰਾਨ ਨਹੀਂ, ਉਨ੍ਹਾਂ ਨੇ ਦਿਖਾ ਦਿੱਤਾ ਹੈ ਕਿ ਉਹ ਇਸ ਦੀ ਇਜਾਜ਼ਤ ਨਹੀਂ ਦੇਣਗੇ। ਇਹ ਜਿੱਤ ਛੋਟੀ ਜ਼ਰੂਰ ਹੈ, ਪਰ ਐਸੀ ਜਿੱਤ ਹੈ ਜੋ ਰਾਸ਼ਟਰ ਦੀ ਰੂਹ ਨੂੰ ਮੁੜ ਕਬਜ਼ੇ ਵਿਚ ਲੈਣ ਲਈ ਲੰਮਾ ਸਮਾਂ ਚੱਲਣ ਵਾਲੇ ਸੰਘਰਸ਼ ਵਿਚ ਜਿੱਤੀ ਗਈ ਹੈ।






## ਇਨਕਲਾਬੀ ਲਹਿਰ ਲਈ ਅਮੁੱਕ ਪ੍ਰੇਰਨਾ ਤੇ ਤਾਕਤ ਦਾ ਸੋਮਾ ਬਣਿਆ ਰਹੇਗਾ

# ਸ਼ਹੀਦ ਸਾਧੂ ਸਿੰਘ ਤਖ਼ਤੂਪੁਰਾ

## ਤਖ਼ਤੂਪੁਰਾ (ਮੋਗਾ) 'ਚ ਹੋ ਰਹੇ ਬਰਸੀ ਸਮਾਗਮ ਮੌਕੇ



ਆਪਣੀ ਚੜ੍ਹਦੀ ਉਮਰੇ ਇੱਕ ਆਦਰਸ਼ਵਾਦੀ ਨੌਜਵਾਨ ਅਤੇ ਇੱਕ ਸੰਵੇਦਨਸ਼ੀਲ ਤੇ ਇਨਕਲਾਬੀ ਕਵੀ ਵਜੋਂ ਸਾਧੂ ਸਿੰਘ ਨੇ ਆਪਣੇ ਗੀਤ "ਸਾਨੂੰ ਭੁੱਖਿਆਂ ਨੂੰ ਹੋਰ ਨਾ ਵਗਾਰ ਪੁੱਗਦੀ" ਦਾ ਇਨਕਲਾਬੀ ਹੋਕਾ ਦਿੱਤਾ ਸੀ, ਜਿਹੜਾ ਅਨੇਕਾਂ ਵਰ੍ਹੇ ਪੰਜਾਬ ਦੀਆਂ ਜਨਤਕ ਜਥੇਬੰਦੀਆਂ ਅਤੇ ਇਨਕਲਾਬੀ ਲਹਿਰ ਦੀਆਂ ਸਟੇਜਾਂ ਤੋਂ ਗੂੰਜਦਾ ਰਿਹਾ। ਇਸ ਇਨਕਲਾਬੀ ਹੋਕੇ ਅੰਦਰ ਸਾਧੂ ਸਿੰਘ ਤਖਤੂਪੁਰਾ ਬਾਬੇ ਨਾਨਕ ਦੀ "ਨੀਚਾਂ ਅੰਦਰ ਨੀਚ ਜਾਤ......." ਦੀ ਸਿਆਸਤ ਦਾ ਪੱਲਾ ਫੜ ਕੇ ਪਿੰਡਾਂ ਦੇ ਵਿਹੜਿਆਂ ਦੇ ਦਰਦ ਦੀ ਹੂਕ ਬਣ ਕੇ ਉੱਭਰਦਾ ਹੈ, ਉਹਨਾਂ ਦੀ ਸਮਾਜਕ ਨਾ-ਬਰਾਬਰੀ ਦੀ ਅਤੇ ਉਨ੍ਹਾਂ ਦੀਆਂ ਇੱਜ਼ਤਾਂ ਤੇ ਅਰਮਾਨਾਂ ਦੇ ਰੁਲਣ ਦੀ ਗੱਲ ਕਰਦਾ ਹੈ ਤੇ ਅੰਤ ਮਿਹਨਤ ਦੀ ਲੁੱਟ ਤੇ ਸਮਾਜਕ ਨਾ-ਬਰਾਬਰੀ ਦੀ ਥਾਂ ਮਜਦੂਰਾਂ ਕਿਸਾਨਾਂ ਦੀ ਪੁੱਗਤ 'ਤੇ ਅਧਾਰਤ ਰਾਜ ਪ੍ਰਬੰਧ ਸਥਾਪਤ ਕਰਨ ਦਾ ਨਾਅਰਾ ਬੁਲੰਦ ਕਰਦਾ ਹੈ।

ਸਾਧੂ ਸਿੰਘ ਦਾ ਇਹ ਹੋਕਾ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਆਦਰਸ਼ਾਂ ਤੇ ਵਿਚਾਰਾਂ ਦੇ ਗੰਭੀਰ ਅਧਿਆਨ ਅਤੇ ਆਦਰਸ਼ਵਾਦ ਤੇ ਬਾਹਰਲੇ ਮੁਲਕਾਂ ਦੇ ਇਨਕਲਾਬਾਂ ਦੇ ਤਜਰਬੇ ਦੀ ਨੀਝ-ਪੂਰਨ ਘੋਖ 'ਤੇ ਅਧਾਰਤ ਸੀ, ਏਸ ਕਰਕੇ ਉਸਨੂੰ ਅਟੱਲ ਵਿਸ਼ਵਾਸ਼ ਹੋ ਗਿਆ ਸੀ ਕਿ ਸਮਾਜ ਦੀਆਂ ਸਾਰੀਆਂ ਦੁੱਖ ਤਕਲੀਫਾਂ ਤੇ ਔਹਰਾਂ ਦੀ ਮੁਕੰਮਲ ਨਵਿਰਤੀ ਦਾ ਇੱਕੋ ਇੱਕ ਸਿੱਕੇਬੰਦ ਹੱਲ ਇਨਕਲਾਬ ਹੈ। ਇਸ ਲਈ ਉਪਰੋਕਤ ਇਨਕਲਾਬੀ ਹੋਕਾ ਸਾਧੂ ਸਿੰਘ ਦੀ ਸਮੁੱਚੀ ਲੋਕ-ਪੱਖੀ ਇਨਕਲਾਬੀ ਜਿੰਦਗੀ ਦਾ ਮੈਨੀਫੈਸਟੋ ਬਣ ਗਿਆ, ਉਹਦੇ ਸਮੁੱਚੇ ਵਜੂਦ, ਉਹਦੀ ਰੂਹ ਤੇ ਉਹਦੀ ਹੋਣੀ ਦਾ ਪ੍ਰਤੀਕ ਬਣ ਗਿਆ। ਬਿਨਾ ਸ਼ੱਕ ਸਾਧੂ ਸਿੰਘ ਨੇ ਬਹੁਤ ਵਰ੍ਹੇ ਸਰਕਾਰੀ ਅਧਿਆਪਕ ਵਜੋਂ ਨੌਕਰੀ ਵੀ ਕੀਤੀ ਤੇ ਆਮ ਗ੍ਰਹਿਸਥੀਆਂ ਵਾਂਗ ਆਵਦੀ ਕਬੀਲਦਾਰੀ ਦਾ ਰੇੜ੍ਹਾ ਵੀ ਰੇੜ੍ਹਿਆ, ਪਰ ਉਸ ਦੀ ਜਿੰਦਗੀ ਦਾ ਪ੍ਰਮੁੱਖ ਸਰੋਕਾਰ, ਉਸ ਦੀ ਜਿੰਦਗੀ ਦਾ ਧਰੂਤਾਰਾ, ਇਹ ਇਨਕਲਾਬੀ ਹੋਕਾ ਹੀ ਬਣਿਆ ਰਿਹਾ




## ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਚਾਰ ਸੰਸਾਰ ਪ੍ਰਸਿਧ ਕਿਤਾਬਾਂ




ਸੰਸਾਰ ਪ੍ਰਸਿੱਧ ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਦੇ ਪਿਛਲੇ ਇਕ ਦਹਾਕੇ ਵਿਚ ਲਿਖੇ ਬਹੁਤ ਹੀ ਅਹਿਮ ਲੇਖਾਂ ਅਤੇ ਉਸ ਨਾਲ ਪੱਤਰਕਾਰਾਂ ਵਲੋਂ ਕੀਤੀਆਂ ਗਈਆਂ ਵਿਸਤਾਰਤ ਵਿਚਾਰ-ਚਰਚਾਵਾਂ ਦੇ ਦੋ ਸੰਗ੍ਰਹਿ 'ਜਮਹੂਰੀਅਤ ਕਟਹਿਰੇ ਵਿਚ' ਅਤੇ 'ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ' ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਲੋਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪੇ ਗਏ ਹਨ। ਦੋ ਸੰਸਾਰ ਪ੍ਰਸਿੱਧ ਕਿਤਾਬਾਂ, ਨੈਓਮੀ ਕਲਾਈਨ ਦੀ ਲਿਖੀ 'ਸਦਮਾ ਮੱਤ' ਅਤੇ ਜੌਹਨ ਪਰਕਿਨਜ਼ ਦੀ ਲਿਖੀ 'ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ' ਦੇ ਨਵੇਂ ਪੰਜਾਬੀ ਐਡੀਸ਼ਨ ਵੀ ਛਾਪੇ ਗਏ ਹਨ। ਇਹ ਚਾਰ ਅਹਿਮ ਕਿਤਾਬਾਂ ਹਿੰਦੁਸਤਾਨ ਅਤੇ ਕੁਲ ਦੁਨੀਆ ਦੇ ਰਾਜ, ਸਮਾਜ ਅਤੇ ਹਾਲਾਤ ਨੂੰ ਸਮਝਣ ਲਈ ਇਕ ਡੂੰਘੀ ਸੂਝ ਮੁਹੱਈਆ ਕਰਨ ਵਾਲੀਆਂ ਬਹੁਤ ਹੀ ਬਹੁਮੁੱਲੀਆਂ ਕਿਤਾਬਾਂ ਹਨ। ਕੈਨੇਡਾ ਵਿਚ ਇਹ ਕਿਤਾਬਾਂ ਹਾਸਲ ਕਰਨ ਲਈ ਟੋਰਾਂਟੋ ਵਿਚ ਸੰਪਾਦਕ ਸਰੋਕਾਰਾਂ ਦੀ ਆਵਾਜ਼ ਨਾਲ (ਫ਼ੋਨ: 416-817-7142), ਕੈਲਗਰੀ-ਐਡਮਿੰਟਨ ਵਿਚ ਮਾਸਟਰ ਭਜਨ ਸਿੰਘ ਗਿੱਲ ਨਾਲ (ਫ਼ੋਨ: 403-455-4220), ਅਤੇ ਵੈਨਕੂਵਰ ਵਿਚ ਪ੍ਰਸ਼ੋਤਮ ਦੁਸਾਂਝ (ਫ਼ੋਨ: 604-596-3713), ਅਤੇ ਗੁਰਪ੍ਰੀਤ ਸਿੰਘ (ਫ਼ੋਨ : 604-501-2260) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਜਿਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਤੇ ਖੁਦ ਇਸ ਇਨਕਲਾਬੀ ਹੋਕੇ ਦੇ ਤਕਾਜ਼ਿਆਂ 'ਤੇ ਪੂਰਾ ਉਤਰਨ ਲਈ ਅਤੇ ਹੋਰਨਾਂ ਮਿਹਨਤਕਸ਼ ਤਬਕਿਆਂ ਨੂੰ ਇਸ ਹੋਕੇ ਦੇ ਜੋਰ ਜਾਗਰਤ, ਜਥੇਬੰਦ ਤੇ ਲਾਮਬੰਦ ਕਰਨ ਲਈ ਉਹ ਉਮਰ ਭਰ ਜੂਝਦਾ ਰਿਹਾ। ਇਸ ਲਈ ਉਹ ਸਾਰੀ ਉਮਰ ਨਾ ਸਿਰਫ ਇਨਕਲਾਬੀ ਕਵੀ ਵਜੋਂ ਲੋਕਾਂ ਨੂੰ ਪ੍ਰੇਰਦਾ ਤੇ ਹਲੂਣਦਾ ਰਿਹਾ ਸਗੋਂ, ਜਥੇਬੰਦ ਹੋ ਰਹੇ ਲੋਕਾਂ ਨੂੰ ਇਨਕਲਾਬੀ ਰਾਹ 'ਤੇ ਪਾਉਣ ਲਈ ਤਾਣ ਜੁਟਾਉਂਦਾ ਰਿਹਾ।

ਨੌਕਰੀ ਤੋਂ ਫਾਰਗ ਹੋਣ ਤੋਂ ਬਾਦ ਆਪਣੇ ਅੰਤਲੇ ਦਿਨਾਂ 'ਚ ਦਿਲ ਦੀ ਬਿਮਾਰੀ ਦੇ ਬਾਵਜੂਦ ਉਹ ਕਿਸਾਨ ਮੁਹਾਜ 'ਤੇ ਲਟ ਲਟ ਕਰਕੇ ਬਲਿਆ। ਨਾ ਸਿਰਫ ਉਸ ਨੇ ਜੇਠੂ ਕੇ ਦੇ ਬੱਸ ਕਿਰਾਇਆ ਘੋਲ, ਟਰਾਈਡੈਂਟ ਦੇ ਜਮੀਨੀ ਘੋਲ, ਚੱਠੇ ਵਾਲਾ ਦੇ ਕੁਰਕੀ ਵਿਰੋਧੀ ਘੋਲ ਅਤੇ ਬਿਜਲੀ ਬੋਰਡ ਦੇ ਨਿੱਜੀਕਰਨ ਵਿਰੋਧੀ ਘੋਲ ਵਰਗੇ ਅਹਿਮ ਕਿਸਾਨ ਘੋਲਾਂ 'ਚ ਉੱਭਰਵੀਂ ਆਗੂ ਭੂਮਿਕਾ ਨਿਭਾਈ, ਕਿਸਾਨ ਲਹਿਰ ਨੂੰ ਇਨਕਲਾਬੀ ਲੀਹਾਂ 'ਤੇ ਅੱਗੇ ਵਧਾਉਣ 'ਚ ਸਿਰ ਕੱਢ ਰੋਲ ਨਿਭਾਇਆ, ਸਗੋਂ ਅੰਮ੍ਰਿਤਸਰ ਜਿਲ੍ਹੇ ਦੇ ਆਬਾਦਕਾਰ ਕਿਸਾਨਾਂ ਦੇ ਜਮੀਨੀ ਹੱਕਾਂ ਲਈ ਜਾਨ-ਹੂਲਵੇਂ ਘੋਲਾਂ ਦੀ ਨਿਧੜਕ ਹੋ ਕੇ ਅਗਵਾਈ ਕੀਤੀ ਅਤੇ ਅੰਤ ਇਨ੍ਹਾਂ ਘੋਲਾਂ ਦੌਰਾਨ ਹੀ ਬਾਦਲ ਹਕੂਮਤ ਦੇ ਪਾਲੇ ਹੋਏ ਭੋਇੰ ਮਾਫੀਏ ਦੇ ਗੁੰਡਿਆਂ ਹੱਥੋਂ 16 ਫਰਵਰੀ 2010 ਨੂੰ ਸ਼ਹੀਦੀ ਪ੍ਰਾਪਤ ਕਰ ਗਿਆ।

ਭਰ ਜਵਾਨੀ ਦੀ ਉਮਰੇ ਜਦੋਂ ਉਸ ਨੇ ਓਮ ਪ੍ਰਕਾਸ਼ ਕੁੱਸੇ ਵਰਗੇ ਰੌਸ਼ਨ ਦਿਮਾਗ ਹਮਖਿਆਲਾਂ ਨਾਲ ਰਲਕੇ "ਜਾਗੋ" ਪਰਚਾ ਕੱਢਿਆ ਤੇ ਇਹਦੇ ਇਨਕਲਾਬੀ ਵਿਚਾਰਾਂ ਦੁਆਲੇ ਇਲਾਕੇ ਦੇ ਨੌਜਵਾਨਾਂ ਤੇ ਸਹਿਤਕਾਰਾਂ ਨੂੰ ਲਾਮਬੰਦ ਕਰਨ ਦਾ ਯਤਨ ਅਰੰਭਿਆ ਤਾਂ ਉਹਦਾ ਮੁੱਖ ਸਰੋਕਾਰ ਨੌਜਵਾਨਾਂ ਨੂੰ ਮੌਕਪ੍ਰਸਤ ਸਿਆਸਤ ਤੋਂ ਤੋੜ ਕੇ ਭਗਤ ਸਿੰਘ ਦੇ ਆਦਰਸ਼ਾਂ 'ਤੇ ਅਧਾਰਤ ਨੌਜਵਾਨ ਭਾਰਤ ਸਭਾ ਦੇ ਲੜ ਲਾਉਣਾ ਸੀ ਤੇ ਜਦੋਂ ਉਹ ਵਿਰ੍ਹਿਆਂਬੱਧੀ ਮੁਲਾਜ਼ਮ ਜਥੇਬੰਦੀਆਂ ਅੰਦਰ ਵੱਖ ਵੱਖ ਪੱਧਰਾਂ 'ਤੇ ਜੁੰਮੇਵਾਰੀ ਨਿਭਾਉਂਦਾ ਰਿਹਾ ਤਾਂ ਉਹਦਾ ਪੂਰਾ ਤਾਣ ਇਹਨਾਂ ਜਥੇਬੰਦੀਆਂ ਨੂੰ ਇਨਕਲਾਬੀ ਲੀਹਾਂ 'ਤੇ ਢਾਲਣ ਅਤੇ ਹੋਰਨਾ ਮਿਹਨਤਕਸ਼ ਤਬਕਿਆਂ ਨਾਲ ਇਹਨਾਂ ਦੀ ਜੋਟੀ ਪੁਆਉਣ 'ਤੇ ਕੇਂਦਰਤ ਰਿਹਾ। ਇਸ ਵਡੇਰੀ ਸੋਝੀ ਸਦਕਾ ਹੀ ਉਸ ਨੇ 1972 ਦੇ ਇਤਿਹਾਸਕ ਮੋਗਾ ਘੋਲ, 1979 ਦੇ ਰੰਧਾਵਾ ਘੋਲ, 1980 ਦੇ ਬੱਸ ਕਿਰਾਇਆ ਘੋਲ ਅਤੇ ਬੇਰੁਜਗਾਰ ਅਧਿਆਪਕਾਂ ਦੇ ਘੋਲ ਵਰਗੇ ਪੰਜਾਬ ਪੱਧਰੇ ਵੱਡੇ ਲੋਕ ਘੋਲਾਂ ਵਿੱਚ ਉੱਭਰਵੀਂ ਭੂਮਿਕਾ ਨਿਭਾਈ। ਇਸੇ ਸੋਝੀ ਸਦਕਾ ਹੀ ਉਸ ਨੇ ਔਰਤਾਂ ਦੀ ਮੁਕਤੀ ਲਈ, ਖੇਤ ਮਜਦੂਰਾਂ ਦੇ ਹੱਕਾਂ ਲਈ ਅਤੇ ਫਿਰਕਾਪ੍ਰਸਤੀ ਵਿਰੋਧੀ ਘੋਲਾਂ 'ਚ ਪੂਰੀ ਸ਼ਿੱਦਤ ਨਾਲ ਸ਼ਮੂਲੀਅਤ ਕੀਤੀ। ਬਿਨਾ ਸ਼ੱਕ ਅੱਜ ਸਾਧੂ ਸਿੰਘ ਜਿਸਮਾਨੀ ਤੌਰ 'ਤੇ ਸਾਡੇ ਵਿਚ ਨਹੀਂ ਰਿਹਾ ਪਰ ਉਸ ਦਾ ਇਨਕਲਾਬੀ ਹੋਕਾ ਜਿਉਂ ਦਾ ਤਿਉਂ ਬਰਕਰਾਰ ਹੈ, ਜਿਹੜਾ ਸੰਘਰਸ਼ਸ਼ੀਲ ਲੋਕਾਂ ਅਤੇ ਇਨਕਲਾਬੀ ਲਹਿਰ ਲਈ ਅਮੁੱਕ ਪ੍ਰੇਰਨਾ ਤੇ ਤਾਕਤ ਦਾ ਸੋਮਾ ਬਣਿਆ ਰਹਿ ਰਿਹਾ ਹੈ। ਅੱਜ 20 ਫਰਵਰੀ ਨੂੰ ਉਸਦੀ 6ਵੀਂ ਬਰਸੀ 'ਤੇ ਉਸਦੇ ਇਨਕਲਾਬੀ ਸੰਗੀ-ਸਾਥੀ, ਕਿਸਾਨ, ਖੇਤ ਮਜ਼ਦੂਰ, ਔਰਤਾਂ, ਨੌਜਵਾਨ ਤੇ ਮੁਲਾਜ਼ਮ ਭਾਰੀ ਗਿਣਤੀ 'ਚ ਉਸਦੇ ਜੱਦੀ ਪਿੰਡ ਤਖਤੂਪਰਾ ਪਹੁੰਚ ਕੇ ਇਨਕਲਾਬੀ ਸ਼ਰਧਾਂਜਲੀਆਂ ਭੇਂਟ ਕਰਨਗੇ ਅਤੇ ਉਨ੍ਹਾਂ ਦੀ ਯਾਦ 'ਚ ਉਸਾਰੀ ਗਈ ਸ਼ਹੀਦੀ ਲਾਟ ਤੇ ਯਾਦਗਾਰ ਨੂੰ ਲੋਕ-ਸਮੂਹ ਦੇ ਅਰਪਿਤ ਕਰਨਗੇ।

**ਪਾਵੇਲ ਕੁੱਸਾ, 94170 54015**

# "ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ" ਸਦਮਾ ਮੱਤ

**ਅਨੁਵਾਦ : ਬੂਟਾ ਸਿੰਘ**
**ਨੈਓਮੀ ਕਲਾਈਨ**
**(ਸਾਰ-ਅੰਸ਼-ਹਰੀਪਾਲ)**

ਇਸ ਕਿਤਾਬ ਦਾ ਸਾਰ ਅੰਸ਼ ਸ਼ੁਰੂ ਕਰਨ ਤੋਂ ਪਹਿਲਾਂ ਕਿਤਾਬ ਦੀ ਚੰਗੀ ਤਰ੍ਹਾਂ ਪੜ੍ਹਾਈ ਕਰਕੇ ਇਕ ਪਿੰਡ ਵਿਚ ਵਾਪਰੀ ਘਟਨਾ ਚੇਤੇ ਆ ਜਾਂਦੀ ਹੈ। ਇਕ ਪਿੰਡ ਵਿਚ ਇਕ ਜ਼ਿਮੀਦਾਰ ਸੀ ਜਿਸ ਦੇ ਕੋਲ ਚਾਲੀ ਕਿੱਲਿਆਂ ਦਾ ਇਕੱਠਾ ਟੱਕ ਸੀ। ਸਮੱਸਿਆ ਇਹ ਸੀ ਕਿ ਉਸ ਦਾ ਟੱਕ ਸੜਕ 'ਤੇ ਨਹੀਂ ਲੱਗਦਾ ਸੀ ਸਗੋਂ ਸੜਕ ਨਾਲ ਉਸਦੇ ਇੱਡੇ ਵੱਡੇ ਖੇਤ ਨੂੰ ਇਕ ਪਹੀ ਹੀ ਜਾਂਦੀ ਸੀ। ਉਸ ਜ਼ਿਮੀਦਾਰ ਦੇ ਖੇਤਰ ਅਤੇ ਸੜਕ ਦੇ ਵਿਚਾਲੇ ਇਕ ਹੋਰ ਕਿਸੇ ਗਰੀਬ ਜੱਟ ਦਾ ਚਾਰ ਕਿਲ੍ਹੇ ਦਾ ਖੇਤ ਸੀ। ਹੁਣ ਉਸ ਵੱਡੇ ਜ਼ਿਮੀਦਾਰ ਦੀ ਨਿਗਾਹ ਉਸ ਚਾਰ ਕਿਲ੍ਹਿਆਂ ਦੇ ਟੱਕ 'ਤੇ ਸੀ। ਪਹਿਲਾਂ ਤਾਂ ਉਸ ਨੇ ਉਸ ਛੋਟੇ ਖੇਤ ਵਾਲੇ ਵਾਲੇ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਕਿਸੇ ਹੋਰ ਪਾਸੇ ਵੱਟਾ ਸੱਟਾ ਕਰਨ ਦੀ ਤਾਂ ਕਿ ਉਹ ਜ਼ਿਮੀਦਾਰ ਸੜਕ 'ਤੇ ਲੱਗ ਜਾਵੇ ਪਰ ਉਹ ਛੋਟਾ ਜੱਟ ਨਾ ਮੰਨਿਆ। ਫਿਰ ਉਸ ਜੱਟ ਨੂੰ ਜ਼ਿਮੀਦਾਰ ਨੇ ਉਸ ਦੀ ਕੁੜੀ ਦੇ ਵਿਆਹ ਦੇ ਵਿਆਜੂ ਪੈਸੇ ਦੇ ਦਿੱਤੇ ਤੇ ਹੌਲੀ ਹੌਲੀ ਦੋ ਕੀਲੇ ਗਹਿਣੇ ਲਿਖਾ ਲਏ। ਫੇਰ ਉਸ ਜ਼ਿਮੀਦਾਰ ਨੇ ਗਰੀਬ ਜੱਟ ਦਾ ਮੁੰਡਾ ਆਪਣੇ ਹੱਥਾਂ 'ਤੇ ਚਾੜ੍ਹ ਲਿਆ ਕਿ ਉਹ ਕਿਸੇ ਬਾਹਰਲੇ ਦੇਸ਼ ਨੂੰ ਜਾਵੇ ਤੇ ਦਸ ਲੱਖ ਹੋਰ ਵਿਆਜੂ ਦੇ ਦਿੱਤਾ। ਮੁੰਡਾ ਬਾਹਰ ਟਰੈਵਲ ਏਜੰਟਾਂ ਨਾਲ ਕੱਚਾ ਗਿਆ ਸੀ। ਜਿਹੜਾ ਇਕਰਾਰਨਾਮੇ ਦੇ ਅਨੁਸਾਰ ਪੈਸੇ ਨਹੀਂ ਭੇਜ ਲਿਆ ਤੇ ਕੁਝ ਚਿਰ ਬਾਅਦ ਉਹ ਗਰੀਬ ਜੱਟ ਆਪਣੇ ਹੀ ਖੇਤ ਵਿਚ ਦਿਹਾੜੀ ਕਰਨ ਜਾਣ ਲੱਗ ਪਿਆ। ਦੇਸੀ ਲਫ਼ਜਾਂ ਦੇ ਵਿਚ ਇਹੀ ਸਦਮਾ ਸਿਧਾਂਤ ਹੈ। ਹਮੇਸ਼ਾ ਹੀ ਅਮੀਰ ਦੀ ਨਿਗ੍ਹਾ ਗਰੀਬ ਦੀ ਜ਼ਰ, ਜ਼ੋਰੂ ਅਤੇ ਜ਼ਮੀਨ 'ਤੇ ਰਹਿੰਦੀ ਹੈ।

ਹੁਣ ਆਪਾਂ ਨੈਓਮੀ ਦੇ ਸਦਮਾ ਮੱਤ ਵੱਲ ਵਾਪਸ ਮੁੜਦੇ ਹਾਂ। ਸੱਤਰਵਿਆਂ ਦੇ ਅਖੀਰ ਵਿਚ ਬਹੁਤ ਸਾਰੇ ਦੇਸ਼ਾਂ ਵਿਚ ਇਨਕਲਾਬੀ ਲਹਿਰਾਂ ਉਠ ਰਹੀਆਂ ਸਨ। ਮਾਰਕਸਵਾਦੀ ਲੈਨਿਨਵਾਦੀ ਵਿਚਾਰਧਾਰਾ ਨਾਲ ਲੈਸ ਇਹ ਗਰੁੱਪ ਕਈ ਮੁਲਕਾਂ ਵਿਚ ਗੁਰੀਲਾ ਲੜਾਈ ਲੜ ਰਹੇ ਸਨ। ਅਮਰੀਕਾ, ਵੀਅਤਨਾਮ ਅਤੇ ਕੰਬੋਡੀਆ ਵਰਗੇ ਦੇਸ਼ਾਂ ਦੀ ਲੜਾਈ ਵਿਚ ਉਲਝਿਆ ਹੋਇਆ ਸੀ ਅਤੇ ਰੂਸ ਅਤੇ ਚੀਨ ਵਰਗੀਆਂ ਮਹਾਂ ਸ਼ਕਤੀਆਂ ਨਾਲ ਠੰਡੀ ਜੰਗ ਲੜ ਰਿਹਾ ਸੀ। ਅਮਰੀਕਾ ਦੀ ਹਿੱਕ ਉਤੇ, ਕਿਊਬਾ ਵਿਚੋਂ, ਕਾਸਟਰੋ ਅਤੇ ਚੀ-ਗੁਵੇਰਾ ਦੀ ਅਗਵਾਈ ਵਿਚ ਕਮਿਊਨਿਸਟ ਗੁਰੀਲਿਆਂ ਨੇ ਅਮਰੀਕੀ ਸਰਮਾਏਦਾਰੀ ਦੇ ਏਜੰਟਾਂ ਨੂੰ ਭਜਾ ਦਿੱਤਾ ਸੀ। ਅਮਰੀਕਨ ਸਰਮਾਏਦਾਰੀ ਬੁਰੀ ਤਰ੍ਹਾਂ ਘਬਰਾ ਗਈ ਸੀ। ਇਸੇ ਹੀ ਸਮੇਂ ਵਿਚ ਖੁੱਲ੍ਹੀ ਮੰਡੀ ਦੇ ਸਿਧਾਂਤਕਾਰ ਮਿਲਟਨ ਫਰੀਡਮੈਨ ਨੇ ਸ਼ਿਕਾਗੋ ਸਕੂਲ ਦੀ ਸਥਾਪਨਾ ਕੀਤੀ। ਸ਼ਿਕਾਗੋ ਸਕੂਲ ਵਿਚ, ਗਰੀਬ ਮੁਲਕਾਂ ਦੇ ਵਿਦਿਆਰਥੀਆਂ ਨੂੰ ਖੁੱਲ੍ਹੀ ਮੰਡੀ ਦੀ ਸਿੱਖਿਆ ਦੇਣ ਲਈ ਅਤੇ ਉਨ੍ਹਾਂ ਨੂੰ ਸਮਾਜਵਾਦੀ ਵਿਚਾਰਧਾਰਾ ਦੇ ਉਲਟ ਤਿਆਰ ਕਰਨ ਲਈ, ਫਜ਼ੀਫੇ ਦੇ ਕੇ ਸੱਦਿਆ ਜਾਂਦਾ ਸੀ ਤਾਂ ਕਿ ਉਹ ਇਥੋਂ ਪੜ੍ਹ ਕੇ ਆਪਣੇ ਮੁਲਕਾਂ ਨੂੰ ਵਾਪਸ ਜਾਣ ਅਤੇ ਖੁੱਲ੍ਹੀ ਮੰਡੀ ਦਾ ਪ੍ਰਚਾਰ ਕਰਨ ਜਾਣੀ ਕਿ ਅਮਰੀਕੀ ਕਾਰਪੋਰੇਸ਼ਨਾਂ ਦੇ ਹੱਥ ਠੋਕੇ ਬਣਨ। ਸਦਮਾ-ਮੱਤ ਨੂੰ ਲਾਗੂ ਕਰਨ ਲਈ ਫਰੀਡਮੈਨ ਨੇ ਜਿਹੜੇ ਸੁਝਾਅ ਦਿੱਤੇ :

1. ਕਿਸੇ ਮੁਲਕ ਦੇ ਫੌਜੀ ਜਰਨੈਲ ਨੂੰ ਗੰਢ ਕੇ ਲੋਕਪੱਖੀ ਸਰਕਾਰ ਦਾ ਤਖਤਾ ਉਲਟਾਉਣਾ ਅਤੇ ਉਸ ਫੌਜੀ ਤਾਨਾਸ਼ਾਹ ਦੀ ਅਗਵਾਈ ਵਿਚ ਸਦਮਾ ਮੱਤ ਲਾਗੂ ਕਰਨਾ।

2. ਕਿਸੇ ਕੁਦਰਤੀ ਆਫ਼ਤ ਦਾ ਲਾਹਾ ਲੈਣਾ, ਭੁਚਾਲ ਜਾਂ ਸੁਨਾਮੀ ਦੀ ਹਾਲਤ ਵਿਚ ਜਦੋਂ ਲੋਕ ਬੁਰੀ ਤਰ੍ਹਾਂ ਡਰੇ ਹੁੰਦੇ ਹਨ, ਉਦੋਂ ਆਪਣੀ ਮਰਜ਼ੀ ਦੇ ਕਾਨੂੰਨ ਲਾਗੂ ਕਰਵਾਉਣੇ।

3. ਸਟੌਕ ਮਾਰਕੀਟ ਵਿਚੋਂ ਪੈਸਾ ਕੱਢ ਕੇ ਮੁਲਕ ਨੂੰ ਗੋਡਿਆਂ ਭਾਰ ਕਰ ਦੇਣਾ ਅਤੇ ਜਦੋਂ ਮੁਲਕ ਮਦਦ ਮੰਗੇ ਉਦੋਂ ਸਦਮਾ ਮੱਤ ਲਾਗੂ ਕਰਵਾਉਣਾ।

4. ਕਿਸੇ ਮੁਲਕ ਵਿਚ ਅੰਦਰੂਨੀ ਗੜਬੜ ਕਰਾ ਕੇ, ਮਦਦ ਦੇ ਬਹਾਨੇ, ਰਾਜ ਪ੍ਰਮੁੱਖ ਤੋਂ ਸਦਮਾ ਮੱਤ ਲਾਗੂ ਕਰਾਉਣਾ। ਵਰਲਡ ਬੈਂਕ ਆਈ.ਐਮ. ਐਫ. ਅਮਰੀਕਣ ਸਰਕਾਰ, ਇਨ੍ਹਾਂ ਤਿੰਨਾਂ ਦੀ ਜੁੰਡਲੀ ਸਦਮਾ-ਮੱਤ ਲਾਗੂ ਕਰਦੀ/ਕਰਾਉਂਦੀ ਹੈ।

ਸਦਮਾ ਮੱਤ ਹੈ ਕੀ ?

1. ਸਰਕਾਰਾਂ ਨੂੰ ਮੁਨਾਫ਼ਾ ਬਟੋਰਨ ਵਾਲੇ ਸਾਰੇ ਅੜਿੱਕੇ ਖਤਮ ਕਰ ਹੋਣਗੇ ਤਾਂ ਕਿ ਕਾਰਪੋਰੇਸ਼ਨਾਂ ਦੇ ਮੁਨਾਫ਼ੇ 'ਚ ਕੋਈ ਰੁਕਾਵਟ ਨਾ ਰਹੇ।

2. ਸਰਕਾਰਾਂ ਨੂੰ ਆਪਣੇ ਸਾਰੇ ਆਸਾਸੇ ਵੇਚਣੇ ਹੋਣਗੇ।

3. ਸਾਰੇ ਹੀ ਸਮਾਜਿਕ ਕੰਮਾਂ ਵਿਚ ਦਿੱਤੀਆਂ ਸਬਸਿਡੀਆਂ ਖਤਮ ਕਰਨੀਆਂ ਹੋਣਗੀਆਂ।

4. ਸਰਕਾਰੀ ਕਾਰਪੋਰੇਸ਼ਨਾਂ ਦਾ ਨਿੱਜੀਕਰਨ ਕੀਤਾ ਜਾਵੇਗਾ।

5. ਅਮੀਰ ਅਤੇ ਗਰੀਬ ਲਈ ਇਕੋ ਹੀ ਟੈਕਸ ਦਰ ਲਾਗੂ ਕੀਤਾ ਜਾਵੇਗਾ।

6. ਬਾਰਡਰਾਂ (ਸਰਹੱਦਾਂ) ਤੋਂ ਪਾਬੰਦੀਆਂ ਹਟਾ ਕੇ ਸਮਾਨ ਅਤੇ ਕਰੰਸੀ ਦੀ ਮੂਵ ਕਰਨ ਦੀ ਖੁੱਲ੍ਹ ਹੋਵੇਗੀ।

7. ਆਖਿਰ ਵਿਚ ਲੋਕਾਂ ਦੀ ਜ਼ਮੀਨ ਹੜੱਪ ਕੇ, ਥੋੜ੍ਹਾ ਜਾਂ ਘੱਟੋ-ਘੱਟ ਮੁਆਵਜ਼ਾ ਦੇ ਕੇ, ਕਾਰਪੋਰੇਸ਼ਨਾਂ ਨੂੰ ਕੌਡੀਆਂ ਦੇ ਭਾਅ ਜ਼ਮੀਨ ਦੇਣੀ ਹੋਵੇਗੀ।

ਜਦੋਂ ਨਿਊਓਰਲੀਨਜ ਵਿਚ ਕੈਟਰੀਨਾਂ ਤੂਫ਼ਾਨ ਆਇਆ ਜਾਂ ਹੁਣ ਤਾਂ ਇਥੋਂ ਤੱਕ ਵੀ ਕਿਹਾ ਜਾਂਦਾ ਹੈ ਕਿ ਸਮੁੰਦਰੀ ਬੰਨ ਨੂੰ ਆਪ ਹੀ ਰੋੜ੍ਹਿਆ ਗਿਆ ਤਾਂ ਸਦਮਾ ਮੱਤ ਨੂੰ ਲਾਗੂ ਕਰਨ ਦਾ ਬੜਾ ਵਧੀਆ ਮੌਕਾ ਲੱਗਿਆ। ਨਿਊਓਰਲੀਨਜ ਵਿਚ ਅਧਿਆਪਕਾਂ ਦੀ ਬਹੁਤ ਤਕੜੀ ਜਥੇਬੰਦੀ ਸੀ ਅਤੇ ਹੋਰ ਵੀ ਪਬਲਿਕ ਅਦਾਰਿਆਂ ਦੇ ਮੁਲਾਜ਼ਮ ਜਥੇਬੰਦ ਸਨ। ਜਦ ਕੈਟਰੀਨਾਂ ਨੇ ਨਿਊਓਰਲੀਨਜ ਵਿਚ ਪਾਣੀ ਭਰ ਦਿੱਤਾ ਤਾਂ ਲੋਕਾਂ ਦੇ ਘਰ, ਸਕੂਲ ਅਤੇ ਪਬਲਿਕ ਥਾਵਾਂ ਤਬਾਹ ਹੋ ਗਈਆਂ। ਸਭ ਨੀਵੇਂ ਥਾਂ ਪਾਣੀ ਨਾਲ ਭਰ ਗਏ। ਫਰੀਡਮੈਨਟ ਨੇ ਇਸ ਮੌਕੇ ਦਾ ਖੂਬ ਫਾਇਦਾ ਉਠਾਇਆ। ਲੋਕਾਂ ਦੇ ਘਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਗਈ ਸਗੋਂ 70% ਪ੍ਰਾਈਵੇਟ ਸਕੂਲ ਉਸਾਰੇ ਗਏ ਅਤੇ ਟੀਚਰਜ਼ ਯੂਨੀਅਨ ਦੀ ਤਾਕਤ ਖਤਮ ਕਰ ਦਿੱਤੀ ਗਈ। ਇਸ ਤਰ੍ਹਾਂ ਹੀ ਦੂਜੀਆਂ ਜਨਤਕ ਥਾਵਾਂ ਦੇ ਮੁਲਾਜ਼ਮਾਂ ਦੀ ਛੁਟੀ ਕਰ ਦਿੱਤੀ ਗਈ। ਜਦੋਂ ਗਰੀਬ ਕਾਲੇ ਲੋਕ ਘਰਾਂ ਦੀਆਂ ਛੱਤਾਂ 'ਤੇ ਖੜ੍ਹੇ ਮਦਦ ਦੀ ਉਡੀਕ ਕਰ ਰਹੇ ਸਨ ਉਸ ਵਕਤ ਅਮੀਰ ਗੋਰੇ, ਉਚੀਆਂ ਥਾਵਾਂ ਜਾਂ ਹਾਈ ਪੁਆਇਟ ਕਲੱਬਾਂ 'ਚ ਟੈਕਸ ਪੇਅਰਜ਼ ਦੇ ਪੈਸੇ ਨਾਲ ਐਸ਼ ਕਰ ਰਹੇ ਸਨ। ਲਗਦਾ ਹੀ ਨਹੀਂ ਸੀ ਜਾਂ ਸੱਚ ਹੀ ਨਹੀਂ ਸੀ ਆਉਂਦਾ ਕਿ ਅਮਰੀਕਾ ਆਪਣੇ ਸ਼ਹਿਰੀਆਂ ਨਾਲ ਇਹੋ ਜਿਹਾ ਸਲੂਕ ਵੀ ਕਰ ਸਕਦਾ ਹੈ।

1970 ਵਿਚ ਸਲਵਡੋਰ ਅਲੈਂਡੇ ਨੇ ਚਿੱਲੀ ਦੀਆਂ ਚੋਣਾਂ ਜਿੱਤੀਆਂ ਜੋ ਕਿ ਇਕ ਮਾਰਕਸਵਾਦੀ ਸੀ। ਉਸ ਨੇ ਲੋਕਾਂ ਨਾਲ ਵਾਅਦਾ ਕੀਤਾ ਕਿ ਜਿਹੜੀਆਂ ਵੀ ਅਹਿਮ ਆਰਥਿਕ ਖੇਤਰ ਦੀਆਂ ਦੇਸੀ ਜਾਂ ਵਿਦੇਸੀ ਪ੍ਰਾਈਵੇਟ ਕੰਪਨੀਆਂ ਹਨ ਇਨ੍ਹਾਂ ਦਾ ਕੌਮੀ ਕਰਨ ਕਰ ਦਿੱਤਾ ਜਾਵੇਗਾ। ਅਮਰੀਕਾ ਦੀ 20% ਇਨਵੈਸਟਮੈਂਟ ਕੱਚੇ ਚਿੱਲੀ ਵਿਚ ਸੀ। ਜੇਕਰ ਅਮਰੀਕਾ ਦੀ ਖਾਣਾ ਖੋਦਣ ਵਾਲੀ ਕੰਪਨੀ (ਤਾਂਬੇ ਦੀ) ਨੇ ਇਕ ਅਰਬ ਡਾਲਰ ਦਾ ਪੂੰਜੀ ਨਿਵੇਸ਼ ਕੀਤਾ ਸੀ ਤਾਂ ਇਸ ਨੇ 7 ਅਰਬ ਡਾਲਰ ਮੁਨਾਫ਼ੇ ਦਾ ਅਮਰੀਕਾ ਭੇਜ ਦਿੱਤਾ ਸੀ। ਅਮਰੀਕਾ ਨੇ ਫੌਜ ਦੇ ਜਰਨੈਲ ਪਿਨੋਚੇ ਨੂੰ ਉਕਸਾਕੇ ਚਿੱਲੀ ਦਾ ਰਾਜ ਪਲਟਾ (1773 'ਚ) ਕਰਵਾ ਦਿੱਤਾ, ਅਲੈਂਡੇ ਨੂੰ ਸਾਥੀਆਂ ਸਮੇਤ ਮਹਿਲ ਵਿਚ ਹੀ ਕਤਲ ਕਰਵਾ ਦਿੱਤਾ। ਨੋਬਲ ਪਰਾਈਜ ਜੇਤੂ ਪਾਬਲੋ ਨੈਰੂਦਾ ਨੂੰ ਅੰਤਾਂ ਦੇ ਤਸੀਹੇ ਦੇ ਕੇ ਮਰਵਾ ਦਿੱਤਾ ਗਿਆ। ਲੋਕ ਗਾਇਕ ਵਿਕਟਰ ਗਾਗਾ ਨੂੰ ਫੁੱਟਬਾਲ ਦੇ ਗਰਾਊਂਡ ਵਿਚ ਲਿਜਾਇਆ ਗਿਆ ਤੇ ਉਥੇ ਉਸਦੀਆਂ ਉਂਗਲਾਂ ਵੱਡ ਦਿੱਤੀਆਂ ਗਈਆਂ ਤਾਂ ਕਿ ਉਹ ਬਲੀਡ ਹੋ ਕੇ ਮਰੇ। ਦੇਸ਼ ਵਿਚੋਂ ਸਾਰੇ ਹੀ ਅਗਾਂਹਵਧੂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਪੁਰਾਣੀਆਂ ਥਾਵਾਂ ਵਿਚ ਸੁੱਟ ਦਿੱਤਾ ਗਿਆ। ਟੈਲੀਫੋਨ, ਸਿਹਤ ਸੇਵਾਵਾਂ ਤੇ ਹੋਰ ਸਮਾਜਿਕ ਸੰਸਥਾਵਾਂ ਦਾ ਨਿੱਜੀਕਰਨ ਕਰ ਦਿੱਤਾ ਗਿਆ। ਪਬਲਿਕ ਅਦਾਰਿਆਂ ਵਿਚ ਕੰਮ ਕਰਨ ਵਾਲੇ ਹਜ਼ਾਰਾਂ ਹੀ ਮਜ਼ਦੂਰਾਂ ਨੂੰ ਘਰਾਂ ਨੂੰ ਤੋਰ ਦਿੱਤਾ ਗਿਆ। ਸ਼ਿਕਾਗੋ ਸਕੂਲ ਦੇ ਮੁੰਡੇ ਲਿਆ ਕੇ ਪਨੋਚੇ ਦੇ ਸਲਾਹਕਾਰ ਲਗਾਏ ਗਏ।

ਇੰਡੋਨੇਸ਼ੀਆ ਵਿਚ (1965) ਮਾਰਕਸਵਾਦੀ ਸ਼ੁਕਾਰਨੋਂ ਦੀ ਸਰਕਾਰ ਦਾ ਤਖਤਾ ਜਨਰਲ ਸੁਹਾਰਟੋ ਤੋਂ ਪਲਟਾ ਦਿੱਤਾ ਗਿਆ। ਡਾ. ਸ਼ੁਕਾਰਨੋ ਅਤੇ ਲੱਖਾਂ ਦੀ ਗਿਣਤੀ ਵਿਚ ਕਮਿਊਨਿਸਟ ਕਾਰਕੁੰਨ ਸ਼ਹੀਦ ਕਰ ਦਿੱਤੇ ਗਏ। ਸਰਕਾਰੀ ਰਿਪੋਰਟਾਂ ਵਿਚ ਇਨ੍ਹਾਂ ਦੀ ਗਿਣਤੀ ਪੰਜ ਲੱਖ ਸੀ, ਪਰ ਗੈਰ ਸਰਕਾਰੀ ਰਿਪੋਰਟ ਅਨੁਸਾਰ ਦਸ ਲੱਖ ਲੋਕ ਮਾਰੇ ਗਏ। ਇਥੇ ਵੀ ਸਰਕਾਰੀ ਸਮਾਜਿਕ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਅਮਰੀਕਨ ਕੰਪਨੀਆਂ ਨੂੰ ਕੰਟਰੋਲ ਸੰਭਾਲ ਲਿਆ ਗਿਆ। ਇਹੀ ਕਹਾਣੀ ਅਰਜਨਟਾਈਨਾ ਅਤੇ ਬ੍ਰਾਜੀਲ ਵਿਚ ਦੁਹਰਾਈ ਗਈ। ਅਰਜਨਟਾਈਨਾਂ ਵਿਚ ਫੋਰਡ ਫੈਕਟਰੀ ਵਿਚ ਯੂਨੀਅਨ ਵਰਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਫਿਰ ਦਹਿਸ਼ਤ ਪਾਉਣ ਲਈ ਸਾਰੇ ਵਰਕਰਾਂ ਸਾਹਮਣੇ ਘੁਮਾਇਆ ਜਾਂਦਾ, ਉਸ ਤੋਂ ਬਾਅਦ ਗਾਇਬ ਕੀਤਾ ਜਾਂਦਾ। ਅਮਰੀਕਨ ਕੰਪਨੀਆਂ ਨੂੰ ਟੈਕਸਾਂ ਤੋਂ ਛੋਟਾਂ ਦੇ ਕੇ, ਤਾਂਬਾ, ਨਿਕਲ ਲੱਕੜ, ਰਬੜ ਦੀ ਸੌ ਪ੍ਰਤੀਸ਼ਤ ਮਾਲਕੀ ਦਿੱਤੀ ਗਈ।

ਦੱਖਣੀ ਅਫ਼ਰੀਕਾ ਵਿਚ ਜਦੋਂ ਏ.ਐਨ.ਸੀ. ਪਾਵਰ ਵਿਚ ਆ ਗਈ ਤਾਂ ਇਹ ਆਵਦਾ ਕੋਈ ਵੀ ਆਵਦਾ ਜਿਵੇਂ ਜ਼ਮੀਨ ਦੀ ਵੰਡ, ਗਰੀਬਾਂ ਨੂੰ ਘਰ ਬਣਾਉਣੇ, ਮੁਫ਼ਤ ਪਾਣੀ, ਘੱਟੋ ਘੱਟ ਉਜਰਤ ਵਿਚ ਵਾਧਾ ਪੂਰਾ ਨਾ ਕਰ ਸਕੀ। ਕਿਉਂਕਿ ਨਸਲਵਾਦੀ ਬੋਥਾ ਦੀ ਸਰਕਾਰ ਨੇ ਵਿਤਕਰਾ ਨੀਤੀ ਖਤਮ ਕਰਨ ਤੋਂ ਪਹਿਲਾਂ ਏ. ਐਨ. ਸੀ. ਦੇ ਹੱਥ ਵੱਢ ਦਿੱਤੇ ਸਨ। ਬੋਥਾ ਨੇ ਨੈਲਸਨ ਮੰਡੇਲੇ ਨੂੰ ਮੰਨਾ ਲਿਆ ਸੀ ਕਿ ਕੇਂਦਰੀ ਬੈਂਕ ਦਾ ਗਵਰਨਰ ਨਹੀਂ ਬਦਲਿਆ ਜਾਵੇਗਾ ਤੇ ਗੋਰੀ ਅਫ਼ਸਰਸ਼ਾਹੀ ਦੀਆਂ ਪੈਨਸ਼ਨਾਂ ਨੂੰ ਟੱਚ ਨਹੀਂ ਕੀਤਾ ਜਾਵੇਗਾ। ਹੁਣ ਜਦੋਂ ਏ. ਐਨ. ਸੀ. ਸੱਤਾ ਵਿਚ ਆ ਗਈ ਤਾਂ ਜੇਕਰ ਇਹ ਕੋਈ ਵੀ ਕੰਮ ਕਰਨ ਲੱਗਦੀ ਤਾਂ ਸੱਟੇ ਵਾਲੇ ਅਮਰੀਕਨ ਅਤੇ ਯੂਰਪੀਅਨ ਸਟਾਕ ਮਾਰਕੀਟ ਵਿਚੋਂ ਪੈਸਾ ਕੱਢ ਕੇ ਅਫਰੀਕੀ ਕਰੰਸੀ ਰੈਂਡ ਦੀ ਕੀਮਤ ਘਟਾ ਦਿੰਦੇ। ਸ਼ੇਰਾਂ ਨਾਲ ਖੇਡਣ ਵਾਲਾ ਨੈਲਸਨ ਮੰਡੇਲਾ ਇਨ੍ਹਾਂ ਨੇ ਸਮਝੌਤੇ ਦੀ ਮੇਜ ਤੇ ਇੰਨਾ ਝੁਕਾਅ ਦਿੱਤਾ ਕਿ ਉਸ ਨੇ ਸਰਮਾਏਦਾਰਾਂ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ। ਅੱਜ ਅਫਰੀਕੀ ਕਾਲਿਆਂ ਕੋਲ ਵੋਟ ਪਾਉਣ ਦੀ ਆਜ਼ਾਦੀ ਹੈ, ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਦੀ ਆਜ਼ਾਦੀ ਹੈ, ਪਰ ਆਰਥਿਕ ਤੌਰ 'ਤੇ ਉਨ੍ਹਾਂ ਦੀ ਹਾਲਤ ਮੰਗਤਿਆਂ ਤੋਂ ਵੀ ਭੈੜੀ ਹੈ। ਉਹ ਸ਼ਰੇਆਮ ਕਹਿੰਦੇ ਹਨ ਕਿ ਮੰਡੇਲੇ ਅਤੇ ਏ. ਐਨ. ਸੀ. ਨੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਖੋਭਿਆ ਹੈ। ਨਸਲੀ ਵਿਤਕਰੇ ਵਿਰੁੱਧ ਕਮੇਟੀ ਦੇ ਇਕ ਘੁਲਾਟੀਏ ਨੇ ਬੜੇ ਤਿੱਖੇ ਸ਼ਬਦਾਂ ਵਿਚ ਕਿਹਾ ਹੈ ਕਿ "ਉਨ੍ਹਾਂ ਨੇ ਸਾਨੂੰ ਕਦੇ ਵੀ ਮੁਕਤ ਨਹੀਂ ਕੀਤਾ, ਉਨ੍ਹਾਂ ਸਿਰਫ਼ ਇਹ ਕੀਤਾ ਕਿ ਸਾਡੀ ਗਰਦਨ ਤੋਂ ਸੰਗਲ ਲਾਹ ਕੇ ਸਾਡੇ ਗਿੱਟਿਆਂ ਨੂੰ ਪਾ ਦਿੱਤਾ ਹੈ।" ਇਕ ਮਨੁੱਖੀ ਅਧਿਕਾਰ ਕਾਰਕੁੰਨ ਦੇ ਸ਼ਬਦਾਂ ਵਿਚ "ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਸਿਆਸੀ ਤਾਕਤ ਹੋਵੇਗੀ ਪਰ ਅਸਲੀ ਰਾਜ ਕਿਸੇ ਹੋਰ ਥਾਂ ਤੋਂ ਕੰਮ ਕਰੇਗਾ।"

ਰੂਸੀ ਪ੍ਰਧਾਨ ਗੋਰਬਾਚੋਵ ਆਪਣੀ ਪਤਨੀ ਰਾਈਸਾ ਗੋਰਬਾਚੋਵ ਨਾਲ ਜਦ ਲੰਡਨ ਗਿਆ। ਲੰਡਨ ਵਿਚ ਰਾਈਸਾ ਗੋਰਬਾਚੋਵ ਨੇ ਅਮਰੀਕਨ ਐਕਸਪ੍ਰੈਸ ਕਾਰਡ ਤੇ ਬੜੇ ਮਹਿੰਗੇ ਟੌਪਸ ਖਰੀਦੇ। ਜਦ ਮਾਰਗਰੇਟ ਥੈਚਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਝੱਟ ਰੇਗਨ (ਉਸ ਸਮੇਂ ਅਮਰੀਕਾ ਦਾ ਪ੍ਰਧਾਨ) ਨੂੰ ਫੋਨ ਕਰਕੇ ਇਹ ਖੁਸ਼ਖਬਰੀ ਦਿੱਤੀ ਕਿ ਰੂਸ ਦੇ ਪ੍ਰਧਾਨ ਦੀ ਪਤਨੀ ਦੇ ਸ਼ੌਕ ਅਮੀਰਾਂ ਵਾਲੇ ਹਨ, ਇਨ੍ਹਾਂ ਨੂੰ ਗੁੰਮਰਾਹ ਕਰਨਾ ਬੜਾ ਸੌਖਾ ਹੈ। ਗੋਰਬਾਚੋਵ ਦੀ ਸਕੀਮ ਸੀ ਕਿ ਰੂਸ ਵਿਚ ਹੌਲੀ ਹੌਲੀ ਸਕੈਂਚਨੇਵੀਅਨ ਦੇਸ਼ਾਂ ਵਰਗਾ ਸਮਾਜਵਾਦ ਲਾਗੂ ਕਰਨਾ ਪਰ ਅਮਰੀਕਨ ਬਹੁਤ ਕਾਹਲੇ ਸਨ। ਇਨ੍ਹਾਂ ਨੇ ਝੱਟ ਬੋਰਿਸ ਯੈਲਸਿਨ ਤੇ ਗੁਣਾਂ ਪਾ ਕੇ ਗੋਰਬਾਚੋਵ ਨੂੰ ਪਾਸੇ ਕਰਕੇ ਸਦਮਾ ਸਿਧਾਂਤ ਲਾਗੂ ਕਰ ਦਿੱਤਾ। ਰੂਸ ਦੇ ਟੋਟੇ ਕਰ ਦਿੱਤੇ। ਰੂਸੀਆ ਵਿਚ ਦੇਸ਼ ਭਗਤੀ ਜਗਾਉਣ ਲਈ ਚੇਚਨੀਆ ਨਾਲ ਲੜਾਈ ਕਰਾ ਦਿੱਤੀ। ਇਕ ਮਹਾਂਸ਼ਕਤੀ ਰੂਸ ਦੇ ਲੋਕਾਂ ਦੀ ਹਾਲਤ ਇਹ ਹੋ ਗਈ ਕਿ ਉਹ ਰੋਟੀ ਖਾਤਰ ਘਰ ਦੇ ਕੁੱਤੇ, ਬਿਲੀਆਂ ਤੱਕ ਵੇਚਣ ਲਈ ਮਜਬੂਰ ਹੋ ਗਏ। ਰੂਸ ਦੇ ਰੂਬਲ ਦੀ ਕੀਮਤ ਕਾਗਜ਼ਾਂ ਬਰਾਬਰ ਹੋ ਗਈ ਪਰ ਇਕ ਗੱਲਰੂਸੀ ਵਧੀਆ ਕਰ ਗਏ ਕਿ ਉਨ੍ਹਾਂ ਨੇ ਜਨਤਕ ਕੰਪਨੀਆਂ ਸਿਰਫ਼ ਰੂਸੀਆਂ ਨੂੰ ਹੀ ਲੈਣ ਦਿੱਤੀਆਂ। ਇਹੀ ਕਾਰਨ ਹੈ ਕਿ ਰੂਸ ਬਾਅਦ ਵਿਚ ਸੰਭਲ ਗਿਆ ਅਤੇ ਅੱਜ ਇਨ੍ਹਾਂ ਨੂੰ ਅੱਖਾਂ ਦਿਖਾ ਰਿਹਾ ਹੈ।

ਚੀਨ ਵਿਚ "ਡੈਂਗ ਸਿਆਉ ਪਿੰਗ' ਦੀ ਜੁੰਡਲੀ ਨੇ ਖੁਦ ਫਰੀਡਮੈਨ ਨੂੰ ਖੁੱਲ੍ਹੀ ਮੰਡੀ ਦੀ ਸਿੱਖਿਆ ਦੇਣ ਲਈ ਸੱਦਿਆ। ਇਹ ਖੁੱਲ੍ਹੀ ਮੰਡੀ ਦੀ ਸੋਚ ਦੀ ਹੀ ਕਿਰਪਾ ਹੈ ਕਿ ਚੀਨ ਵਿਚ 'ਤਿਅਨਮਿਨ' ਸੁਕੇਅਰ ਵਾਪਰਿਆ ਤੇ ਕਿੰਨੇ ਹੀ ਵਿਦਿਆਰਥੀਆਂ ਤੇ ਹੋਰ ਸਿਆਸੀ ਕਾਰਕੁੰਨਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ। ਬੇਸ਼ੱਕ ਅੱਜ ਚੀਨ ਦੁਨੀਆ ਦੀ ਆਰਥਿਕ ਮਹਾਂਸ਼ਕਤੀ ਹੈ ਪਰ ਚੀਨ ਵਿਚ ਗਰੀਬ ਅਮੀਰ ਦਾ ਪਾੜਾ ਬਹੁਤ ਵਧ ਗਿਆ ਹੈ। ਜੇਕਰ ਚੀਨ ਵਿਚ ਇਕ ਨਵਾਂ ਅਰਬਪਤੀ ਪੈਦਾ ਹੁੰਦਾ ਹੈ ਤਾਂ ਹਜ਼ਾਰਾਂ ਹੀ ਲੋਕ ਘਰਾਂ ਤੋਂ ਬੇਘਰ ਵੀ ਹੋ ਜਾਂਦੇ ਹਨ।

## ਬੰਮ ਭੋਲੇ ਭੰਡਾਰ ਭਰਣਗੇ

(ਕਾਵਿ-ਵਿਅੰਗ)



ਨਾਲ ਮਨਿਸਟਰ ਯਾਰੀ ਲਾਓ,
ਨਾਲ ਅਫਸਰਾਂ ਆੜੀ ਪਾਓ,
ਦੋ ਨੰਬਰ ਦਾ ਕੰਮ ਚਲਾਓ,
ਧਨ ਨਾਲ ਅੰਦਰ ਬਾਹਰ ਭਰਣਗੇ ।
ਬੰਮ ਭੋਲੇ ਭੰਡਾਰ ਭਰਣਗੇ।
ਮੁੰਡੇ ਜੇ ਅਫਸਰ ਬਣਾਉਣੇ,
ਪੈਣੇ ਤਿਕੜਮ ਕਈ ਲੜਾਉਣੇ,
ਵਿੱਚ ਟੈਸਟਾਂ ਹੇਰਾ ਫੇਰੀ,
ਮਾਇਆ ਕਰਨੀ ਪੈਣੀ ਢੇਰੀ,
ਬੰਨੇ ਸਾਰੇ ਪਾਰ ਕਰਣਗੇ,
ਬੰਮ ਭੋਲੇ ਭੰਡਾਰ ਭਰਣਗੇ।
ਰਿਸ਼ਵਤ ਦੇ ਕੇ ਅਫਸਰ ਲੱਗੋ,
ਅਫਸਰ ਬਣ ਲੋਕਾਂ ਨੂੰ ਠੱਗੋ,
ਰਿਸ਼ਵਤ ਲੈਣ ਦੇ ਰਸਤੇ ਲੱਭੋ,
ਤਾਂ ਹੀ ਘਰ ਬਾਹਰ ਭਰਣਗੇ ,
ਬੰਮ ਭੋਲੇ ਭੰਡਾਰ ਭਰਣਗੇ।
ਗ੍ਰਹਿ ਮੰਤਰੀ ਨਾਲ ਜੇ ਯਾਰੀ,
ਪੁਲਸ ਭਰੂਗੀ ਪਾਣੀ ਸਾਰੀ,
ਨਸ਼ਿਆਂ ਦਾ ਦਰਿਆ ਵਗਾਓ,
ਮਾਇਆ ਦੀ ਫਿਰ ਭੁੱਖ ਮਿਟਾਓ,
ਨੋਟ ਹੀ ਬੇੜਾ ਪਾਰ ਕਰਣਗੇ।
ਬੰਮ ਭੋਲੇ ਭੰਡਾਰ ਭਰਣਗੇ।
ਏਜੰਸੀ ਕੀੜੇ ਮਾਰ ਦੀ ਲੈ ਲਓ,
ਨਕਲੀ ਕਾਰੋਬਾਰ ਦੀ ਲੈ ਲਓ,
ਪੂਰੇ ਚੋਰ ਬਜ਼ਾਰ ਦੀ ਲੈ ਲਓ,
ਧਨ ਦੇ ਫਿਰ ਅੰਬਾਰ ਲੱਗਣਗੇ,
ਬੰਮ ਭੋਲੇ ਭੰਡਾਰ ਭਰਣਗੇ।

**ਹਰਜੀਤ ਬੇਦੀ**
647-924-9087

## ਵਹਿਮ ਦਾ ਉਂਝ ਤਾਂ

ਕੋਈ ਇਲਾਜ ਨੀ ਹੁੰਦਾ
ਪਰ ਹੁਣ ਤਾਂ ਤੁਹਾਡਾ ਭੁਲੇਖਾ
ਦੂਰ ਹੋ ਜਾਣਾ ਚਾਹੀਦੈ
ਕਿ ਅਸੀਂ ਘੱਟ-ਗਿਣਤੀ ਜਾਂ ਬਹੁ-ਗਣਤੀ 'ਚ...
ਕੋਈ ਫ਼ਰਕ ਨਹੀਂ ਕਰਦੇ
ਨਹੀਂ ਹੈ ਸਾਡੇ ਲਈ ਕੋਈ ਊਚ ਨੀਚ
ਨਾ ਹੀ ਸਾਡਾ ਕਿਸੇ
ਖ਼ਾਨ, ਸਿੰਘ, ਮਸੀਹ, ਕੁਮਾਰ ਨਾਲ ਵੈਰ
ਬਸ ਗੁੱਸਾ ਜਿਹਾ ਆ ਜਾਂਦੈ
ਜਦੋਂ ਕੋਈ ਥੋਨੂੰ ਗੁਲਾਮ ਹੋਣ ਦਾ
ਅਹਿਸਾਸ ਕਰਾਉਣ ਲੱਗ ਜਾਂਦੈ
ਸਮਝਾਉਣ ਲਗਦੈ ਆਜ਼ਾਦੀ ਦੇ ਮਾਅਨੇ
ਸਾਡੇ ਬੁਣੇ ਮੱਕੜ ਜਾਲ ਨੂੰ
ਪਾੜ੍ਹਨ ਸਾੜਨ ਦੀ ਗੱਲ ਕਰਦੈ
ਫੇਰ ਸਾਡੇ ਤੋਂ ਨਹੀਂ ਹੁੰਦਾ ਬਰਦਾਸ਼ਤ
ਥੁਆਡਾ ਇਹ 'ਅਖੌਤੀ ਆਜ਼ਾਦੀ' ਵਾਲਾ
ਕੰਨ ਪਾੜਵਾਂ ਸ਼ੋਰ
ਇਸੇ ਕਰਕੇ ਅਸੀਂ ਗੱਡ ਦਿੱਤੇ ਨੇ
ਬਿਲਿਡੰਗਾਂ ਤੇ 'ਅਸਲੀ ਆਜ਼ਾਦੀ' ਵਾਲੇ ਝੰਡੇ
ਪਰ ਯਾਦ ਰੱਖਿਉ
ਜੇ ਸਾਡੀ ਬਖਸ਼ੀ ਆਜਾਦੀ ਤੇ ਖੁਸ਼ ਨਾ ਹੋਏ
ਤਾਂ ਅਗਲੀ ਵਾਰੀ ਇਹ ਝੰਡੇ
ਥੋਡੀ ਹਿੱਕ ਤੇ ਗੱਡਾਂਗੇ।

**-ਗੁਰਤੇਜ ਸਿੰਘ**

## ਦੇਖ ਰੋਹਿਤ ਦੇਖ



ਦੇਖ ਰੋਹਿਤ ਦੇਖ
ਸਿਸਟਮ ਏਨਾ ਸੰਵੇਦਨਹੀਣ ਨਹੀਂ
ਜਿੰਨਾਂ ਤੂੰ ਮੰਨਦਾ ਰਿਹਾ
ਮਹਿਸੂਸ ਕਰਦਾ ਰਿਹਾ
ਖੁਦ ਨੂੰ ਊਣਾ-ਹੀਣਾ ਸਮਝਦਾ ਰਿਹਾ

ਔਹ ਦੇਖ ਰੋਹਿਤ
ਵੀ.ਸੀ. ਅੱਪਾ ਰੈਡੀ
ਖੁਦ ਤੇਰੇ ਘਰ ਗਿਆ ਹੈ
ਤੇਰੀ ਮਾਤਾ ਦਾ ਢਾਰਸ ਬੰਨਾਉਣ ਲਈ
ਤੇਰੀ ਮੌਤ ਦਾ ਸੋਗ ਮਨਾਉਣ ਲਈ

ਔਹ ਦੇਖ ਰੋਹਿਤ
ਵੀ. ਸੀ. ਨੇ ਤੇਰੇ ਸਾਥੀਆਂ ਨੂੰ
ਬਹਾਲ ਕਰ ਦਿੱਤਾ ਹੈ
ਉਹ ਹੁਣ ਪੜ੍ਹ ਸਕਣਗੇ
ਰਹਿ ਸਕਣਗੇ ਹੋਸਟਲ
ਪੂਰੇ ਸਨਮਾਨ ਨਾਲ

ਔਹ ਦੇਖ ਰੋਹਿਤ
ਤੂੰ ਬਕਾਇਆ ਪਈ ਆਪਣੀ
ਸਕਾਲਰਸ਼ਿਪ ਦਾ ਫਿਕਰ ਕਰਦਾ ਸੀ
ਵਰਸਿਟੀ ਪ੍ਰਸ਼ਾਸ਼ਨ ਨੇ ਤਾਂ
ਤੇਰੀ ਮਾਤਾ ਨੂੰ
ਅੱਠ ਲੱਖ ਦੀ ਰਾਹਤ-ਰਾਸ਼ੀ ਵੀ
ਐਲਾਨ ਦਿੱਤੀ ਹੈ
ਵਿਚਾਰੀ ਦੇ ਬੁਢਾਪੇ ਨੂੰ ਸਹਾਰਾ ਦੇਣ ਲਈ!
ਕੋਈ ਸਹਾਰਾ ਹੀ ਦੇ ਸਕਦਾ ਹੈ
ਮਰੇ ਨੂੰ ਵਾਪਸ ਤਾਂ ਨਹੀਂ ਲਿਆ ਸਕਦਾ

ਔਹ ਦੇਖ ਰੋਹਿਤ
ਸਿਮਰਤੀ ਇਰਾਨੀ ਵੀ
ਦੁਖੀ ਹੋਈ ਫਿਰਦੀ ਹੈ
ਉਹਨੇ ਤਾਂ ਤੇਰੀ ਮੌਤ ਦੀ
ਨਿਆਇਕ ਜਾਂਚ ਦਾ ਹੁਕਮ ਵੀ ਦੇ ਦਿੱਤਾ ਹੈ
ਤਾਂ ਕਿ ਦੁੱਧ ਦਾ ਦੁੱਧ ਤੇ
ਪਾਣੀ ਦਾ ਪਾਣੀ ਸਾਹਮਣੇ ਆ ਸਕੇ

ਦੇਖ ਰੋਹਿਤ ਦੇਖ
ਸਦਮਾ ਤਾਂ ਤੇਰੀ ਮੌਤ ਦਾ
ਪ੍ਰਧਾਨ ਮੰਤਰੀ ਤੱਕ ਨੂੰ ਲੱਗਾ ਹੈ
ਤੇਰੀ ਮੌਤ ਦਾ ਜ਼ਿਕਰ ਕਰਦਿਆਂ
ਉਸਦਾ ਗੱਚ ਭਰ ਆਇਆ ਹੈ
ਭਾਰਤ ਮਾਂ ਨੂੰ ਤੇਰੇ ਜਾਣ ਦਾ
ਵੱਡਾ ਘਾਟਾ ਫੁਰਮਾਇਆ ਹੈ

ਦੇਖ ਰੋਹਿਤ ਦੇਖ
ਜਿਉਂਦੇ ਜੀ ਨਾ ਸਹੀ
ਮਰ ਕੇ ਤਾਂ ਤੈਨੂੰ
ਪੂਰਾ ਸਨਮਾਨ ਮਿਲਿਆ ਹੈ
ਸੱਤਾ ਦੇ ਸਿਖਰ ਤੱਕ ਸਭ ਨੇ
ਹੰਝੂ ਵਹਾਏ ਹਨ!
ਭਲੇ ਹੀ ਹੰਝੂ
ਮਗਰਮੱਛ ਦੇ ਵਹਾਏ ਹਨ।


ਦੇਖ ਰੋਹਿਤ ਦੇਖ
ਸਿਸਟਮ ਤੇਰਾ ਨਹੀਂ
ਤੇਰੇ ਸੁਪਨਿਆਂ ਦਾ
ਕਤਲ ਚਾਹੁੰਦਾ ਸੀ।
ਉਹ ਚਾਹੁੰਦਾ ਹੈ
ਘਾਹੀਆਂ ਦੇ ਪੁੱਤ ਘਾਹੀ ਬਣੇ ਰਹਿਣ
ਆਪਣੀ ਔਕਾਤ 'ਚ ਬਣੇ ਰਹਿਣ।
ਦੇਖ ਰੋਹਿਤ ਦੇਖ........

**-ਰਣਜੀਤ ਲਹਿਰਾ**



ਬਲਾਤਕਾਰ ਹੀ ਤਾਂ ਹੋਇਆ ਹੈ
ਫਿਰ ਕੀ ਹੋਇਆ
ਕਿਹੜਾ ਇੰਦਰਾ ਗਾਂਧੀ ਮਰੀ ਹੈ
ਜੋ ਸਰਕਾਰੀ ਸ਼ਹਿ ਤੇ
ਕਤਲੇਆਮ ਦੀ
ਇਜਾਜਤ ਦੇ ਦੇਈਏ।
ਉਹ ਕਿਹੜਾ
ਕਿਸੇ ਮੰਤਰੀ ਦੀ ਧੀ ਸੀ
ਜਿਹੜੇ ਕਹਿੰਦਾ ਆ
ਅਸੀ ਵੀ ਧੀਆਂ ਵਾਲੇ ਹਾਂ।
ਏਥੇ ਤਾਂ ਏਦਾਂ ਹੀ ਹੁੰਦਾ ਐ
ਏਥੇ ਤਾਂ ਏਦਾਂ ਹੀ ਹੋਣਾ ਐ
ਜਿੰਨੀਆਂ ਮਰਜ਼ੀ ਕੈਂਡਲਾਂ ਫੂਕ ਲਵੋ
ਜਿੰਨੀਆਂ ਮਰਜ਼ੀ ਛਾਤੀਆਂ ਪਿੱਟ ਲਵੋ
ਉਦੋਂ ਤੱਕ ਕੁੱਝ ਨਹੀਂ ਹੋਣਾ
ਜਦੋਂ ਤੱਕ
ਅਸੰਬਲੀ ਵਿੱਚ
ਅਸ਼ਲੀਲ ਫਿਲਮਾਂ
ਵੇਖਣ ਵਾਲਿਆਂ ਦੀਆਂ
ਧੀਆਂ ਦੀ ਹਿਫਾਜਤ
ਸਾਡੇ ਪੁੱਤ ਕਰਦੇ ਹਨ
ਤੇ ਅਪਣੀਆਂ ਧੀਆਂ ਨੂੰ
ਛੱਡ ਦਿੰਦੇ ਹਨ
ਹਾਲਾਤ ਦੇ ਆਧਾਰ ਤੇ
ਉਦੋਂ ਤੱਕ ਕੁੱਝ ਨਹੀਂ ਹੋਣਾ।
ਸਾਡੀਆਂ ਤਾਂ
ਲੇਖਾਂ ਵਿੱਚ ਹੀ ਲਿਖਵਾ ਕੇ ਆਈਆਂ ਨੇ
ਮੈਲ਼ੀਆਂ ਨਜ਼ਰਾਂ
ਤੇ ਮਾਸੂਮ ਸ਼ਕਸੀਅਤਾਂ।
ਇਹ ਉਹ ਦੇਸ਼ ਹੈ
ਜਿੱਥੇ ਔਰਤ ਨੂੰ ਦੇਵੀ ਆਖ ਕੇ
ਉਸ ਦਾ ਸ਼ੋਸ਼ਣ ਕੀਤਾ ਜਾਂਦੈ
ਤੇ ਮਾਡਲ ਆਖ ਕੇ
ਉਸ ਦੇ ਸਰੀਰ ਦੀ ਨੁਮਾਇਸ਼ ਲਾਈ ਜਾਂਦੀ ਹੈ
ਏਥੇ ਤਾਂ ਏਦਾਂ ਹੀ ਹੋਊ।
ਛੱਡ ਯਾਰ
ਤੂੰ ਕਾਹਨੂੰ ਸਿਰ ਫੜਿਐ
ਬਲਾਤਕਾਰ ਹੀ ਤਾਂ ਹੋਇਆ ਹੈ
ਕਿੱਡੀ ਕੁ ਵੱਡੀ ਖਬਰ ਐ
**ਕਿਹੜਾ ਕਿਸੇ ਮੰਤਰੀ ਦਾ ਕੁੱਤਾ ਗੁਆਚਿਆ ਹੈ।**

**(ਬਰੇਲੀ ਵਿਚ ਵਾਪਰੀ 12 ਸਾਲ ਦੀ ਦਲਿਤ ਲੜਕੀ ਨਾਲ ਰੇਪ ਦੀ ਵਹਿਸੀ ਪਨ ਦੀ ਘਟਨਾ ਤੋ ਦੁਖੀ ਮਨ ਨਾਲ)**



ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ,
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।
.
ਜਿੱਥੇ ਰੂਹ ਬਣਗੀ ਇੱਕ ਹਾਵਾ ਹੈ,
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ,
ਜਿੱਥੇ ਕੈਦ ਅਣਖ ਦਾ ਲਾਵਾ ਹੈ,
ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ
ਤੂੰ ਮਘਦਾ ਰਈਂ ਵੇ.....
.
ਜਿੱਥੇ ਲੋਕ ਬੜੇ ਮਜਬੂਰ ਜਿਹੇ,
ਦਿੱਲੀ ਦੇ ਦਿਲ ਤੋਂ ਦੂਰ ਜਿਹੇ,
ਤੇ ਭੁੱਖਾਂ ਵਿੱਚ ਮਸ਼ਹੂਰ ਜਿਹੇ,
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ,
ਤੂੰ ਮਘਦਾ ਰਈਂ ਵੇ...
.
ਜਿੱਥੇ ਬੰਦਾ ਜੰਮਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ,
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ,
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ ,
ਤੂੰ ਮਘਦਾ ਰਈਂ ਵੇ......
.
ਜੇ ਸੋਕਾ ਇਹ ਹੀ ਸੜਦੇ ਨੇ,
ਜੇ ਡੋਬਾ ਇਹ ਹੀ ਮਰਦੇ ਨੇ,
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ,
ਜਿੱਥੇ ਫਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ,
ਤੂੰ ਮਘਦਾ ਰਈਂ ਵੇ ੩੩੩੩.
.
ਜਿੱਥੇ ਹਾਰ ਮੰਨ ਲਈ ਚਾਵਾਂ ਨੇ,
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ,
ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ,
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ,
ਤੂੰ ਮਘਦਾ ਰਈਂ ਵੇ.....
.
ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ,
ਜਿੱਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ,
ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ,
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ,
ਤੂੰ ਮਘਦਾ ਰਈਂ ਵੇ....
.
ਤੂੰ ਆਪਣਾ ਆਪ ਮਚਾਂਦਾ ਹੈਂ,
ਪਰ ਆਪਾ ਹੀ ਰੁਸ਼ਨਾਂਦਾ ਹੈਂ,
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ,
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ,
ਤੂੰ ਮਘਦਾ ਰਈਂ ਵੇ ਸੂਰਜਾ....

**-ਸੰਤ ਰਾਮ ਉਦਾਸੀ**

## ਜੁਗਨੂੰ ਤੇ ਕਵੀ

ਕਿਸੇ ਪੁੱਛਿਆ
ਕੀ ਸਮਾਨਤਾ ਹੈ
ਜੁਗਨੂੰ ਤੇ ਕਵੀ ਵਿੱਚ?
ਦੋਵੇਂ
ਜਗਮਗਾਉਂਦੇ ਨੇ
ਰੁਸ਼ਨਾਉਦੇ ਨੇ
ਹਨੇਰੀ ਰਾਤ ਨੂੰ
ਆਪਣਾ ਆਪਾ ਜਲਾ ਕੇ
ਤੇ ਫਿਰ ਫਰਕ ਕੀ ਹੈ
ਜੁਗਨੂੰ ਤੇ ਕਵੀ ਵਿਚਕਾਰ?
ਜਗਮਗਾਉਣਾ
ਰੁਸ਼ਨਾਉਣਾ
ਹਨੇਰੀ ਰਾਤ ਨੂੰ
ਜੁਗਨੂੰ ਦਾ ਸੁਭਾਅ ਹੈ
ਤਰਜ਼-ਏ-ਜ਼ਿੰਦਗੀ ਹੈ
ਨਾ ਖਰੀਦਣਯੋਗ
ਸਮਝੌਤਾਹੀਣ ਜ਼ਿੱਦ ਹੈ
ਪਰ ਕਵੀ
ਇਹ ਸੋਚ ਕੇ ਕਰਦਾ ਹੈ
ਖਰੀਦਿਆ ਜਾ ਸਕਦਾ ਹੈ
ਤੇ ਅਕਸਰ ਉਹ
ਹਨੇਰੇ ਨਾਲ਼ ਸਮਝੌਤਾ ਕਰ ਲੈਂਦਾ ਹੈ..

**- ਡਾ. ਅੰਮ੍ਰਿਤ**

## ਭਾਵੇਂ 8 ਮਾਰਚ ਨੂੰ ਅੰਤਰਰਾਸ਼ਟਰੀ ਔਰਤ ਦਿਵਸ 'ਤੇ ਬੜੀ ਧੂਮ ਧਾਮ ਨਾਲ ਸੰਸਾਰ 'ਚ ਔਰਤਾਂ ਦੀ ਬਰਾਬਰੀ ਦੀ ਗੱਲ ਕੀਤੀ ਜਾਂਦੀ ਹੈ ਪ੍ਰੰਤੂ ਸਮਾਜ ਵਿਚ ਔਰਤਾਂ ਨੂੰ ਬਰਾਬਰੀ ਨਹੀਂ ਮਿਲੀ। ਪੇਸ਼ ਹਨ ਔਰਤ ਜਾਤੀ ਬਾਰੇ ਵਿਦਵਾਨਾਂ ਦੇ ਕੁਝ ਵਿਚਾਰ - ਸੰਪਾਦਕ

ਜਦੋਂ ਤੱਕ ਔਰਤਾਂ ਕਰਾਂਤੀ ਵਿਚ ਹਿੱਸੇਦਾਰੀ ਨਹੀਂ ਬਣਨਗੀਆਂ, ਕਰਾਂਤੀ ਸਮਾਜਿਕ ਹੋਵੇ ਜਾਂ ਆਰਥਿਕਤਾ ਅਧੂਰੀ ਹੀ ਰਹੇਗੀ।

– ਡਾ. ਭੀਮ ਰਾਓ ਅੰਬੇਦਕਰ

ਅਸੀਸ ਦਿੱਤੀ ਔਰਤ ਨੂੰ ਜਾਂਦੀ ਹੈ ਪਰ ਹੁੰਦੀ ਪੁਰਸ਼ ਲਈ ਹੈ

– ਗੁਰਬਖਸ਼ ਸਿੰਘ

ਔਰਤ ਘਰ ਦਾ ਸ਼ਿੰਗਾਰ ਨਹੀਂ ਸਗੋਂ ਰੂਹ ਹੈ।

–ਅਰਸਤੂ

ਔਰਤ ਇਕ ਚਟਾਨ ਹੈ।

– ਰਵਿੰਦਰ ਨਾਥ ਟੈਗੋਰ

ਔਰਤ ਮਰਦ ਨਾਲੋਂ ਵੱਧ ਸਖ਼ਤ ਜਾਨ ਹੈ।

– ਜਾਰਜ ਬਰਨਾਰਡ ਸ਼ਾਅ

ਔਰਤ ਮਰਦ ਦੀ ਮਹਿਕ ਹੈ।

– ਨਪੋਲੀਅਨ

ਔਰਤ ਖ਼ੁਸ਼ਬੂ, ਨਗ਼ਮਾ, ਨ੍ਰਿਤ ਜਾਂ ਰੌਸ਼ਨ ਹੈ।

–ਸੈਕਸ਼ਪੀਅਰ

ਔਰਤ ਦੀ, ਮਾਂ ਦੀ ਪ੍ਰਸੰਸਾ ਕਰੀਏ, ਜਿਸ ਦਾ ਪਿਆਰ ਰੁਕਾਵਟਾਂ ਨੂੰ ਨਹੀਂ ਗੌਲਦਾ, ਜਿਸਦੀ ਛਾਤੀ ਨੇ ਸਾਰੇ ਸੰਸਾਰ ਨੂੰ ਪਾਲ਼ਿਆ ਹੈ। ਆਦਮੀ ਵਿਚ ਜੋ ਵੀ ਸੁੰਦਰ ਹੈ, ਉਹ ਸੂਰਜ ਦੀਆਂ ਕਿਰਨਾਂ 'ਤੇ ਮਾਂ ਦੀ ਪੁਚਕਾਰ ਕਾਰਨ ਹੈ।

– ਮੈਕਸਿਮ ਗੋਰਕੀ

ਮੇਰੀ ਮਾਂ ਇਕ ਕਲਾਕਾਰ ਸੀ, ਜਿਸ ਨੇ ਮੇਰੀ ਸ਼ਖਸੀਅਤ ਨੂੰ ਘੜਿਆ ਅਤੇ ਸੰਵਾਰਿਆ ਹੈ।

– ਭਗਤ ਪੂਰਨ ਸਿੰਘ

ਹੋਰ ਸਾਰੇ ਪਿਆਰ ਕਮਾਏ ਜਾ ਸਕਦੇ ਹਨ, ਢੂੰਡੇ ਜਾਂ ਖਰੀਦੇ ਜਾ ਸਕਦੇ ਹਨ, ਪਰ ਮਾਂ-ਪਿਆਰ ਇਕ ਦਾਤ ਹੈ, ਜਿੰਨਾ ਚਿਰ ਹੈ। ਜਦੋਂ ਖੋ ਹੀ ਗਈ,ਫਿਰ ਇਸ ਦਾ ਕੋਈ ਬਦਲ ਨਹੀਂ।

– ਗੁਰਬਖਸ਼ ਸਿੰਘ ਪ੍ਰੀਤਲੜੀ

ਮਾਂ ਦੁਨੀਆ ਦਾ ਸਭ ਤੋਂ ਅਮੁੱਲ ਖਜ਼ਾਨਾ ਹੈ।

– ਸੁਲੇਮਾਨ

ਜੋ ਕੁਝ ਮੈਂ ਹਾਂ ਜਾਂ ਹੋਣ ਦੀ ਆਸ ਰੱਖਦਾ ਹਾਂ, ਆਪਣੀ ਫਰਿਸ਼ਤਿਆਂ ਵਰਗੀ ਮਾਂ ਦੇ ਸਦਕੇ ਹਾਂ।

– ਇਬਰਾਹਿਮ ਲਿੰਕਨ

ਦੁਨੀਆ ਦਾ ਸਭ ਤੋਂ ਚੰਗਾ ਸਕੂਲ ਮਾਂ ਦਾ ਗੋਡਾ ਹੈ, ਜਿਸ ਨਾਲ ਲੱਗਕੇ ਅਗਲੀ ਪੀੜ੍ਹੀ ਜੀਵਨ ਦੇ ਪਹਿਲੇ ਸਬਕ ਪੜ੍ਹਦੀ ਹੈ।

– ਸੁਕਰਾਤ

ਜੇ ਅਸੀਂ ਔਰਤਾਂ ਨੂੰ ਸਮਾਜਿਕ ਜੀਵਨ ਵਿਚ, ਫੌਜ ਵਿਚ, ਰਾਜਨੀਤੀ ਵਿਚ ਨਹੀਂ ਲਿਆਉਂਦੇ ਜੇ ਅਸੀਂ ਉਨ੍ਹਾਂ ਨੂੰ ਰਸੋਈ ਦੇ ਨੀਰਸ ਵਾਤਾਵਰਣ ਤੋਂ ਬਾਹਰ ਨਹੀਂ ਲਿਆਉਂਦੇ ਤਾਂ ਅਸਲੀ ਅਜ਼ਾਦੀ ਪ੍ਰਾਪਤ ਕਰਨਾ ਇਕ ਦਮ ਅਸੰਭਵ ਹੈ, ਸਮਾਜਵਾਦ ਦੀ ਗੱਲ ਤਾਂ ਬਹੁਤ ਦੂਰ ਹੈ, ਜਮਹੂਰੀਅਤ ਸਥਾਪਤ ਕਰਨਾ ਹੀ ਸੰਭਵ ਨਹੀਂ।

– ਲੈਨਿਨ

ਪਤਨੀ ਇਕ ਰਖੇਲ ਨਹੀਂ, ਸਗੋਂ ਇਕ ਦੋਸਤ ਤੇ ਸਾਥਣ ਹੁੰਦੀ ਹੈ। ਸਾਨੂੰ ਪਹਿਲਾਂ ਹੀ ਇਸ ਖ਼ਿਆਲ ਨਾਲ ਵਿਕਾਸ ਕਰਨਾ ਚਾਹੀਦਾ ਹੈ ਕਿ ਉਸ ਨੂੰ ਪਿਆਰ ਕੀਤਾ ਜਾਣਾ ਚਾਹੀਦਾ ਹੈ, ਉਦੋਂ ਵੀ ਜਦੋਂ ਉਹਦੀ ਉਮਰ ਵਧਦੀ ਜਾਂਦੀ ਹੈ। ਇਥੋਂ ਤੱਕ ਕਿ ਉਦੋਂ ਵੀ ਜਦੋਂ ਉਹ ਬਿਰਧ ਹੋ ਜਾਂਦੀ ਹੈ।

– ਬਲਿੰਸਕੀ

ਧਰਤੀ ਤੇ ਜੋ ਕੁਝ ਸੋਹਣਾ ਹੈ, ਉਸ ਦੇ ਪਿਛੇ ਨਾਰ ਅਵੱਸ਼ ਹੈ

ਜੋ ਕੁਝ ਕਿਸੇ ਮਹਾਨ ਹੈ ਰਚਿਆ, ਉਸ ਵਿਚ ਨਾਰੀ ਦਾ ਹੀ ਹੱਥ ਹੈ।

ਨਾਰੀ ਆਪ ਨਰਾਇਣ ਹੈ, ਹਰ ਮੱਥੇ ਦੀ ਤੀਜੀ ਅੱਖ ਹੈ।

ਨਾਰੀ ਧਰਤੀ ਦੀ ਕਵਿਤਾ ਹੈ, ਕੁੱਲ ਭਵਿੱਖ ਨਾਰੀ ਦੇ ਹੱਥ ਹੈ।

– ਸ਼ਿਵ ਕੁਮਾਰ ਬਟਾਲਵੀ

ਨਾਰੀ ਜਾਂ ਤਾਂ ਪਿਆਰ ਕਰਦੀ ਹੈ ਜਾਂ ਨਫ਼ਰਤ, ਵਿਚਕਾਰਲਾ ਉਸ ਲਈ ਅਗਿਆਤ ਹੈ।

– ਸਾਇਰਜ

ਕਿਸੇ ਵੀ ਸਮਾਜ ਦੀ ਪ੍ਰਗਤੀ ਉਸ ਵਿਚ ਔਰਤਾਂ ਦੀ ਸਮਾਜਿਕ ਪੁਜੀਸ਼ਨ ਤੋਂ ਹੀ ਪੂਰੀ ਤਰ੍ਹਾਂ ਮਾਪੀ ਜਾ ਸਕਦੀ ਹੈ।

– ਕਾਰਲ ਮਾਰਕਸ

ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ

– ਸ੍ਰੀ ਗੁਰੂ ਨਾਨਕ ਦੇਵ ਜੀ

ਇਕ ਮਹਾਨ ਸਮਾਜਵਾਦੀ ਸਮਾਜ ਉਸਾਰਨ ਲਈ ਔਰਤਾਂ ਦੀ ਵਿਸ਼ਾਲ ਜਨਤਾ ਨੂੰ ਸਾਂਝੀਆਂ ਉਪਜਾਊ ਸਰਗਰਮੀਆਂ ਵਿਚ ਹਿਸਾ ਲੈਣ ਲਈ ਉਭਾਰਨਾ ਅਤਿਅੰਤ ਮਹੱਤਤਾ ਰੱਖਦਾ ਹੈ। ਪੈਦਾਵਾਰ ਵਿਚ ਔਰਤਾਂ ਅਤੇ ਮਰਦਾਂ ਨੂੰ ਬਰਾਬਰ ਕੰਮ ਲਈ ਬਰਾਬਰ ਤਨਖਾਹ ਦਿੱਤੀ ਜਾਵੇ ਦੋਵੇਂ ਲਿੰਗਾਂ ਵਿਚਕਾਰ ਅਸਲੀ ਬਰਾਬਰਤਾ, ਕੇਵਲ ਸਮੁੱਚੇ ਸਮਾਜ ਦੀ ਸਮਾਜਵਾਦੀ ਤਬਦੀਲੀ ਦੇ ਅਮਲ ਵਿਚ ਹੀ ਪ੍ਰਾਪਤ ਹੋ ਸਕੇਗੀ।

– ਮਾਓ ਜੇ ਤੁੰਗ

ਇਸਤਰੀਆਂ ਤੋਂ ਬਿਨਾ ਪੁਰਸ਼ ਸਿਆਣੇ ਨਹੀਂ ਬਣਦੇ, ਪੁਰਸ਼ਾਂ ਤੋਂ ਬਿਨਾ ਇਸਤਰੀਆਂ ਵਿਚ ਸਜਣ-ਫਬਣ ਦੀ ਇੱਛਾ ਨਹੀਂ ਹੁੰਦੀ। ...ਇਸਤਰੀ ਲਈ ਪਿਆਰ ਦੇ ਅਰਥ ਹੋਰ ਹਨ, ਪੁਰਸ਼ ਲਈ ਹੋਰ। ਇਸਤਰੀ ਮੁਆਫ਼ ਕਰਦੀ ਹੈ, ਭੁੱਲ ਜਾਂਦੀ ਹੈ, ਅਣਡਿੱਠ ਕਰਦੀ ਹੈ, ਪਰ ਪੁਰਸ਼ ਬਦਲਾ ਲੈਂਦਾ ਹੈ। ਮੁੜ ਮੁੜ ਯਾਦ ਕਰਾਉਂਦਾ ਹੈ ਅਤੇ ਯਾਦ ਰੱਖਦਾ ਹੈ।

– ਨਰਿੰਦਰ ਸਿੰਘ ਕਪੂਰ

ਮਨੋਵਿਗਿਆਨਕ ਤੌਰ 'ਤੇ ਕਮਜ਼ੋਰ ਪਤੀ ਹੀ ਆਪਣੀਆਂ ਪਤਨੀਆਂ ਨੂੰ ਕੁੱਟਦੇ ਹਨ ਕਿਉਂਕਿ ਬਾਹਰ ਕੋਈ ਉਨ੍ਹਾਂ ਦਾ ਡੰਕਾ ਨਹੀਂ ਮੰਨਦਾ। ਉਹ ਆਪਣਾ ਬਲ ਪ੍ਰਯੋਗ ਉਸ ਧਿਰ 'ਤੇ ਕਰਦੇ ਹਨ ਜੋ ਜਵਾਬੀ ਹਮਲਾ ਕਰਨ ਦੀ ਸਮਰੱਥਾ ਨਹੀਂ ਰੱਖਦੀਆਂ। ਦੂਜੇ ਪਾਸੇ ਚੁਪ-ਚਾਪ ਕੁੱਟ ਖਾ ਕੇ ਪਤਨੀਆਂ ਵੀ ਪਤੀਆਂ ਦੇ ਹੌਸਲੇ ਵਧਾਉਂਦੀਆਂ ਹਨ।

– ਨਰਿੰਦਰ ਸਿੰਘ ਕਪੂਰ


ਅਸ਼ਲੀਲ ਸਾਹਿਤ ਔਰਤਾਂ ਤੇ ਬੱਚਿਆਂ ਨੂੰ ਇਨਸਾਨੀਅਤ ਦੇ ਸਤਰ ਤੋਂ ਡੇਗਣ ਦਾ ਜਰੀਆ ਹੈ। ਅਸ਼ਲੀਲ ਸਾਹਿਤ ਦੀ ਵਜ੍ਹਾ ਕਾਰਨ ਔਰਤਾਂ ਨੂੰ ਇਨਸਾਨੀ ਨਜ਼ਰੀਏ ਨਾਲ ਨਹੀਂ ਦੇਖਿਆ ਜਾਂਦਾ, ਬੱਚਿਆਂ ਦਾ ਯੌਨ ਸ਼ੋਸ਼ਣ ਹੁੰਦਾ ਹੈ, ਸਾਦੀਆਂ ਟੁੱਟਦੀਆਂ ਹਨ, ਯੌਨ ਹਿੰਸਾ ਵਧਦੀ ਹੈ, ਨੈਤਿਕ ਮੁਲਾਂ ਦਾ ਮਖੌਲ ਉੱਡਦਾ ਹੈ। ਵਿਅਕਤੀ, ਪਰਿਵਾਰ ਤੇ ਸਮਾਜ ਨਸ਼ਟ ਹੁੰਦੇ ਹਨ।

– ਸ਼ਿਵ ਖੇੜਾ

**ਪੇਸ਼ਕਸ਼ : ਮਾਸਟਰ ਭਜਨ ਕੈਲਗਰੀ**

**ਫੋਨ 403-455-4220**

### ਭਗਤ ਸਿੰਘ !



ਤੇਰੇ ਅਕਸ ਨੂੰ ਪਗੜੀ ਜਾਂ ਟੋਪੀ ਵਿੱਚ ਉਲਝਾ ਕੇ ਤੱਕਣ ਵਾਲੇ
ਤੇਰੀ ਸਮੁੰਦਰੋਂ ਵਿਸ਼ਾਲ ਸੋਚ ਵਾਲੇ ਹਿਰਦੇ ਨੂੰ ਨਹੀਂ ਤੱਕ ਸਕਦੇ
ਉਹ ਤਾਂ ਸਮਝਣਾ ਹੀ ਨਹੀਂ ਚਾਹੁੰਦੇ
ਕਿ ਲੋਕ ਮਨਾਂ 'ਚ ਵਸੇ ਤੇਰੇ ਬਿੰਬ ਨੂੰ
ਮਿੱਟੀ ਜਾਂ ਕਾਂਸੀ 'ਚ ਤਰਾਸ਼ ਕੇ ਨਹੀਂ ਬਦਲਿਆ ਜਾ ਸਕਦਾ
ਸੁਰਖਰੂ ਹੋ ਜਾਂਦੇ ਨੇ ਉਹ ਤਾਂ ਬੱਸ
ਤੇਰੀ ਤਸਵੀਰ 'ਤੇ ਹਾਰ ਪਾਕੇ।
ਜਾਂ ? ਕੁਝ ਅਜਿਹੇ ਸ਼ਬਦਾਂ ਦੀ ਜੁਗਾਲੀ ਕਰ ਲੈਂਦੇ ਨੇ
ਜੋ ਤੇਰੀ ਸ਼ਖਸ਼ੀਅਤ ਤੋਂ ਕਾਫੀ ਉਰਾਂ ਰਹਿ ਜਾਂਦੇ ਨੇ
ਉਹ ਨਹੀਂ ਜਾਣਦੇ ਕਿ ਤੇਰੀ ਸੋਚ,
ਕਿ ਤੇਰੀ ਸੋਚ ਤਾਂ ਤੇਰੀ ਤਸਵੀਰ ਤੋਂ ਕਾਫੀ ਅੱਗੇ ਦਾ ਸਫਰ ਤੈਅ ਕਰ ਚੁੱਕੀ ਹੈ।
ਉਹ ਨਹੀਂ ਜਾਣਦੇ ਕਿ ਤੇਰਾ ਅਕਸ ਤਾਂ ਹੁਣ
ਹੱਕਾਂ ਲਈ ਉਠੀ ਅਤੇ ਬੰਦ ਮੁੱਠੀ ਹੈ
ਤੇਰਾ ਚਿਹਰਾ ਵਿਚਾਰਾਂ ਦੇ ਉਚੱ ਗਗਨਾਂ 'ਚ ਸੂਰਜ ਦੀ ਲਾਲੀ ਵਾਂਗੂੰ ਦਗਦਾ ਹੈ
ਤੇਰਾ ਚਿਹਰਾ ਕਿਸੇ T-SHIRT ਦੇ ਰੰਗਾਂ ਵਿੱਚ ਨਹੀਂ
ਸਗੋਂ ਸਮੁੱਚੀ ਲੋਕਾਈ ਦੇ ਹਿਰਦੇ ਵਿੱਚ ਵਸਦਾ ਹੈ
ਸਮੁੱਚੇ ਲੋਕ-ਮਨਾਂ ਵਿੱਚ ਵਸੇ ਭਗਤ ਸਿੰਘ !
ਕੋਈ ਫਰਕ ਨਹੀਂ ਪੈਂਦਾ ਲੋਕਾਂ ਨੂੰ
ਕਿ ਤੂੰ ਪੱਗ ਦੇ ਵਲ਼ਾਂ ਨੂੰ ਸਹੀ ਕੀਤਾ ਜਾਂ ਟੋਪ ਦਾ ਕਿਨਾਰਾ ਸੈੱਟ ਕੀਤਾ

- ਨਵਦੀਪ

## ਦਲਿਤਾਂ ਨਾਲ ਧੱਕੇਸ਼ਾਹੀ ਕਦੋਂ ਬੰਦ ਹੋਵੇਗੀ ?

(ਸਫ਼ਾ 31 ਦੀ ਬਾਕੀ)

ਜੁਰਮਾਨਾ ਅਤੇ 5 ਸਾਲ ਕੈਦ ਦੀ ਸਜ਼ਾ ਮਿਲੇਗੀ। ਪਰ ਬਾਵਜੂਦ ਐਸੇ ਕਾਨੂੰਨ ਅਤੇ ਸਜ਼ਾਵਾਂ ਦੇ ਸਫਾਈ ਕਰਮਚਾਰੀਆਂ ਤੋਂ ਸੀਵਰੇਜ ਲਾਈਨਾਂ, ਸੈਪਟਿਕ ਟੈਂਕ ਸਾਫ਼ ਕਰਾਏ ਜਾ ਰਹੇ ਹਨ। ਇਨਕਲਾਬ ਅਤੇ ਸਮਾਜਿਕ ਇਨਸਾਫ ਦੀਆਂ ਟਾਹਰਾਂ ਮਾਰਨ ਵਾਲੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਦੇ ਰਾਜ ਅੰਦਰ ਨਵੰਬਰ, 2015 ਵਿਚ ਵਿਨੈ ਸਰੋਹੀ ਕੇਸ਼ੋਪੁਰ ਸੀਵਰੇਜ ਟਰੀਟਮੈਂਟ ਪਲਾਂਟ ਸਾਫ ਕਰਦੇ ਮਰ ਗਿਆ। ਦਿੱਲੀ ਜਲ ਬੋਰਡ ਨੇ ਉਸ ਨੂੰ ਠੇਕੇ ਤੇ ਨੌਕਰੀ ਕਰਦੇ ਹੋਣ ਕਰਕੇ ਕੇਸ ਖੁਰਦ-ਬੁਰਦ ਕਰ ਦਿਤਾ। ਸਪਸ਼ਟ ਹੈ ਕਿ ਇਸ ਦੇਸ਼ ਅੰਦਰ ਦਲਿਤ, ਪੱਛੜੇ ਵਰਗਾਂ ਅਤੇ ਘੱਟ-ਗਿਣਤੀਆਂ ਲਈ ਕਿਸੇ ਸਾਸ਼ਕ ਤੋਂ ਇਨਸਾਫ ਦੀ ਤਵੱਕੋ ਨਹੀਂ ਰਖੀ ਜਾ ਸਕਦੀ। ਕੀ ਵਿਨੈ ਸਰੋਹੀ ਪੂਰੇ ਮੁਆਵਜ਼ੇ ਦਾ ਹੱਕਦਾਰ ਨਹੀਂ ਸੀ ? ਜੇਕਰ ਭਾਰਤ ਦੀ ਰਾਜਨੀਤੀ, ਰਾਜਨੀਤਕ ਸਿਸਟਮ ਅਤੇ ਅਜੋਕੇ ਸਮਾਜਿਕ ਢਾਂਚੇ ਤੇ ਡੂੰਘੀ ਝਾਤ ਮਾਰੀ ਜਾਏ ਤਾਂ ਸੱਚਮੁੱਚ ਇਹ ਪ੍ਰਤੀਤੀ ਹੁੰਦਾ ਹੈ ਕਿ ਇਥੇ ਆਮ ਆਦਮੀ ਦੀ ਪਹਿਚਾਣ ਮਹਿਜ਼ ਵੋਟਰ, ਸੰਖਿਆ, ਇਕ ਸ਼ੈਅ ਤਕ ਸੀਮਤ ਹੈ। ਆਦਮੀ ਇਕ ਜਿਊਂਦੀ ਰੂਹ ਅਤੇ ਇਕ ਸੋਚਮਈ ਵਿਅਕਤੀਤਵ ਹੈ, ਨੂੰ ਕਿਧਰੇ ਮਾਨਤਾ ਨਹੀਂ ਮਿਲ ਰਹੀ।

ਹਰ ਗਲੀ, ਕੂਚੇ, ਮੁਹੱਲੇ, ਵਿਦਿਅਕ, ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਵਿਚ ਜਾਤ-ਪਾਤ ਪ੍ਰਧਾਨ ਹੈ। ਰਾਖਵੇਂਕਰਨ ਕਰਕੇ ਬਣੇ ਦਲਿਤ ਸਰਪੰਚਾਂ-ਪ੍ਰਧਾਨਾਂ ਨੂੰ ਕਈ ਇਲਾਕਿਆਂ ਵਿਚ ਕੁਰਸੀ ਤੇ ਬੈਠਣ ਅਤੇ ਪ੍ਰਧਾਨਗੀ ਨਹੀਂ ਕਰਨ ਦਿਤੀ ਜਾਂਦੀ। ਬਰਾਬਰ ਬੈਠ ਕੇ ਖਾਣ-ਪੀਣ ਨਹੀਂ ਦਿਤਾ ਜਾਂਦਾ।

ਹੁਣ ਸਮਾਂ ਆ ਗਿਆ ਹੈ ਕਿ ਦਲਿਤ ਵਰਗ ਨੂੰ ਮਹਿਜ਼ ਵੋਟ ਸਮਝਣਾ ਬੰਦ ਕੀਤਾ ਜਾਏ। ਰਾਜਨੀਤਕ ਪਾਰਟੀਆਂ, ਰਾਜਨੀਤਕ ਆਗੂ, ਪ੍ਰਸਾਸ਼ਨਿਕ ਅਧਿਕਾਰੀ ਭਾਰਤੀ ਸੰਵਿਧਾਨ ਦਾ ਸਨਮਾਨ ਕਰਨਾ ਇਲਾਕਾਈ, ਭਾਸ਼ਾਈ, ਜਾਤ-ਪਾਤੀ, ਧਾਰਮਿਕ, ਆਰਥਿਕ ਵੰਡਾਂ ਤੋਂ ਉਪਰ ਉੱਠਣ। ਇੰਨਾ ਦੇ ਅਧਾਰ ਤੇ ਕੀਤੀਆਂ ਜਾਂਦੀਆਂ ਮਾਨਵ ਜਿਆਦਤੀਆਂ ਸੰਸਥਾਤਮਿਕ ਕਤੱਲ ਅਖਵਾਉਂਦੇ ਹਨ। ਇੰਨਾ ਤੇ ਕੜੀ ਨਜ਼ਰ ਰਖਣੀ ਅਤਿ ਜ਼ਰੂਰੀ ਹੈ। ਜਦ ਤਕ ਸਮਾਜਿਕ, ਆਰਥਿਕ ਅਤੇ ਕਾਨੂੰਨ ਦਾ ਰਾਜ ਸਥਾਪਿਤ ਨਹੀਂ ਹੁੰਦਾ, ਜੰਗ ਅਤੇ ਸੰਘਰਸ਼ ਜਾਰੀ ਰਹਿਣਾ ਚਾਹੀਦਾ ਹੈ। ਦਲਿਤਾਂ, ਪੱਛੜੀਆਂ ਕਬਾਇਲੀਆਂ, ਘੱਟ-ਗਿਣਤੀਆਂ ਨੂੰ ਇਸ ਦੇਸ਼ ਅੰਦਰ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਰਾਖੀ ਲਈ ਇਕਜੁਟ ਹੋਣਾ ਪਵੇਗਾ। ਆਪਣੇ ਲਗਾਤਾਰ ਜਾਬਰਾਨਾ ਢੰਗ ਨਾਲ ਹੋ ਰਹੇ ਸੰਸਥਾਗਤ ਕਤਲਾਂ ਅਤੇ ਕਤਲਗਾਹਾਂ ਦਾ ਸਦੀਵੀ ਅੰਤ ਕਰਨਾ ਪਵੇਗਾ। ਉਨ੍ਹਾਂ ਪ੍ਰੰਪਰਾਵਾਂ, ਸਮਾਜਿਕ ਅਤੇ ਰਾਜਨੀਤਕ ਤੌਰ-ਤਰੀਕਿਆਂ ਦਾ ਖਾਤਮਾ ਕਰਨਾ ਪਵੇਗਾ ਜੋ ਉਨ੍ਹਾਂ ਨੂੰ ਜੀਵਤ ਇਨਸਾਨ ਦੀ ਥਾਂ ਇਕ ਵਸਤੂ, ਇਕ ਵੋਟ ਅਤੇ ਸੰਖਿਆ ਵਜੋਂ ਵਿਚਰਣ ਲਈ ਮਜਬੂਰ ਕਰਦੀਆਂ ਹਨ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**94170-94034**

## *ਦੇਸ਼-ਧਰੋਹ ਬਨਾਮ ਦੇਸ਼ ਭਗਤੀ ਦੇ ਦੌਰ ਵਿੱਚ ਚਿਰਕਾਲੀ ਸੁਆਲ*

(ਸਫ਼ਾ 16 ਦੀ ਬਾਕੀ)

ਆਪਸ ਵਿੱਚ ਜੰਗਾਂ ਕੀਤੀਆਂ ਹਨ ਅਤੇ ਗੱਲਬਾਤ ਕਈ ਵਾਰ ਕੀਤੀ ਹੈ। ਦੋਸਤੀ ਅਤੇ ਤਾਲਮੇਲ ਦੇ ਨਾਅਰੇ ਵੀ ਲਗਾਏ ਹਨ। ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਦੀ ਪਾਕਿਸਤਾਨ ਵਿੱਚ ਜਾਣ ਦੀ ਪਹਿਲਕਦਮੀ ਦਾ ਸਾਰੀਆਂ ਸਿਆਸੀ ਧਿਰਾਂ ਨੇ ਦਬੀ ਸੁਰ ਵਿੱਚ ਸੁਆਗਤ ਕੀਤਾ ਸੀ। ਇਸੇ ਤਰ੍ਹਾਂ ਹਰ ਸਰਕਾਰ ਦੇ ਸਮੇਂ ਵਿੱਚ ਹੁੰਦਾ ਰਿਹਾ ਹੈ। ਦੋਵਾਂ ਮੁਲਕਾਂ ਵਿੱਚ ਆਵਾਮੀ ਜਥੇਬੰਦੀਆਂ ਹਨ ਜੋ ਹਰ ਹਾਲਤ ਵਿੱਚ ਦੋਵਾਂ ਮੁਲਕਾਂ ਦੀ ਨੇੜਤਾ ਚਾਹੁੰਦੀਆਂ ਹਨ। ਇਹ ਜਥੇਬੰਦੀਆਂ ਦੱਖਣੀ ਏਸ਼ੀਆਈ ਖ਼ਿੱਤੇ ਦੀ ਖ਼ੁਸ਼ਹਾਲੀ ਨੂੰ ਭਾਰਤ-ਪਾਕਿਸਤਾਨ ਦੇ ਬਿਹਤਰ ਰਿਸ਼ਤਿਆਂ ਨਾਲ ਜੋੜ ਕੇ ਵੇਖਦੀਆਂ ਹਨ। ਇਨ੍ਹਾਂ ਜਥੇਬੰਦੀਆਂ ਅਤੇ ਕਾਰਕੁੰਨਾਂ ਨੂੰ ਜੰਗ ਦੇ ਮਾਹੌਲ ਜਾਂ ਪ੍ਰਮਾਣੂ ਬੰਬ ਬਣਾਉਣ ਵੇਲੇ ਦੇਸ਼-ਧਰੋਹੀ ਕਰਾਰ ਦਿੱਤਾ ਜਾਂਦਾ ਹੈ। ਇਹ ਜਥੇਬੰਦੀਆਂ ਅਤੇ ਕਾਰਕੁੰਨ ਦਲੀਲਾਂ ਦਿੰਦੇ ਹਨ ਕਿ ਦੋਵਾਂ ਮੁਲਕਾਂ ਦੇ ਬਿਹਤਰ ਰਿਸ਼ਤਿਆਂ ਨਾਲ ਫ਼ੌਜੀ ਖਰਚਾ ਘਟੇਗਾ, ਵਪਾਰ ਵਧੇਗਾ ਅਤੇ ਗ਼ੁਰਬਤ-ਜ਼ਹਾਲਤ ਘੱਟ ਹੋਵੇਗੀ। ਇਸ ਸੋਚ ਨਾਲ ਜੁੜੀਆਂ ਪਾਕਿਸਤਾਨ ਦੀਆਂ ਜਥੇਬੰਦੀਆਂ ਨੂੰ ਭਾਰਤ ਵਿੱਚ ਮਜ਼ਬੂਤ ਜਮਹੂਰੀਅਤ ਚਾਹੀਦੀ ਹੈ। ਇਸੇ ਤਰ੍ਹਾਂ ਇਸ ਸੋਚ ਨਾਲ ਜੁੜੀਆਂ ਭਾਰਤੀ ਜਥੇਬੰਦੀਆਂ ਨੂੰ ਪਾਕਿਸਤਾਨ ਵਿੱਚ ਮਜ਼ਬੂਤ ਜਮਹੂਰੀਅਤ ਅਤੇ ਖੁੱਲ੍ਹਨਜ਼ਰੀ ਵਾਲੇ ਅਦਾਰਿਆਂ ਦੀ ਲੋੜ ਹੈ। ਇਹ ਲਿਹਾਜ਼ ਨਾਲ ਦੋਵਾਂ ਮੁਲਕਾਂ ਵਿੱਚ ਇੱਕ-ਦੂਜੇ ਦਾ ਸੁੱਖ ਮੰਗਣ ਵਾਲਾ ਆਵਾਮ ਹੈ ਜੋ ਇਨ੍ਹਾਂ ਦੋਵਾਂ ਮੁਲਕਾਂ ਦੀ ਦੋਸਤੀ ਅਤੇ ਇੱਕ-ਦੂਜੇ ਦੀ ਜ਼ਿੰਦਾਬਾਦ ਦੇ ਨਾਅਰੇ ਲਗਾਉਂਦਾ ਹੈ। ਦੱਖਣੀ ਏਸ਼ੀਆ ਵਿੱਚ ਬਿਹਤਰ ਹਾਲਾਤ ਲਈ ਭਾਰਤੀਆਂ ਦਾ ਪਾਕਿਸਤਾਨ ਜ਼ਿੰਦਾਬਾਦ ਅਤੇ ਪਾਕਿਸਤਾਨੀਆਂ ਦਾ ਭਾਰਤ ਜ਼ਿੰਦਾਬਾਦ ਦੇ ਨਾਅਰੇ ਲਗਾਉਣਾ ਜ਼ਰੂਰੀ ਹੈ। ਇਹ ਨਾਅਰੇ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਜਾਂ ਫ਼ੌਜਾਂ ਨੂੰ ਔਖਾ ਕਰਦੇ ਹਨ ਪਰ ਆਵਾਮ ਲਈ ਇਹ ਨਾਅਰੇ ਜ਼ਰੂਰੀ ਹਨ।

ਇਸ ਤੋਂ ਬਾਅਦ ਮੌਜੂਦਾ ਲਾਮਬੰਦੀ ਨਾਲ ਜੋੜ ਕੇ ਕੁਝ ਫ਼ੌਰੀ ਅਤੇ ਚਿਰਕਾਲੀ ਮਸਲੇ ਵਿਚਾਰੇ ਜਾਣੇ ਬਣਦੇ ਹਨ। ਪਿਛਲੇ ਸਾਲਾਂ ਦੌਰਾਨ ਵਿਦਿਆਰਥੀਆਂ ਨੇ ਕਈ ਸੰਘਰਸ਼ ਕੀਤੇ ਹਨ। ਇਨ੍ਹਾਂ ਸੰਘਰਸ਼ਾਂ ਵਿੱਚ ਪੁਣੇ ਦੇ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਟਿਊਟ ਵਿੱਚ ਗਜੇਂਦਰ ਚੌਹਾਨ ਦੀ ਨਾਮਜ਼ਦਗੀ ਤੋਂ ਲੈ ਕੇ ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਿੱਚ ਕੇਂਦਰੀ ਵਜ਼ੀਰਾਂ ਦੀ ਦਖ਼ਲਅੰਦਾਜ਼ੀ ਨਾਲ ਅੰਬੇਦਕਰ ਸਟੂਡੈਂਟ ਐਸੋਸੀਏਸ਼ਨ ਦੇ ਪੰਜ ਕਾਰਕੁੰਨਾਂ ਦੀ ਬਰਖ਼ਾਸਤਗੀ ਅਤੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਵਜ਼ੀਫ਼ੇ ਬੰਦ ਕਰਨ ਵਰਗੇ ਮਸਲੇ ਸ਼ਾਮਿਲ ਰਹੇ ਹਨ। ਹੈਦਰਾਬਾਦ ਵਿੱਚ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਕਨ੍ਹੱਈਆ ਕੁਮਾਰ ਦੀ ਗ੍ਰਿਫ਼ਤਾਰੀ, ਵਿਦਿਆਰਥੀਆਂ ਉੱਤੇ ਪੁਲਿਸ ਤਸ਼ੱਦਦ ਅਤੇ ਭਾਜਪਾਈ ਜਥੇਬੰਦੀਆਂ ਦੇ ਹਮਲੇ ਸੰਘਰਸ਼ਾਂ ਦਾ ਹਿੱਸਾ ਰਹੇ ਹਨ। ਇਨ੍ਹਾਂ ਸੰਘਰਸ਼ਾਂ ਵਿੱਚ ਚੰਗੀ ਲਾਮਬੰਦੀ ਅਤੇ ਸਿਦਕਦਿਲੀ ਦੇ ਬਾਵਜੂਦ ਸਰਕਾਰ ਆਪਣੇ ਫ਼ੈਸਲਿਆਂ ਉੱਤੇ ਕਾਇਮ ਰਹੀ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਵਾਲੇ ਨਾਲ ਲਾਮਬੰਦੀ ਦਾ ਘੇਰਾ ਵਸੀਹ ਹੋਇਆ ਹੈ ਅਤੇ ਸਰਕਾਰ ਕਸੂਤੀ ਫਸੀ ਜਾਪਦੀ ਹੈ। ਇਹ ਤਾਂ ਦੋਵਾਂ ਧਿਰਾਂ ਵਿੱਚ ਤਕਰੀਬਨ ਸਹਿਮਤੀ ਜਾਪਦੀ ਹੈ ਕਿ ਕਨ੍ਹੱਈਆ ਕੁਮਾਰ ਦੀ ਰਿਹਾਈ ਜਲਦੀ ਹੋ ਸਕਦੀ ਹੈ। ਦੋਵੇਂ ਧਿਰਾਂ ਇਸ ਮਾਮਲੇ ਵਿੱਚ ਸਹਿਮਤ ਹਨ ਕਿ ਕਾਨੂੰਨ ਆਪਣਾ ਕੰਮ ਕਰੇਗਾ।

ਪੇਚੀਦਾ ਮਸਲਾ ਉਮਰ ਖ਼ਾਲਿਦ ਨੂੰ ਅਤਿਵਾਦੀ, ਜੱਹਾਦੀ ਅਤੇ ਦੇਸ਼-ਧਰੋਹੀ ਵਜੋਂ ਪੇਸ਼ ਕੀਤਾ ਜਾਣਾ ਹੈ ਜੋ ਮੁਲਕ ਵਿੱਚ ਭਾਰੂ ਫ਼ਿਰਕਾਪ੍ਰਸਤ ਸਿਆਸਤ ਨਾਲ ਜੁੜਦਾ ਹੈ। ਇਹ ਹੋ ਸਕਦਾ ਹੈ ਕਿ ਮੌਜੂਦਾ ਹਾਲਾਤ ਵਿੱਚ ਸਰਕਾਰ ਖ਼ਿਲਾਫ਼ ਹੋਈ ਲਾਮਬੰਦੀ ਕਾਰਨ ਉਮਰ ਖ਼ਾਲਿਦ ਅਤੇ ਉਸ ਦੇ ਨਾਲ ਨਾਮਜ਼ਦ ਦੂਜੇ ਵਿਦਿਆਰਥੀਆਂ ਨੂੰ ਰਾਹਤ ਮਿਲ ਜਾਵੇ। ਇਸ ਸਿਆਸਤ ਦੀ ਗੁੰਝਲਦਾਰ ਕੜੀ ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਐੱਸ.ਏ.ਆਰ. ਗਿਲਾਨੀ ਨਾਲ ਜੁੜਦੀ ਹੈ। ਉਹ ਸਮੁੱਚੇ ਮੁਲਕ ਵਿੱਚ ਸਿਆਸੀ ਕੈਦੀਆਂ ਦੇ ਮਸਲਿਆਂ ਨਾਲ ਜੁੜੀ 'ਕਮੇਟੀ ਫਾਰ ਦਾ ਰਿਲੀਜ਼ ਆਫ਼ ਪੋਲੀਟੀਕਲ ਪਰਿਜ਼ਨਰਜ਼' ਦਾ ਆਗੂ ਹੈ। ਉਸ ਨੂੰ ਸੰਸਦ ਦੇ ਹਮਲੇ ਵਾਲੇ ਮਾਮਲੇ ਵਿੱਚ ਅਫ਼ਜ਼ਲ ਗੁਰੂ ਦੇ ਨਾਲ ਸੈਸ਼ਨ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ ਪਰ ਹਾਈ ਕੋਰਟ ਨੇ ਬਰੀ ਕੀਤਾ ਸੀ। ਹੁਣ ਉਸ ਨੂੰ ਅਫ਼ਜ਼ਲ ਦੇ ਮਾਮਲੇ ਉੱਤੇ ਸਮਾਗਮ ਕਰਨ ਕਾਰਨ ਦੇਸ਼-ਧਰੋਹ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਪਰ ਉਸ ਦਾ ਮਾਮਲਾ ਮੀਡੀਆ ਦੀ ਬਹਿਸ ਵਿੱਚੋਂ ਬਾਹਰ ਹੈ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਫ਼ੌਰੀ ਮਸਲੇ ਵਿੱਚ ਭਾਵੇਂ ਕੇਂਦਰ ਸਰਕਾਰ ਘਿਰ ਗਈ ਹੈ ਪਰ ਇਸ ਨਾਲ ਸਮੁੱਚੇ ਮਾਹੌਲ ਦੀ ਪੇਚੀਦਗੀ ਅਤੇ ਚਿਰਕਾਲੀ ਤੰਦ ਨਜ਼ਰਅੰਦਾਜ਼ ਹੋ ਗਈ ਹੈ। ਇਸ ਨਾਲ ਦੇਸ਼-ਭਗਤੀ ਦੀ ਸੌੜੀ ਵਿਆਖਿਆ ਪ੍ਰਵਾਨ ਹੁੰਦੀ ਜਾਪਦੀ ਹੈ। ਖੁੱਲ੍ਹਦਿਲੀ ਅਤੇ ਖੁੱਲ੍ਹਨਜ਼ਰੀ ਵਾਲਿਆਂ ਅਦਾਰਿਆਂ ਉੱਤੇ ਹੋ ਰਿਹਾ ਵਿਉਂਤਬੰਦ ਹਮਲਾ ਨਜ਼ਰਅੰਦਾਜ਼ ਹੋ ਗਿਆ ਹੈ। ਜੇ ਇਹ ਮੁਹਿੰਮ ਫ਼ੌਰੀ ਮਸਲਿਆਂ ਦੇ ਨਾਲ-ਨਾਲ ਚਿਰਕਾਲੀ ਮਸਲਿਆਂ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈਂਦੀ ਤਾਂ ਇਸ ਦੀ ਫ਼ੌਰੀ ਕਾਮਯਾਬੀ ਵੀ ਭਾਜਪਾਈਆਂ ਦੀ ਚਿਰਕਾਲੀ ਜਿੱਤ ਹੋਵੇਗੀ। ਜੇ ਫ਼ੌਰੀ ਸੁਆਲ ਕਨ੍ਹੱਈਆ ਕੁਮਾਰ, ਉਮਰ ਖ਼ਾਲਿਦ ਜਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ ਤਾਂ ਚਿਰਕਾਲੀ ਸੁਆਲ ਐੱਸ.ਏ.ਆਰ. ਗਿਲਾਨੀ, ਦੇਸ਼-ਭਗਤੀ ਦੀ ਖੁੱਲ੍ਹਨਜ਼ਰੀ ਤੇ ਖੁੱਲ੍ਹਦਿਲੀ ਵਾਲੀ ਪੜਚੋਲ, ਵਿਦਿਆ ਦੀ ਗ਼ਰੀਬ ਤਬਕੇ ਤੱਕ ਪਹੁੰਚ ਯਕੀਨੀ ਬਣਾਉਣ ਅਤੇ ਇਸ ਦੇ ਵਿਗਿਆਨਕ ਖ਼ਾਸੇ ਨਾਲ ਜੁੜੇ ਹੋਏ ਹਨ।

# ਬਦੇਸ਼ਾਂ ਵਿੱਚ ਤਰਕਸ਼ੀਲਤਾ ਦਾ ਵਧ ਰਿਹਾ ਪ੍ਰਭਾਵ ਅਤੇ ਤਰਕਸ਼ੀਲ ਸੰਸਥਾਵਾਂ ਦੀ ਪਹਿਲ ਕਦਮੀ



ਬਲਵਿੰਦਰ ਬਰਨਾਲਾ

ਤਰਕਸ਼ੀਲ ਸੁਸਾਇਟੀ ਪੰਜਾਬ ਦੀ 1984'ਚ ਸਥਾਪਤੀ ਤੋਂ ਬਾਅਦ ਇਸਦਾ ਪ੍ਰਭਾਵ ਪੰਜਾਬ ਸਟੇਟ ਤੋਂ ਬਾਅਦ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਵੀ ਕਬੂਲਿਆ ਜਾ ਰਿਹਾ। ਸੁਸਾਇਟੀ ਵਲੋਂ ਛਪਦਾ ਤਰਕਸ਼ੀਲ ਰਸ਼ਾਲਾ ਹੁਣ ਹਿੰਦੀ ਅਤੇ ਪੰਜਾਬੀ ਦੋ ਭਾਸ਼ਾਵਾਂ ਵਿੱਚ ਛਪਦਾ ਹੈ ਅਤੇ ਇਹ ਇੰਗਲੈਂਡ, ਕਨੇਡਾ, ਨਿਊਜ਼ੀਲੈਂਡ, ਅਸਟਰੇਲੀਆ, ਇਟਲੀ ਆਦਿ ਬਹੁ ਸਾਰੇ ਦੇਸ਼ਾਂ ਵਿੱਚ ਪੜਿਆ ਜਾ ਰਿਹਾ। 1997 ਵਿੱਚ ਮੇਰੀ ਪਹਿਲੀ ਇੰਗਲੈਂਡ ਫੇਰੀ ਦੌਰਾਨ ਏਸੀਅਨ ਰੈਸ਼ਨਾਲਿਸ਼ਟ ਸੁਸਾਇਟੀ ਗਰੇਟ ਬਰਿਟਨ ਦੀ ਸਥਾਪਨਾਂ ਹੋਈ ਜਿਸਦੇ ਪਹਿਲੇ ਪ੍ਰਧਾਨ ਅੱਛਰ ਸਿੰਘ ਖਰਲਵੀਰ (ਕਵੈਂਟਰੀ) ਅਤੇ ਡਾ: ਹਰੀਸ਼ ਮਲੋਹਤਰਾ ਜਰਨਲ ਸਕੱਤਰ (ਬਰਮਿੰਘਮ) ਬਣੇ। ਇਸਨੇ ਆਪਣੀਆਂ ਬਰਾਂਚਾ ਲੈਸ਼ਟਰ, ਕਵੈਂਟਰੀ, ਡਰਬੀ, ਬਰਮਿੰਘਮ ਅਤੇ ਲੀਡ ਸਹਿਰਾਂ ਵਿੱਚ ਖੋਲੀਆਂ। ਇਸਦੇ ਪਸਾਰੇ ਲਈ ਮੈਂ ਲੰਡਨ ਤੋਂ ਗਲਾਸਗੋ ਅਤੇ ਕਵੈਂਟਰੀ ਤੋਂ ਬਰੇਡਫੋਰਡ ਲੀਡ ਤੱਕ ਖਰਲਵੀਰ ਵਲੋਂ ਪਹਿਲਾਂ ਹੀ ਤਹਿਸੁਦਾ ਪ੍ਰੋਗਰਾਮਾਂ ਵਿੱਚ ਬਤੌਰ ਬੁਲਾਰੇ ਸ਼ਿਰਕਤ ਕੀਤੀ। ਮੈਨੂੰ ਯਾਦ ਹੈ ਕਿ ਇਸਦੇ ਮੁਢਲੇ ਮੈਂਬਰਾਂ ਵਿਚ ਭਗਵੰਤ ਸਿੰਘ, ਲਵਕੇਸ਼ ਪਰਾਸ਼ਰ, ਸਚਦੇਵ ਵਿਰਦੀ, ਤਾਰੀ ਅਟਵਾਲ, ਸੁਰਿੰਦਰ ਵਿਰਦੀ, ਸ਼ੀਰਾ ਬਰਮਿੰਘਮ, ਸੁਰਿੰਦਰ ਔਜ਼ਲਾ, ਦਿਲਬਾਗ ਗਿੱਲ, ਸੋਹਣ ਸਿੰਘ ਸ਼ੀਤਲ, ਤਾਰਾ ਸਿੰਘ ਕੁਕੜਪਿੰਡ (ਜਲੰਧਰ), ਦਵਿੰਦਰ ਨੌਰਾ, ਅੱਛਰ ਸਿੰਘ ਖਰਲਵੀਰ, ਮੋਹਣ ਸਿੰਘ ਕੋਵੈਂਟਰੀ ਆਦਿ ਸਾਥੀ ਸ਼ਾਮਲ ਸਨ। ਜਿਥੇ ਇਹਨਾਂ ਸਾਥੀਆਂ ਨੇ ਇੰਗਲੈਂਡ ਵਿੱਚ ਭਰਵਾਂ ਕੰਮ ਕੀਤਾ ਉਥੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੌਜੂਦਾ ਦਫਤਰ ਲਈ ਜਗ੍ਹਾ ਖਰੀਦਣ ਲਈ ਅਤੇ ਇਸ ਵਲੋਂ ਨਿਕਲਦੇ ਤਰਕਸ਼ੀਲ ਰਸ਼ਾਲੇ ਦੀ ਸਥਾਪਤੀ ਲਈ ਵੀ ਅਹਿਮ ਭੂਮਿਕਾ ਨਿਭਾਈ। ਮੇਰੀ ਦੂਸਰੀ ਫੇਰੀ ਦੌਰਾਨ ਇਸ ਜਗਾ ਵਾਸਤੇ ਜਿਥੇ ਆਰਥਿਕ ਮਦਦ ਦਿੱਤੀ ਉਥੇ ਏਸ਼ੀਅਨ ਰੈਸ਼ਨਾਲਿਸਟ ਸੁਸਾਇਟੀ ਬਰਿਟਨ ਵਲੋਂ ਆਪਣੀਆਂ ਇਕਾਈਆਂ ਵਿਚ ਲੈਕਚਰਰ ਵੀ ਅਯੋਜਤ ਕਰਵਾਏ। ਏਸ਼ੀਅਨ ਰੈਸ਼ਨਾਲਿਸਟ ਸੁਸਾਇਟੀ ਲਗਾਤਰ ਤਰਕਸ਼ੀਲ ਸੈਮੀਨਾਰ ਹਰ ਸਾਲ ਅਯੋਜਤ ਕਰਦੀ ਆ ਰਹੀ ਹੈ। ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਅਤੇ ਲੀਗਲ ਸਲਾਹਕਾਰ ਸਾਥੀ ਹਰਿੰਦਰ ਲਾਲੀ ਅਤੇ ਇਕਾਈ ਬਰਨਾਲਾ ਦੇ ਪ੍ਰਧਾਨ ਜ਼ੋਰ ਖਿਆਲੀ ਦੀ ਆਮਦ ਤੇ ਵੀ ਇਹਨਾ ਸੈਮੀਨਾਰ ਅਯੋਜਤ ਕੀਤੇ। ਇਹ ਸਾਥੀ ਤਰਕਸ਼ੀਲ ਸੁਸਾਇਟੀ ਦੇ ਕੰਮ ਤੋਂ ਇਸ ਕਦਰ ਪ੍ਰਭਾਵਤ ਹੋਏ ਕਿ ਸਾਥੀ ਭਗਵੰਤ ਯੂ ਕੇ ਨੇ ਤਾਂ ਬਰਨਾਲਾ ਵਿਖੇ ਬਣ ਰਹੇ ਤਰਕਸ਼ੀਲ ਕੰਪਲੈਕਸ'ਚ ਬਣ ਰਹੇ ਹਾਲ ਅਤੇ ਪੂਰੇ ਪਰੋਜੈਕਟ ਦੀ ਜ਼ੁਮੇਵਾਰੀ ਲੈਣ ਦੀ ਖ਼ੁਸ਼ੀ ਭਰੀ ਖਬਰ ਕਨੇਡਾ ਵਿਖੇ ਜਦ ਮੈਂ ਅਜੇ ਵੈਨਕੂਵਰ ਵਿਖੇ ਪੁੱਜਿਆ ਹੀ ਸੀ ਦੇ ਦਿੱਤੀ ਅਤੇ ਨਾਲ ਉਹਨਾਂ ਦਾ ਵਡੱਪਣ ਰਿਹਾ ਕਿ ਉਹਨਾ ਕੀ ਦੇਣਾ ਸੀ ਇਸਨੂੰ ਅੱਗੇ ਨਾਂ ਦੱਸਣ ਦੀ ਤਕੀਦ ਵੀ ਕੀਤੀ ਕਿਉਂਕਿ ਉਹਨਾਂ ਦਾ ਨਵੰਬਰ ਮਹੀਨੇ ਹਿੰਦੋਸਤਾਨ ਆਉਣ ਦਾ ਪ੍ਰੋਗਰਾਮ ਸੀ। ਇਸ ਸਬੰਧੀ ਮੈਂ ਵਟਸਐਪ ਤੇ ਸਾਥੀ ਤਰਲੋਚਨ ਜੋ ਇਸ ਭਵਨ ਦੀ ਉਸਾਰੀ ਸਬੰਧੀ ਮੇਰੇ ਸਮੇਤ ਬਣੀ ਕਮੇਟੀ ਦਾ ਮੈਂਬਰ ਹੈ ਨੂੰ ਦੇ ਦਿੱਤੀ। ਮੈਨੂੰ ਯਾਦ ਹੈ ਕਿ ਸੁਸਾਇਟੀ ਲਈ ਪਹਿਲਾ ਕੰਪਿਊਟਰ ਸਾਥੀ ਤਾਰੀ ਅਟਵਾਲ ਨੇ ਹੀ ਲੈਕੇ ਦਿੱਤਾ। ਅੱਜ ਇਹ ਸਾਰੇ ਸਾਥੀ ਤਰਕਸ਼ੀਲਤਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੂਰੇ ਸਰਗਰਮ ਹਨ। ਯੂ ਕੇ ਵਿੱਚ ਅਖਵਾਰੀ ਇਸ਼ਤਿਆਰਾਂ ਰਾਹੀ ਕਿਸਮਤ ਦੱਸਣ ਵਾਲੇ ਅਤੇ ਲੱਖਾਂ ਪੌਂਡ ਕਮਾਉਣ ਵਾਲੇ ਇੱਕ ਅਖੌਤੀ ਸਾਧ ਨੂੰ ਅਦਾਲਤੀ ਪ੍ਰਕਿਰਿਆਂ ਰਾਹੀਂ ਨੌ ਸਾਲ ਦੀ ਸਜ਼ਾ ਦਿਵਾਉਣ ਵਿੱਚ ਸਫਲ ਹੋਏ ਹਨ।

ਦੂਸਰਾ ਨਾਮ ਤਰਕਸ਼ੀਲ ਕਲਚਰਲ ਸੁਸਾਇਟੀ ਵੈਨਕੂਵਰ, ਕੈਨੇਡਾ ਦਾ ਆਉਂਦਾ ਹੈ ਜਿਸਦੀ ਅਗਵਾਈ ਸਾਥੀ ਅਵਤਾਰ ਸਿੰਘ ਗਿੱਲ (ਬਾਈ ਅਵਤਾਰ) ਕਰ ਰਹੇ ਹਨ। ਇਹ ਸਾਥੀ ਹਰ ਸਾਲ ਭਾਰੀ ਖਰਚੇ ਨਾਲ ਇਕ ਤਰਕਸ਼ੀਲ ਮੇਲਾ ਅਯੋਜ਼ਤ ਕਰਦੇ ਹਨ। ਮੈਂ ਅਤੇ ਸਾਥੀ ਰਜਿੰਦਰ ਭਦੌੜ ਇਹਨਾਂ ਮੇਲਿਆਂ ਵਿਚ ਇਹਨਾਂ ਸਾਥੀਆਂ ਦੇ ਸੱਦੇ ਤੇ ਭਾਰਤ ਤੋਂ ਬਤੌਰ ਮੁਖ ਬੁਲਾਰੇ ਵਜੋਂ ਸ਼ਿਰਕਤ ਕਰ ਚੁਕੇ ਹਾਂ। ਮੇਰੀ ਇਹ ਕੈਨੇਡਾ ਦੀ ਤੀਸਰੀ ਫੇਰੀ ਹੈ ਅਤੇ ਤਿੰਨੇ ਵਾਰ ਮੈਨੂੰ ਤਰਕਸ਼ੀਲ ਕਲਚਰਲ ਸੁਸਾਇਟੀ ਵੈਨਕੂਵਰ ਦੇ ਸਾਰੇ ਸਾਥੀਆਂ ਨੂੰ ਸੰਬੋਧਤ ਕਰਨ ਦਾ ਮੌਕਾ ਮਿਲਿਆ। 2005 ਵਿੱਚ ਮੈਂ ਬੈਲ ਆਰਟ ਸੈਂਟਰ ਸਰੀ ਦੇ ਖਚਾ ਖਚਾ ਭਰੇ ਹਾਲ ਵਿਚ ਇਹਨਾਂ ਵਲੋਂ ਅਯੋਜਤ ਮੇਲੇ ਨੂੰ ਸੰਬੋਧਤ ਕੀਤਾ। 2013 ਵਿੱਚ ਇਹਨਾ ਦੇ ਹੀ ਸੱਦੇ ਉਪਰ ਮੈਂ ਇਕ ਹੋਰ ਬੈਂਕਟ ਹਾਲ ਵਿੱਚ ਅਯੋਜਤ 'ਤਰਕਸ਼ੀਲਤਾ ਦੀ ਮੌਜੂਦਾ ਵਿਗਿਆਨਿਕ ਯੁਗ ਵਿੱਚ ਸਾਰਥਿਕਤਾ' ਵਿਸ਼ੇ ਉਪਰ 400 ਤੋਂ ਉਪਰ ਹਾਜ਼ਰੀਨ ਸਰੋਤਿਆਂ ਦੇ ਰੂ ਬ ਰੂ ਹੋਇਆ। ਇਸ ਵਿੱਚ ਐਬਟਫੋਰਡ ਤੋਂ ਸਾਥੀ ਜਗਰੂਪ ਧਾਲੀਵਾਲ (ਸਾਬਕਾ ਪ੍ਰਧਾਨ ਸੁਸਾਇਟੀ), ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਸਭ ਆਪਣੇ ਸਾਥੀਆਂ ਸਮੇਤ ਸ਼ਾਮਲ ਸਨ। ਮੇਰੇ ਖਿਆਲ ਵਿਚ ਕੋਈ ਵੀ ਵੈਨਕੂਵਰ ਇਲਾਕੇ ਦਾ ਤਰਕਸ਼ੀਲ ਸ਼ੁਭਚਿੰਤਕ ਨਹੀਂ ਰਿਹਾ ਹੋਣਾ ਜਿਸ ਨੇ ਇਸ ਤਰਕਸ਼ੀਲ ਸੈਮੀਨਾਰ ਵਿਚ ਸ਼ਿਰਕਤ ਨਾਂ ਕੀਤੀ ਹੋਵੇ। ਇਸ ਵਾਰ 2015 ਦਾ ਤਰਕਸ਼ੀਲ ਮੇਲਾ 13 ਸਤੰਬਰ ਨੂੰ ਸੈਕੰਡਰੀ ਸਕੂਲ ਨਾਰਥ ਡੈਲਟਾ ਸਰੀ ਵਿਖੇ ਅਯੋਜਤ ਕੀਤਾ ਗਿਆ। ਨਾਟਕਾਂ ਦਾ ਅਯੋਜਨ ਅਤੇ ਨਿਰਦੇਸ਼ਨਾ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲੁਧਿਆਣਾ ਦੇ ਸਾਬਕਾ ਸੀਨੀਅਰ ਮੈਂਬਰ ਅਤੇ ਮੌਜੂਦਾ ਜਨਰਲ ਸਕੱਤਰ ਤਰਕਸ਼ੀਲ ਕਲਚਰਲ ਸੁਸਾਇਟੀ ਵੈਨਕੂਵਰ, ਕਨੇਡਾ ਗੁਰਮੇਲ ਗਿੱਲ ਵਲੋਂ ਕੀਤੀ ਗਈ। ਗੁਰਪ੍ਰੀਤ ਭਦੌੜ ਅਤੇ ਬਲਦੇਵ ਭਦੌੜ ਵਲੋਂ ਜਾਦੂ ਦੇ ਸ਼ਾਨਦਾਰ ਟਰਿਕ ਦਿਖਾਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਅਤੇ ਇਹਨਾਂ ਦੀ ਤਰਕਸ਼ੀਲ ਵਿਆਖਿਆ ਕੀਤੀ। ਮੈਂ ਇਸ ਵਿਚ ਬਤੌਰ ਮੁੱਖ ਬੁਲਾਰੇ ਵਜੋਂ ਆਪਣੀ ਹਾਜ਼ਰੀ ਲਵਾਈ। ਮੇਲਾ ਸ਼ਾਨਦਾਰ ਰੂਪ ਵਿੱਚ ਸੰਪੰਨ ਹੋਣ ਤੇ ਸਾਥੀ ਅਵਤਾਰ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਰੇਡੀਓ ਰੈਡ ਐਫ ਦੀ ਨਿੱਘੀ ਹੋਸਟ ਮਨਜੀਤ ਕੰਗ ਵੀ ਇਸ ਵਿਚ ਹਾਜ਼ਰ ਸੀ ਅਤੇ ਮੌਕੇ 'ਤੇ ਹੀ ਉਹਨਾਂ ਤੁਰੰਤ ਮੈਨੂੰ ਤਰਕਸ਼ੀਲਤਾ ਤੇ ਅੰਧਵਿਸ਼ਵਾਸ ਵਿਸ਼ੇ 'ਤੇ ਬੋਲਣ ਲਈ ਅਮੰਤਰਤ ਕੀਤਾ ਅਤੇ ਅਸੀਂ ਇਸ ਵਿਸ਼ੇ ਉਪਰ ਦੋ ਘੰਟੇ ਰੇਡੀਓ ਰਾਹੀਂ ਏਅਰ ਤੇ ਵਿਚਾਰ ਵਟਾਂਦਰਾ ਕੀਤਾ। ਮੇਰੀ ਵੈਨਕੂਵਰ ਫੇਰੀ ਦੌਰਾਨ ਸਾਥੀ ਅਵਤਾਰ ਗਿੱਲ ਹੋਰਾਂ ਵਲੋਂ ਤਰਕਸ਼ੀਲ ਮੈਂਬਰਾਂ ਨਾਲ ਮੀਟਿੰਗ ਸਾਂਝੀਆਂ ਕਰਵਾਈਆਂ ਅਤੇ ਐਬਟਸਫੋਰਡ ਵਿਖੇ ਸਾਥੀ ਜਗਰੂਪ ਧਾਲੀਵਾਲ, ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਵਲੋਂ ਉਥੋਂ ਦੇ ਤਰਕਸ਼ੀਲ ਮੈਬਰਾਂ ਨਾਲ ਮੀਟਿੰਗ ਕਰਵਾਈ ਗਈ। ਮੇਰੀ ਸਟੇਅ ਸਾਥੀ ਗੁਰਸ਼ਰਨ ਗਿੱਲ ਬਰਨਾਲਾ ਪਾਸ ਸੀ ਜਿੰਨਾਂ ਤਰਕਸ਼ੀਲ ਦਫਤਰ ਬਰਨਾਲਾ ਲਈ ਸਬਮਰਸੀਬਲ ਮੋਟਰ 2001 ਵਿਚ ਲਵਾਈ ਸੀ। ਕਾਫੀ ਸਾਥੀਆਂ ਨੇ ਤਰਕਸ਼ੀਲ ਮੈਗਜ਼ੀਨ ਲੰਗੇ ਡੰਗ ਮਿਲਣ ਦੀ ਸ਼ਿਕਾਇਤ ਵੀ ਕੀਤੀ ਅਤੇ ਇਹ ਸ਼ਿਕਾਇਤ ਗੁਰਸ਼ਰਨ ਗਿੱਲ ਦੀ ਵੀ ਸੀ। ਸਾਥੀ ਜਸਵਿੰਦਰ ਹੇਅਰ ਮੀਤ ਪ੍ਰਧਾਨ ਨੇ ਮੇਰੀ ਅਪੀਲ ਤੇ ਪੰਜਾਹ ਹਜਾਰ ਤਰਕਸ਼ੀਲ ਭਵਨ ਲਈ ਵੀ ਦੇਣ ਦਾ ਵੀ ਐਲਾਨ ਕੀਤਾ ਗਿਆ।

ਪ੍ਰੋਗਰੈਸਿਵ ਕਲਚਰਲ ਅਸੋਸੀਏਸ਼ਨ ਕੈਲਗਰੀ, ਕਨੇਡਾ ਵੀ ਕੈਲਗਰੀ ਵਿੱਚ ਤਰਕਸ਼ੀਲ ਸਰਗਰਮੀਆਂ ਕਰਦੀ ਆ ਰਹੀ ਹੈ। ਇਸਦੀ ਅਗਵਾਈ ਕਰਨ ਵਾਲੇ ਮਾਸਟਰ ਭਜਨ ਗਿੱਲ ਤਰਕਸ਼ੀਲ ਇਕਾਈ ਲੁਧਿਆਣਾ ਦੇ ਸੀਨੀਅਰ ਮੈਂਬਰ ਰਹਿ ਚੁਕੇ ਹਨ। ਮਾਸਟਰ ਭਜਨ ਦੀ ਅਗਵਾਈ ਵਿਚ 26 ਸਤੰਬਰ ਨੂੰ ਤਰਕਸ਼ੀਲ ਡਰਾਮਿਆਂ ਦਾ ਅਯੋਜਨ ਕੀਤਾ ਗਿਆ। ਮੇਰੇ ਕੈਲਗਰੀ ਪੁਜਣ ਤੇ ਇਸ ਅਸੋਸੀਏਸ਼ਨ ਵਲੋਂ ਸੈਮੀਨਾਰ ਅਯੋਜਤ ਕੀਤਾ ਗਿਆ। ਮੇਰੇ ਤਰਕਸ਼ੀਲਤਾ ਸਬੰਧੀ ਲੈਕਚਰਰ ਨੂੰ ਸਰੋਤਿਆਂ ਚੰਗਾ ਹੁੰਗਾਰਾ ਦਿੱਤਾ ਅਤੇ ਸਵਾਲ ਜੁਆਬ ਵੀ ਹੋਏ। ਇਸ ਸੈਮੀਨਾਰ ਦੀ ਸਕੱਤਰੀ ਮਾਸਟਰ ਭਜਨ ਦੀ ਹੋਣਹਾਰ ਬੇਟੀ ਕਮਲ ਪੰਧੇਰ ਵਲੋਂ ਬਾਖੂਬੀ ਨਿਭਾਈ ਗਈ। ਇਸ ਵਿਚ ਸ਼ਿਰਕਤ ਕਰਨ ਵਾਲਿਆਂ ਵਿੱਚ ਰੇਡੀਓ ਰੈਡ ਐਫ ਐਮ ਕੈਲਗਰੀ ਦੇ ਹੋਸਟ ਰਿਸ਼ੀ ਨਾਗਰ, ਸਿੱਖ ਵਿਰਸਾ ਦੇ ਐਡੀਟਰ ਹਰਚਰਨ ਪਰਿਹਾਰ, ਟੀ ਵੀ ਹੋਸਟ ਰਮਨਜੀਤ ਸ਼ਾਮਲ ਸਨ। ਸਰੋਕਾਰਾਂ ਦੀ ਅਵਾਜ਼ ਅਖਬਾਰ ਜਿਸਦੇ ਸੰਪਾਦਕ ਅਤੇ ਮਾਲਕ ਸ੍. ਹਰਬੰਸ ਸਿੰਘ ਬਰੈਂਪਟਨ ਹਨ ਅਤੇ ਸਿੱਖ ਵਿਰਸਾ ਦੇ ਐਡੀਟਰ ਹਰਚਰਨ ਪਰਿਹਾਰ ਹਨ। ਇਹ ਦੋਵੇਂ ਅਖਬਾਰ ਵਿਚ ਪ੍ਰੋਗਰੈਸਿਵ ਕਦਰਾਂ ਕੀਮਤਾਂ ਨੂੰ ਸਮਰਪਤ ਅਖਬਾਰ ਹਨ, ਵਿੱਚ ਲਗਾਤਾਰ 'ਸੰਤਾ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ' ਦੇ ਹੈਡਿੰਗ ਅਧੀਨ ਮਾਸਟਰ ਭਜਨ ਵਲੋਂ ਸੁਸਾਇਟੀ ਦੀਆਂ 23 ਸ਼ਰਤਾਂ ਨੂੰ ਬਿਆਨਦਾ ਇਸ਼ਤਿਆਰ ਛਾਪਿਆ ਜਾਂਦਾ ਹੈ।

ਤਰਕਸ਼ੀਲ ਸਰਗਰਮੀਆਂ ਦਾ ਅਗਲਾ ਕੇਂਦਰ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਉਨਟਾਰੀਉ, ਕਨੇਡਾ ਹੈ। ਇਸਦੇ ਸੀਨੀਅਰ ਮੈਂਬਰਾਂ ਵਿੱਚ ਸਾਥੀ ਬਲਰਾਜ ਸ਼ੋਕਰ, ਬਲਦੇਵ ਰਹਿਪਾ, ਡਾ: ਬਲਜਿੰਦਰ ਸੇਖੋਂ, ਨਛੱਤਰ ਬਦੇਸ਼ਾ, ਨਿਰਮਲ ਸੰਧੂ, ਸੁਰਜੀਤ ਸਹੋਤਾ, ਸੋਹਣ ਢੀਂਡਸਾ, ਨਵਕਿਰਨ, ਕੁਲਦੀਪ ਚਾਹਲ, ਹਰਬੰਸ ਮੱਲੀ, ਹਰਜੀਤ ਬੇਦੀ ਆਦਿ ਹਨ। ਡਾ: ਬਲਜਿੰਦਰ ਸੇਖੋਂ ਇਸਦੇ ਪ੍ਰਧਾਨ ਹਨ ਜੋ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਬਤੌਰ ਲੈਕਚਰਰ ਸੇਵਾਵਾਂ ਨਿਭਾ ਚੁਕੇ ਹਨ। ਹੁਣ ਸਾਬਕਾ ਪੀ ਸੀ ਐਮ ਐਸ ਅਧਿਕਾਰੀ ਡਾ: ਹਰਦੀਪ ਲੁਧਿਆਣਾ, ਪਟਿਆਲਾ ਤੋਂ ਸਾਬਕਾ ਟੀ ਐਸ ਪੀ ਮੈਂਬਰ ਮੋਹਨ ਸਿੰਘ ਵੀ ਇਸ ਕਾਫਲੇ ਵਿਚ ਸ਼ਾਮਲ ਹੋ ਰਹੇ ਹਨ। ਹਰ ਸਾਲ ਜਿਥੇ ਇਸ ਸੁਸਾਇਟੀ ਵਲੋਂ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਸਮਰਪਤ ਸੈਮੀਨਾਰ ਅਯੋਜਤ ਕੀਤੇ ਜਾਂਦੇ ਹਨ ਉਥੇ ਤਰਕਸ਼ੀਲ ਨਾਟਕ ਮੇਲਾ ਵੀ ਕਰਵਾਇਆ ਜਾਂਦਾ ਹੈ। 2013 ਦੇ ਤਰਕਸ਼ੀਲ ਮੇਲੇ ਵਿੱਚ ਮੈਂ ਬਤੋਰ ਮੁਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਅਤੇ ਇਸਵਾਰ ਅਯੋਜਤ ਕੀਤੇ ਤਿੰਨ ਸੈਮੀਨਾਰਾਂ ਵਿਚ 'ਤਰਕਸ਼ੀਲਤਾ ਵਿੱਚ ਮਨੋਵਿਗਿਆਨ ਦਾ ਮਹੱਤਵ', 'ਵਿਗਿਆਨਿਕ ਸੋਚ ਅਤੇ ਤਕਨੀਕੀ ਵਿਗਿਆਨ ਵਿਚਲਾ ਫਰਕ', 'ਮਨੋਵਿਗਿਆਨ ਅਤੇ ਬੱਚਿਆਂ ਦਾ ਪਾਲਪੋਸਣ' ਆਦਿ ਵਿਸ਼ਿਆਂ ਤੇ ਚਰਚਾ ਹੋਈ। ਤਰਕਸ਼ੀਲਤਾ ਦੇ ਪ੍ਰਭਾਵ ਨੂੰ ਕਬੂਲਦਿਆਂ ਕਨੇਡੀਅਨ ਪੰਜਾਬੀ ਲੇਖਕਾਂ ਦੀ ਸਭਾਂ 'ਕਨੇਡੀਅਨ ਪੰਜਾਬੀ ਸਾਹਿਤ ਸਭਾ, ਟੋਰੋਂਟੋ ਵਲੋਂ 'ਪੰਜਾਬੀ ਲੇਖਕਾਂ ਦੀ ਮਾਨਸਿਕਤਾ' ਵਿਸ਼ੇ ਉਪਰ ਲੈਕਚਰ ਦੇਣ ਲਈ ਵਿਸ਼ੇਸ ਤੌਰ 'ਤੇ ਨਿਮੰਤਰਨ ਕੀਤਾ ਗਿਆ ਅਤੇ ਤਰਕਸ਼ੀਲਤਾ ਲਈ ਮੇਰੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਵਿਸ਼ੇਸ ਸਨਮਾਨ ਵੀ ਦਿੱਤਾ ਗਿਆ। ਬਰਾਮਪਟਨ ਅਤੇ ਮਿਸੀਸਾਗਾ ਵਿਚ ਮਾਨਸਿਕ ਸਮੱਸਿਆਵਾਂ ਦੇ ਹੱਲ ਅਤੇ ਸਲਾਹ ਲਈ ਬਣੀ ਸੰਸਥਾ ਪੀ ਸੀ ਐਚ ਐਸ ਵਲੋਂ ਵੀ 'ਮਾਨਸਿਕ ਸਮੱਸਿਆਵਾਂ ਅਤੇ ਤਰਕਸ਼ੀਲਤਾ' ਵਿਸ਼ੇ ਉਪਰ ਆਪਣੇ ਕਰਮਚਾਰੀਆਂ ਨੂੰ ਸੰਬੋਧਤ ਹੋਣ ਲਈ ਸੱਦਿਆ ਗਿਆ। ਟੋਰੋਂਟੋ ਵਿਖੇ ਵੱਖ-ਵੱਖ ਮੀਡੀਆ ਚੈਨਲਾਂ, ਰੇਡੀਓ ਪਰੋਗਰਾਮਾਂ ਅਤੇ ਅਖਬਾਰਾਂ ਵਿੱਚ ਲਗਾਤਾਰ ਅੰਧ ਵਿਸ਼ਵਾਸਾਂ ਅਤੇ ਤਰਕਸ਼ੀਲਤਾ ਵਿਸ਼ੇ ਉਪਰ ਚਰਚਾ ਹੁੰਦੀ ਰਹਿੰਦੀ ਹੈ। ਤਰਕਸ਼ੀਲਾਂ ਦੀਆਂ ਭਰਾਤਰੀ ਜਥੇਬੰਦੀਆਂ ਨਾਲ ਲਗਾਤਾਰ ਸਰਗਰਮੀਆਂ ਜਾਰੀ ਹਨ। ਡਾ: ਨਰਿੰਦਰ ਦਬੋਲਕਰ, ਕਾਮਰੇਡ ਪੰਸਾਰੇ ਅਤੇ ਵਾਈਸ ਚਾਂਸਲਰ ਡਾ: ਐਮ ਐਮ ਕੁਲਵਰਗੀ ਦੇ ਹਿੰਦੂ ਰੇਡੀਕਲਾਂ ਵਲੋਂ ਕੀਤੇ ਕਤਲਾ ਖਿਲਾਫ ਵੈਨਕੂਵਰ ਅਤੇ ਟੋਰੋਂਟੋ ਵਿਖੇ ਭਰਵੇਂ ਮੁਜ਼ਾਹਰੇ ਕੀਤੇ ਗਏ। ਹਰ ਸੈਮੀਨਾਰ ਅਤੇ ਤਰਕਸ਼ੀਲ ਮੇਲਿਆਂ ਵਿਚ ਇਹਨਾਂ ਦੀ ਭਰਵੀਂ ਨਿੰਦਿਆ ਕੀਤੀ ਗਈ ਅਤੇ ਮੋਦੀ ਸਰਕਾਰ ਦੇ ਅਸਹਿਣਸ਼ੀਲ ਰਵੱਈਏ ਦੇ ਖੁਲਾਸੇ ਕੀਤੇ ਗਏ। ਭਾਰਤ ਵਿਚ ਵਧ ਰਹੀ ਫਿਰਕੂ ਹਿੰਸਾ ਤੇ ਭਾਰੀ ਚਿੰਤਾ ਜ਼ਾਹਰ ਕੀਤੀ ਗਈ। ਭਾਰਤੀ ਯੂਨੀਵਰਸਿਟੀਆਂ ਵਿਚ ਵਿਰੋਧੀ ਵਿਚਾਰਧਾਰਾ ਰਖਦੇ ਵਿਦਿਆਰਥੀ ਸੰਗਠਨਾਂ ਖਿਲਾਫ ਭਾਰਤੀ ਜਨਤਾ ਪਾਰਟੀ ਦੇ ਰਵੱਈਏ ਦਾ ਭਾਰੀ ਨੋਟਿਸ਼ ਲਿਆਂ ਜਾ ਰਿਹਾ ਹੈ। ਬਦੇਸ਼ੀ ਯੂਨੀਵਰਸਿਟੀਆਂ ਵਲੋਂ ਵੀ ਇਸ ਰਵੱਈਏ ਸਬੰਧੀ ਨਾਰਾਜ਼ਗੀ ਜਾਹਰ ਕੀਤੀ ਜਾ ਰਹੀ ਹੈ।

ਅਸਟਰੇਲੀਆ ਵਿੱਚ ਮਨਜੀਤ ਬੋਪਾਰਾਏ ਅਤੇ ਉਸਦੇ ਸਾਥੀ ਤਰਕਸ਼ੀਲਤਾ ਦੀ ਸਥਾਪਤੀ ਲਈ ਭਰਵਾਂ ਕੰਮ ਕਰ ਰਹੇ ਹਨ ਅਤੇ ਧਰਮਪਾਲ ਨਿਊਜ਼ੀਲੈਂਡ ਵਿਚ ਤਰਕਸ਼ੀਲ ਮੈਗਜੀਨ ਲਗਾਤਾਰ ਲੋਕਾਂ ਵਿਚ ਲਿਜਾ ਰਿਹਾ ਹੈ। ਅਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਤਰਕਸ਼ੀਲ ਸੰਸਥਾਵਾ ਦੀ ਉਸਾਰੀ ਦੀ ਨੇੜ ਭਵਿੱਖ ਵਿੱਚ ਪੂਰੀ ਸੰਭਾਵਨਾ ਹੈ। ਜਿਸ ਲਈ ਸਾਡੇ ਯਤਨਾਂ ਨੂੰ ਬੂਰ ਪੈਣ ਦੀ ਸੰਭਾਵਨਾ ਹੈ।

ਮੁਖੀ ਕੌਮੀ ਅਤੇ ਕੌਮਾਂਤਰੀ ਵਿਭਾਗ
9814732122

## ਪੰਜਾਬ ਦੇ ਨੇਤਾਵਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸਿਆਸੀ ਭ੍ਰਿਸ਼ਟਾਚਾਰ

(ਸ.ਫ਼ਾ 24 ਦੀ ਬਾਕੀ)

ਅਹੁਦਾ ਹਥਿਆ ਸਕਣ। ਪੰਜਾਬ ਦੇ ਕਿੰਨੇ ਹੀ ਡਾਇਰੈਕਟਰ ਜਨਰਲ ਪੁਲਸ ਜਾਂ ਵੱਡੇ ਪੁਲਸ ਪ੍ਰਸ਼ਾਸਕ ਇਹੋ ਜਿਹੇ ਹਨ, ਜਿਹੜੇ ਨੌਕਰੀ ਕਰਨ ਵੇਲੇ ਹੀ ਆਪਣੇ ਲਈ ਚੋਣ ਹਲਕਾ ਚੁਣ ਕੇ ਕੰਮ ਕਰਦੇ ਹਨ ਤੇ ਚੋਣਾਂ ਲੜ ਕੇ ਵਿਧਾਇਕ ਬਣੇ ਜਾਂ ਚੋਣਾਂ ਹਾਰ ਗਏ। ਡੀ ਜੀ ਪੀ ਪਰਮਜੀਤ ਸਿੰਘ ਗਿੱਲ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਸ ਵਫ਼ਾਦਾਰੀ ਦਾ ਇਨਾਮ ਮਿਲਿਆ ? ਕੀ ਇਸੇ ਦਾ ਨਹੀਂ ? ਸਾਬਕਾ ਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਿਆ, ਪਰ ਗਾਇਕ ਮੁਹੰਮਦ ਸਦੀਕ ਹੱਥੋਂ ਚੋਣਾਂ 'ਚ ਹਾਰ ਗਿਆ। ਕੀ ਇੰਜ ਕਰ ਕੇ ਉਸ ਨੇ ਇੱਕ ਇਮਾਨਦਾਰ ਪ੍ਰਸ਼ਾਸਨਕ ਅਧਿਕਾਰੀ ਵਜੋਂ ਕੀਤੇ ਜਾਣ ਵਾਲੇ ਕੰਮਾਂ ਨਾਲ ਦਗ਼ਾਬਾਜ਼ੀ ਨਹੀਂ ਕੀਤੀ, ਜਿਸ ਲਈ ਉਸ ਨੂੰ ਸਾਰੀ ਨੌਕਰੀ ਦੌਰਾਨ ਲੋਕਾਂ ਤੋਂ ਉਗਰਾਹੇ ਟੈਕਸਾਂ 'ਚੋਂ ਤਨਖ਼ਾਹ ਅਤੇ ਵੱਡੀਆਂ ਸਹੂਲਤਾਂ ਦਿੱਤੀਆਂ ਗਈਆਂ ? ਉਸ ਡਿਊਟੀ 'ਚ ਕੀਤੀ ਖਿਆਨਤ, ਉਸ ਨੌਕਰੀ 'ਤੇ ਹਾਜ਼ਰ ਹੋਣ ਵੇਲੇ ਚੁੱਕੀ ਸਹੁੰ ਦੀ ਉਲੰਘਣਾ ਨਹੀਂ ? ਕੀ ਉਹ ਇਸ ਅਪਰਾਧ ਲਈ ਸਜ਼ਾ ਦਾ ਭਾਗੀ ਨਹੀਂ ?

ਇਹੋ ਜਿਹੇ ਮੌਕਾ ਪ੍ਰਸਤ ਅਧਿਕਾਰੀਆਂ ਤੇ ਨੇਤਾਵਾਂ ਵੱਲੋਂ ਕੀਤਾ ਜਾ ਰਿਹਾ ਸਿਆਸੀ ਭ੍ਰਿਸ਼ਟਾਚਾਰ ਕਦਾਚਿਤ ਵੀ ਬਖਸ਼ਣ ਯੋਗ ਨਹੀਂ ਹੈ। ਜਜ਼ਬਿਆਂ ਦੇ ਵਹਿਣ 'ਚ ਵਹਿਣ ਵਾਲੇ ਪੰਜਾਬੀ ਕਿੰਨਾ ਕੁ ਚਿਰ ਇਸ ਕਿਸਮ ਦੀਆਂ ਸਿਆਸੀ ਚਾਲਾਂ ਦਾ ਸ਼ਿਕਾਰ ਹੁੰਦੇ ਰਹਿਣਗੇ ? ਕਿੰਨਾ ਕੁ ਚਿਰ ਸਹਿੰਦੇ ਰਹਿਣਗੇ ਉਹ ਉਹਨਾਂ ਚਾਤੁਰ ਤੇ ਮੌਕਾ ਪ੍ਰਸਤ ਨੇਤਾਵਾਂ ਦੀਆਂ ਚਾਲਾਂ, ਜਿਹੜੇ ਕੁਰਸੀ ਦੀ ਪ੍ਰਾਪਤੀ ਲਈ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ ਅਤੇ ਜਿਹੜੇ ਖੜਿਆਂ ਹੀ ਲੋਕਾਂ ਨੂੰ ਵੇਚਣ ਦੇ ਆਦੀ ਬਣ ਚੁੱਕੇ ਹਨ ?

ਇਸ ਕਿਸਮ ਦੇ ਸਿਆਸੀ ਭ੍ਰਿਸ਼ਟਾਚਾਰ ਨੂੰ ਥੰਮ੍ਹਣ ਲਈ ਆਖ਼ਿਰ ਲੋਕਾਂ ਨੂੰ ਉਨ੍ਹਾਂ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਦੀ ਬੇੜੀ ਦੇ ਸਵਾਰ ਹੋਣਾ ਪਵੇਗਾ, ਜਿਹੜੇ ਲੋਕ-ਹਿੱਤਾਂ ਦੀ ਰਾਖੀ ਲਈ ਆਪਣੇ ਹਿੱਤ ਕੁਰਬਾਨ ਕਰ ਸਕਣ ਦੀ ਸਮਰੱਥਾ ਰੱਖਦੇ ਹੋਣ। ਨਹੀਂ ਤਾਂ ਆਮ ਪੰਜਾਬੀ ਵੀ ਓਨੇ ਹੀ ਕਸੂਰਵਾਰ ਗਿਣੇ ਜਾਣਗੇ, ਜਿੰਨੇ ਕਸੂਰਵਾਰ ਗੱਲਾਂ ਦੇ ਗਲਾਕੜੀ ਸਿਆਸੀ ਭ੍ਰਿਸ਼ਟਾਚਾਰ ਨਾਲ ਓਤ-ਪੋਤ ਨੇਤਾ ਹਨ।

# ਦਲਿਤਾਂ ਨਾਲ ਧੱਕੇਸ਼ਾਹੀ ਕਦੋਂ ਬੰਦ ਹੋਵੇਗੀ?



ਦਰਬਾਰਾ ਸਿੰਘ ਕਾਹਲੋਂ

ਦੇਸ਼ ਆਜ਼ਾਦੀ ਦੇ ਕਰੀਬ 69 ਸਾਲ ਬਾਅਦ ਵੀ ਦਲਿਤਾਂ, ਕਬਾਇਲੀਆਂ, ਪੱਛੜਿਆਂ ਘੱਟ-ਗਿਣਤੀਆਂ, ਦੂਰ-ਦੁਰੇਡੇ ਇਲਾਕਿਆਂ ਦੇ ਲੋਕਾਂ ਨੂੰ ਸੰਵਿਧਾਨ ਅਤੇ ਕਾਨੂੰਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤੀ ਸਰਕਾਰਾਂ, ਸਥਾਪਿਤ ਨਿਜ਼ਾਮ, ਰਾਜਨੀਤਕ ਪਾਰਟੀਆਂ ਅਤੇ ਇੰਨਾ ਦੇ ਆਗੂਆਂ ਵਲੋਂ ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਕ ਖੇਤਰਾਂ ਵਿਚ ਇਨਸਾਫ, ਬਰਾਬਰੀ, ਲੋਕਤੰਤਰੀ ਮੁੱਲਾਂ ਅਤੇ ਖੁੱਲਾਂ ਪ੍ਰਦਾਨ ਨਹੀਂ ਕੀਤੇ ਜਾ ਸਕੇ। ਦੇਸ਼ ਦੀ ਕਰੀਬ ਅੱਧੀ ਅਬਾਦੀ ਦੂਸਰੇ ਦਰਜੇ ਦੇ ਸ਼ਹਿਰੀਆਂ ਵਜੋਂ ਜੀਵਨ ਬਸਰ ਕਰਨ ਲਈ ਮਜਬੂਰ ਹੈ। ਇੰਨਾ ਵਿਚੋਂ 16.6 ਪ੍ਰਤੀਸ਼ਤ ਦਲਿਤ ਅਤੇ 8.6 ਪ੍ਰਤੀਸ਼ਤ ਆਦਿਵਾਸੀ ਤਾਂ ਗੁਲਾਮਾਂ ਨਾਲੋਂ ਵੀ ਬੱਦਤਰ ਜੀਵਨ ਬਸਰ ਕਰਨ ਲਈ ਵਿਵਸ਼ ਹਨ। ਆਧੁਨਿਕ ਜੀਵਨ ਦੀਆਂ ਸਹੂਲਤਾਂ ਤੋਂ ਵਾਂਝੇ ਹਨ। ਸ਼ੁੱਧ ਪਾਣੀ, ਪੱਕਾ ਮਕਾਨ, ਬਿਜਲੀ, ਸੜਕ, ਸਾਫ਼-ਸਫਾਈ, ਮਿਆਰੀ ਵਿਦਿਆ, ਸਿਹਤ ਸੇਵਾਵਾਂ ਅਤੇ ਰੋਜ਼ਗਾਰ ਤੋਂ ਵੰਚਿਤ ਹਨ। ਉਲਟਾ ਲਗਾਤਾਰ ਰਾਜਕੀ, ਸਮਾਜਿਕ, ਜਾਤ-ਪਾਤਵਾਦੀ ਤਸ਼ੱਦਦ ਅਤੇ ਘਿਰਣਾ, ਬੇਇਨਸਾਫੀ ਅਤੇ ਜਬਰ ਦੇ ਸ਼ਿਕਾਰ ਹਨ।

ਵੈਸੇ ਤਾਂ ਇੱਕੀਵੀਂ ਸਦੀ ਦੇ ਵਿਕਾਸਸ਼ੀਲ ਭਾਰਤ ਅੰਦਰ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ, ਫਿਰਕੂ, ਜਾਤ-ਪਾਤਵਾਦੀ ਨਫ਼ਰਤ ਅਤੇ ਜ਼ਬਰ-ਜ਼ੁਲਮ ਹਰ ਰੋਜ਼ ਦਾ ਕਲੰਕਿਤ ਭਰਿਆ ਵਰਤਾਰਾ ਹੈ ਪਰ ਹਾਲ ਹੀ ਵਿਚ ਦਲਿਤ ਨੌਜਵਾਨ, ਹੈਦਰਾਬਾਦ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਰੋਹਿਥ ਵੇਮੁਲਾ ਦੀ ਖ਼ੁਦਕੁਸ਼ੀ ਨੇ ਭਾਰਤੀ ਰਾਜ ਅਤੇ ਸਮਾਜ ਅਤੇ ਰਾਜਨੀਤੀ ਨੂੰ ਇਕ ਭੂਚਾਲ ਦੀ ਤਰ੍ਹਾਂ ਜੜਾਂ ਤਕ ਹਿਲਾ ਕੇ ਰਖ ਦਿਤਾ ਹੈ।

ਇਕ ਦਲਿਤ ਅਤੇ ਗਰੀਬ ਪਰਿਵਾਰ ਦੇ ਫਰਜੰਦ ਰੋਹਿਥ ਮੁਲਾ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਸਮੇਤ ਸਭ ਰਾਜਨੀਤਕ ਪਾਰਟੀਆਂ ਨਾਲ ਸਬੰਧਿਤ ਰਾਜਨੀਤਕ ਆਗੂਆਂ ਨੇ ਸ਼ਰਧਾਂਜਲੀ ਅਰਪਿਤ ਕੀਤੀ। ਪਰ ਜਿਵੇਂ ਕੇਂਦਰੀ ਮਾਨਵ ਸੰਸਾਧਨ ਤਜਰਬਾ ਅਤੇ ਦੂਰ-ਅੰਦੇਸ਼ੀਹੀਨ ਕੇਂਦਰੀ ਮੰਤਰੀ ਬੀਬੀ ਸਿਮਰਤੀ ਇਰਾਨੀ ਨੇ ਇਸ ਮਸਲੇ ਤੇ ਲੀਪਾ-ਪੋਚੀ ਕਰਨ ਦੀ ਕੋਸ਼ਿਸ਼ ਕੀਤੀ ਇਸ ਨੇ ਰਾਸ਼ਟਰੀ ਸਮਾਜਿਕ ਅਤੇ ਸਮਾਜਿਕ ਇਨਸਾਫ਼ ਸਬੰਧੀ ਵਰਤਾਰੇ ਨੂੰ ਢਾਹ ਲਗਾਈ ਹੈ। ਇਵੇਂ ਹੀ ਕੇਂਦਰੀ ਰਾਜ ਮੰਤਰੀ ਸ੍ਰੀ ਭੰਡਾਰੂ ਦੱਤਰਿਆ ਦਾ ਜਿਵੇਂ ਭਰੋਸੇਯੋਗ ਸੂਤਰ ਇਸ ਘਟਨਾ ਵਿਚ ਭੂਮਿਕਾ ਸਬੰਧੀ ਉਂਗਲ ਉਠਾਉਂਦੇ ਹਨ, ਸੱਚਾਈ ਦੇ ਪ੍ਰਗਟਾਵੇ ਲਈ ਉੱਚ ਪੱਧਰੀ ਨਿਰਪੱਖ ਜਾਂਚ ਕਰਾਈ ਜਾਣੀ ਜ਼ਰੂਰੀ ਹੈ।



ਰੋਹਿਥ ਵੇਮੁਲਾ ਦੀ ਆਤਮ ਹੱਤਿਆ ਨੂੰ ਉਸ ਵਲੋਂ ਲਏ 40,000 ਰੁਪਏ ਕਰਜ਼ੇ, ਗੁਰਬੱਤ ਅਤੇ ਇਕੱਲ ਭਰੇ ਪਿਛੋਕੜ ਨਾਲ ਜੋੜ ਕੇ ਰਫ਼ਾ-ਦਫ਼ਾ ਕਰਨਾ ਸਮਾਜ ਵਿਰੋਧੀ ਸ਼ਕਤੀਆਂ ਦਾ ਸ਼ਾਤਰਾਨਾ ਵਰਤਾਰਾ ਹੈ। ਹਕੀਕਤ ਵਿਚ ਜਾਤਪਾਤ ਵਾਦੀ ਜ਼ਬਰ, ਘਿਰਣਾ, ਫਾਸਿਸਟ ਵਰਤਾਰਾ ਇਸ ਲਈ ਜੁਮੇਂਵਾਰ ਹੈ। ਕੇਂਦਰੀ ਮਾਨਵ ਸੰਸਾਧਨ ਮੰਤਰੀ ਬੀਬੀ ਸਿਮਰਤੀ ਇਰਾਨੀ ਨਾਲ ਇਸੇ ਕਰਕੇ ਰਜਗਾ ਦੇ ਭਾਈਵਾਲ ਰਾਜਨੀਤਕ ਆਗੂ ਅਤੇ ਦਲ ਇਸੇ ਕਰਕੇ ਖੜ੍ਹੇ ਹੋਣ ਤੋਂ ਕਿਨਾਰਾ ਕਰ ਗਏ ਜਿਸ ਨੇ ਇਸ ਨੂੰ ਦਲਿਤ-ਗੈਰ ਦਲਿਤ ਟਕਰਾਅ ਦਾ ਮਸਲਾ ਮੰਨਣੋਂ ਇਨਕਾਰ ਕਰ ਦਿਤਾ ਸੀ।

ਰੋਹਿਥ ਵੇਮੁਲਾ ਕਾਰਲ ਸਾਗਨ ਵਾਂਗ ਲੇਖਕ ਬਣਨਾ ਚਾਹੁੰਦਾ ਸੀ ਪਰ ਜ਼ਾਤ-ਪਾਤ ਅਤੇ ਇਸ ਪ੍ਰਤੀ ਘਿਰਣਾ ਇਸ ਦੇ ਆੜੇ ਆ ਗਈ। ਇਵੇਂ ਹੀ ਫਾਂਸੀ ਦੇ ਮਸਲੇ ਤੇ ਰੋਹਿਥ ਵੇਮੁਲਾ ਅਤੇ ਹੋਰ ਚਾਰੇ ਵਿਦਿਆਰਥੀਆਂ ਨੂੰ ਭਾਜਪਾ ਸਬੰਧਿਤ ਏ ਬੀ ਵੀ ਪੀ ਵਿਦਿਆਰਥੀਆਂ ਸੰਗਠਿਨ ਦੇ ਦਬਾਅ ਕਰਕੇ ਯੂਨੀਵਰਸਿਟੀ ਅਧਿਕਾਰੀਆਂ ਮੁਅੱਤਲ ਕਰ ਦਿਤਾ। ਉਨ੍ਹਾਂ ਦੀ ਯੂਨੀਵਰਸਿਟੀ ਕੈਂਪਸ ਅਤੇ ਹੋਸਟਲ ਵਿਚ ਮੌਜੂਦਗੀ ਬੈਨ ਕਰ ਦਿਤੀ ਗਈ। ਹੈਦਰਬਾਦ ਯੂਨੀਵਰਸਿਟੀ ਵਿਚ ਏ.ਬੀ.ਵੀ.ਪੀ. ਅਤੇ ਅੰਬੇਦਕਰਵਾਦੀ ਵਿਦਿਆਰਥੀ ਲਹਿਰ ਵਿਚ ਟਕਰਾ ਅਕਸਰ



ਹੁੰਦੇ ਰਹਿੰਦੇ ਹਨ। ਏ.ਬੀ.ਵੀ.ਪੀ. ਅਤੇ ਸੰਘਪਰਿਵਾਰ ਦੇ ਦਬਾਅ ਕਰਕੇ ਮਦਰਾਸ ਆਈ.ਆਈ.ਟੀ. ਵਿਖੇ ਅੰਬੇਦਕਰ ਪੈਰੀਯਾਰ ਸਟੱਡੀ ਸਰਕਲ ਬੰਦ ਕਰ ਦਿਤਾ ਗਿਆ। ਇਸ ਕਾਰਵਾਈ ਨੇ ਦਲਿਤ ਵਰਗ ਅੰਦਰ ਗੁੱਸੇ ਦੀ ਲਹਿਰ ਪੈਦਾ ਕਰ ਦਿਤੀ।

ਵੇਮੁਲਾ ਸਬੰਧੀ ਕੁਝ ਲੋਕਾਂ ਨੇ ਇਸ ਜਾਤੀ ਨੂੰ ਪੱਥਰ ਤੋੜਨ ਵਾਲੀ ਪੱਛੜੀ ਜਾਤੀ ਕਰਾਰ ਦੇ ਕੇ ਮੁੱਦੇ ਨੂੰ ਗਲਤ ਰੰਗਤ ਦੇਣੀ ਦੀ ਸੋਸੇਬਾਜ਼ੀ ਦਾ ਸਹਾਰਾ ਲਿਆ। ਪਰ ਸੋਚਣ ਅਤੇ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਅਜਿਹਾ ਕਰਨ ਨਾਲ ਅਪਰਾਧ ਮਿੱਟ ਸਕੇਗਾ?

ਇਸ ਦੇਸ਼ 'ਚ ਇਹ ਕੀ ਹੋ ਰਿਹਾ ਹੈ? ਦਲਿਤਾਂ, ਪੱਛੜਿਆਂ, ਘੱਟ-ਗਿਣਤੀਆਂ ਨਾਲ ਬੇਇਨਸਾਫ਼ੀ ਹੋ ਰਹੀ ਹੈ, ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਸਮਾਜਿਕ ਇਨਸਾਫ਼, ਵਿਕਾਸ, ਵਧੀਆ ਜਨਤਕ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਇਸ਼ਤਿਹਾਰਾਂ, ਗਲਤ ਅੰਕੜਿਆਂ, ਗੋਬਲਜ਼ ਪ੍ਰਾਪੇਗੰਡੇ ਰਾਹੀਂ ਝੂਠੇ ਦਾਅਵੇ ਕਰ ਰਹੀਆਂ ਹਨ।

ਭਾਜਪਾ ਦੀ ਅਗਵਾਈ ਵਾਲੀ ਮਹਾਂਰਾਸ਼ਟਰ ਸਰਕਾਰ ਜਿਸ ਵਿਚ ਸ਼ਿਵ ਸੈਨਾ ਵੀ ਭਾਈਵਾਲ ਹੈ, ਨੇ ਰਾਜ ਅੰਦਰ ਸਫ਼ਾਈ ਕਰਮਚਾਰੀਆਂ ਦੀਆਂ ਸਾਰੀਆਂ ਨੌਕਰੀਆਂ ਨੂੰ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਰਾਖ਼ਵਾਂ ਕਰ ਦਿਤਾ ਹੈ। ਇਹ ਫੈਸਲਾ ਮਨੂੰਵਾਦੀ ਨੀਤੀ ਦਾ ਆਧੁਨਿਕ ਭੇਦ-ਭਾਵ ਭਰਿਆ ਸ਼ਰਮਨਾਕ ਨਮੂਨਾ ਹੈ। ਕੀ ਸਫਾਈ ਕਰਨਾ, ਗੰਦ ਢੋਣਾ ਸਿਰਫ ਦਲਿਤਾਂ ਦਾ ਕੰਮ ਹੈ? ਇਸ ਦੇਸ਼ ਅੰਦਰ ਸੀਵਰੇਜ਼ ਦੀ ਸਫ਼ਾਈ ਕਰਨ ਵਾਲੇ ਦਲਿਤ ਕਾਮੇ ਆਏ ਦਿਨ ਗੈਸ ਚੜ੍ਹਨ, ਟੀ.ਬੀ., ਹੈਪਾਟਾਈਟਿਸ, ਸਾਹ ਦੇ ਰੋਗਾਂ, ਅੰਨੇਪਣ ਦਾ ਸ਼ਿਕਾਰ ਹੋ ਰਹੇ ਹਨ, ਕਈ ਮੌਤ ਦੇ ਮੂੰਹ ਵਿਚ ਪੈ ਰਹੇ ਹਨ ਪਰ ਸਰਕਾਰਾਂ ਜੋ ਆਏ ਦਿਨ ਤਰੱਕੀ, ਆਧੁਨਿਕ ਮਸ਼ੀਨਰੀ ਨਹੀਂ ਮੰਗਵਾ ਰਹੀਆਂ ਤਾਂ ਕਿ

ਉਨ੍ਹਾਂ ਨੂੰ ਗੰਦੇ ਨਾਲੇ ਵਿਚ ਵੜਨਾ, ਤੁਰਨਾ, ਰੀਂਗਣਾ ਨਾ ਪਵੇ। ਦਾ ਪ੍ਰੋਹਿਬਸ਼ਨ ਆਫ਼ ਇੰਪਲਾਇਮੈਂਟ ਐਜ਼ ਮੈਨੂਅਲ ਸਕੈਵੈਂਜਰ ਐਂਡ ਦੇਅਰ ਰੀਹੈਬਲੀਟੇਸ਼ਨ ਐਕਟ, 2013 ਕਿਸੇ ਵੀ ਸਫਾਈ ਕਰਮਚਾਰੀ ਨੂੰ ਸੈਪਟਿਕ ਟੈਂਕ ਅਤੇ ਸੀਵਰੇਜ ਦੀ ਸਫ਼ਾਈ ਕਰਨੋਂ ਮਨਾ ਕਰਦਾ ਹੈ। ਮੈਲਾ ਸਾਫ ਕਰਨ ਅਤੇ ਚੋਣ ਤੇ ਪਾਬੰਦੀ ਆਇਦ ਕੀਤੀ ਹੋਈ ਹੈ। ਮਾਣਯੋਗ ਸੁਪਰੀਮ ਕੋਰਟ ਨੇ ਸਹੀ ਸੁਰਖਿਆ ਬਗੈਰ ਸੀਵਰੇਜ ਲਾਈਨ ਸਾਫ਼ ਕਰਨ, ਇਥੋਂ ਤਕ ਕਿ ਐਮਰਜੈਂਸੀ ਵੇਲੇ ਮਨਾਹੀ ਕੀਤੀ ਹੋਈ ਹੈ। ਜੇ ਕੋਈ ਅਜਿਹਾ ਕਰਵਾਉਂਦਾ ਪਕੜਿਆ ਗਿਆ ਤਾਂ ਉਸ ਨੂੰ 10 ਲੱਖ ਰੁਪਏ ਮੁਆਵਜ਼ਾ ਅਦਾ ਕਰਨਾ ਪਵੇਗਾ। 5 ਲੱਖ ਰੁਪਏ

(ਬਾਕੀ ਸਫ਼ਾ 29 'ਤੇ)

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

Nachhater Singh Badesha
Sales Representative
Home Life/ United Realty Inc., Brokerage
290 Drew Rd. Unit #215
Mississauga ON L4T 0A7

Dir: 647.267.3397
Off: 905.672.1234
Fax: 905.672.0672
E-mail: nbadesha@yahoo.ca
Higher Standars Agents.... Higher Results

SUPERVISA & LIFE INSURANCE
• RESP (with govt. grants & extra bonus)
• VISITORS INSURANCE
• TRAVEL INSURANCE
• DISABILITY INSURANCE
• RRSP & TFSA

RAVINDERJIT BASRA
416-845-6232
www.ravinderjitbasra.com
INSURANCE
* Auto * Home
* Commercial
* Business
Call us for lowest rates
FIVE STAR

Harleen Basra
416-817-1600
leena.basra@gmail.com



SHERJANG SINGH RANA
Lic. # M14002019
416.910.9000
www.punjabinsurance.ca
rana@punjabinsurance.ca

ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ ਮਿਲੇਗਾ

- Minimum Investment $ 30,000
- Available to cash and registered plans including RRSP, RESP, LIRA, TFSA

Earn 8-10% Interest Annually

FMP




●TFSA ●RRSP ●CASH

YOU CAN GET 8-10% FIXED ANNUAL RETURN

DIVERSIFY INTO REAL ESTATE
Through a Syndicate Mortgage




Investment Example

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

Disclaimer: Fortress Real Capital is a product offered by FMP Mortgage Investments (FSCO Licence 12773). Fortress Real Capital transactions are all closed by Centro Mortgage Inc. (FSCO Lic. # 10102) unless specifically noted otherwise. This product is available to Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.